# ਸਮਾਜਿਕ ਪ੍ਰਭਾਵ ਮੁਲਾਂਕਣ(ਐਸ.ਆਈ.ਏ.)

## "ਦੱਖਣ ਮਾਰਗ ਤੋਂ ਪੀ. ਆਰ. 4 ਰੋਡ ਯੂ.ਟੀ./ ਪੰਜਾਬ ਹੱਦ ਤੱਕ ਕੁਨੈਕਟਿਵਿਟੀ ਅਤੇ ਨਿਰਮਾਣ"

## (ਪੰਜਾਬੀ ਪ੍ਰਤੀਰੂਪ)

ਸੌਂਪਿਆ ਗਿਆ - ਜ਼ਮੀਨ ਪ੍ਰਾਪਤੀ ਅਧਿਕਾਰੀ, ਯੂ ਟੀ, ਚੰਡੀਗੜ

ਫੰਡ ਦਿੱਤਾ:

ਜ਼ਮੀਨ ਪ੍ਰਾਪਤੀ ਅਧਿਕਾਰੀ

ਚੰਡੀਗੜ ਪ੍ਰਸ਼ਾਸਨ

ਯੂ.ਟੀ.

ਚੰਡੀਗੜ

ਦੁਆਰਾ ਕੀਤਾ:

ਐਸ.ਆਈ.ਏ. ਟੀਮ

ਮਾਨਵ ਵਿਗਿਆਨ ਵਿਭਾਗ

ਪੰਜਾਬ ਯੂਨੀਵਰਸਿਟੀ

ਚੰਡੀਗੜ

## ਪ੍ਰੋਜੈਕਟ ਟੀਮ

**ਪ੍ਰਮੁੱਖ ਸਲਾਹਕਾਰ**

ਪ੍ਰੋ. ਏ. ਕੇ. ਸਿਨਹਾ

**ਸਲਾਹਕਾਰ**

ਪ੍ਰੋ. ਆਰ. ਕੇ. ਪਾਠਕ

ਪ੍ਰੋ. (ਸ੍ਰੀਮਤੀ) ਇੰਦੂ ਤਲਵਾਰ

ਪ੍ਰੋ. ਰਾਜਨ ਗੌੜ

ਪ੍ਰੋ. ਅਭੀਕ ਘੋਸ਼

ਡਾ. ਕੇਵਲ ਕ੍ਰਿਸ਼ਨ (ਵਿਭਾਗ ਮੁੱਖੀ)

ਡਾ. (ਮਿਸ) ਗਾਈਤਰੀ ਪਦਮਾਨਾਥਨ

ਡਾ. (ਮਿਸ) ਮਨਿੰਦਰ ਕੌਰ

ਡਾ. ਰਮੇਸ਼ ਸਾਹਨੀ

ਡਾ. ਜੇ. ਐੱਸ. ਸ਼ੇਰਾਵਤ

**ਖੋਜ ਸਹਿਯੋਗੀ**

ਡਾ. ਰੁੱਚੀ ਸ਼ਰਮਾ

**ਪ੍ਰੋਜੈਕਟ ਸਹਾਇਕ**

ਸਚਿਨ ਪੂਨੀਆ

ਰਿਤੂ ਪੋਖਰਿਯਾਲ

## ਧੰਨਵਾਦ ਦੇ ਪਾਤਰ

ਇਹ ਖੋਜ ਅਧਿਐਨ ਵੱਖ-ਵੱਖ ਹਿੱਸੇਦਾਰਾਂ ਤੋਂ ਮਿਲੇ ਸਹਿਯੋਗ ਅਤੇ ਤਾਲਮੇਲ ਦਾ ਨਤੀਜਾ ਹੈ ਜੋ ਸਾਡੇ ਸ਼ੁਕਰਾਨੇ ਅਤੇ ਕਦਰ ਦੇ ਹੱਕਦਾਰ ਹਨ|

ਸਭ ਤੋਂ ਪਹਿਲਾਂ, ਅਸੀਂ ਇਸ ਪ੍ਰੋਜੈਕਟ ਦਾ ਸਮਾਜਿਕ ਪ੍ਰਭਾਵ ਮੁਲਾਂਕਣ ਦਾ ਕੰਮ ਮਾਨਵ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਸੌਂਪਣ ਲਈ ਅਤੇ ਇਸ ਅਧਿਐਨ ਦੇ ਦੌਰਾਨ ਸਾਰੀ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਸ਼੍ਰੀ. ਅਜੀਤ ਬਾਲਾਜੀ ਜੋਸ਼ੀ (ਆਈ.ਏ.ਐਸ-ਡਿਪਟੀ ਕਮਿਸ਼ਨਰ ਚੰਡੀਗੜ੍ਹ), ਸ਼੍ਰੀ ਅਰਜੁਨ ਸ਼ਰਮਾ (ਆਈ.ਏ.ਐਸ-ਐਲ.ਏ. ਓ) ਅਤੇ ਸ਼੍ਰੀ ਦਿਨੇਸ਼ (ਤਹਿਸੀਲਦਾਰ) ਦਾ ਧੰਨਵਾਦ ਕਰਦੇ ਹਾਂ|

ਅਸੀਂ ਸ਼੍ਰੀਮਤੀ ਫਰਮਿਲਾ (ਕੌਂਸਲਰ), ਸ਼੍ਰੀ ਸੁਰੇਸ਼ ਕੁਮਾਰ (ਨਾਇਬ-ਤਹਿਸੀਲਦਾਰ), ਸ਼੍ਰੀ ਮੱਖਣ (ਕਾਨੂੰਗੋ) ਸ਼੍ਰੀ ਰਾਜਿੰਦਰ ਸਿੰਘ (ਪਟਵਾਰੀ), ਸ. ਕੁਲਦੀਪ ਸਿੰਘ ਸੰਧੂ (ਸਰਪੰਚ) ਅਤੇ ਸ਼੍ਰੀ ਜੈ ਪ੍ਰਕਾਸ਼ (ਨੰਬਰਦਾਰ) ਦਾ ਅੰਕੜੇ ਇਕੱਤਰ ਕਰਨ ਦੌਰਾਨ, ਪਿੰਡ ਦੇ ਨਿਵਾਸੀਆਂ ਅਤੇ ਐਸ.ਆਈ.ਏ. ਟੀਮ ਵਿਚਕਾਰ ਤਾਲਮੇਲ ਸਥਾਪਿਤ ਕਰਨ ਲਈ ਧੰਨਵਾਦੀ ਹਾਂ| ਇਹ ਅਧਿਐਨ ਇਹਨਾਂ ਦੇ ਸਹਿਯੋਗ ਅਤੇ ਯੋਗਦਾਨ ਦੇ ਬਿਨਾਂ ਸੰਭਵ ਨਹੀਂ ਸੀ|

ਐਸ.ਆਈ.ਏ. ਨੂੰ ਸੈਕੰਡਰੀ ਅੰਕੜੇ ਟੀਮ ਪ੍ਰਦਾਨ ਕਰਨ ਲਈ ਅਸੀਂ ਪਿੰਡ ਡੱਡੂ ਮਾਜਰਾ ਅਤੇ ਪਿੰਡ ਧਨਾਸ ਦੇ ਆਂਗਣਵਾੜੀ ਵਰਕਰਾਂ ਦੇ ਬਹੁਤ ਸ਼ੁਕਰਗੁਜ਼ਾਰ ਹਾਂ|

ਮਾਨਵ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ ਦੇ ਸਾਰੇ ਅਧਿਆਪਕ ਅਤੇ ਸਟਾਫ ਮੈਂਬਰ, CAS-II, DST-PURSE, ਡਾ. ਰਮਨਜੀਤ ਕੌਰ ਜੌਹਲ; ਆਨਰੇਰੀ ਡਾਇਰੈਕਟਰ ਅਤੇ ਸਹਿਯੋਗੀ ਸਟਾਫ਼; ਰਿਸਰਚ ਪ੍ਰਮੋਸ਼ਨ ਸੈਲ (RPC) ਅਤੇ ਫੰਡ ਤੇ ਹੋਰ ਲੋੜੀਂਦੀਆਂ ਸਹੂਲਤਾਂ ਨੂੰ ਸਮੇਂ ਸਿਰ ਪ੍ਰਦਾਨ ਕਰਨ ਲਈ ਸੀ.ਆਈ.ਆਈ.ਪੀ.ਪੀ. (CIIPP) ਦੇ ਆਨਰੇਰੀ ਡਾਇਰੈਕਟਰ ਅਤੇ ਸਹਿਯੋਗੀ ਸਟਾਫ਼ ਦਾ ਦਿਲੋਂ ਧੰਨਵਾਦ|

ਅਧਿਐਨ ਵਿਚ ਵੱਖ-ਵੱਖ ਪੜਾਵਾਂ ਦੇ ਸੰਦਰਭ ਵਿਚ ਅਸੀਂ ਸਮਾਜਕ ਪ੍ਰਭਾਵ ਮੁਲਾਂਕਣ (ਐਸ.ਆਈ.ਏ) ਮੋਡੀਊਲ ਦੀ ਵਰਤੋਂ ਕੀਤੀ ਹੈ ਜਿਸ ਦੇ ਲਈ ਅਸੀਂ ਇਮਾਨਦਾਰੀ ਨਾਲ ਭਾਰਤ ਦੇ ਮਾਨਵ ਵਿਗਿਆਨ ਸਰਵੇਖਣ ਕੋਲਕਤਾ ਦੇ ਧੰਨਵਾਦੀ ਹਾਂ|

ਸਾਡੇ ਨਾਲ ਗੱਲਬਾਤ ਕਰਨ ਅਤੇ ਜਾਣਕਾਰੀ ਇਕੱਠੀ ਕਰਨ ਦੇ ਦੌਰਾਨ ਸਾਨੂੰ ਘਰੇਲੂ ਮਾਹੌਲ ਪ੍ਰਦਾਨ ਕਰਨ ਲਈ, ਸਾਰੇ ਪਿੰਡਾਂ ਵਾਸੀਆਂ, ਸਾਂਝੇਦਾਰਾਂ ਅਤੇ "ਪੇਂਡੂ ਸੰਘਰਸ਼ ਕਮੇਟੀ" ਦੇ ਮੈਂਬਰਾਂ ਦਾ ਦਿਲੋਂ ਧੰਨਵਾਦ ਕਰਦੇ ਹਾਂ| ਉਨ੍ਹਾਂ ਦੇ ਸਮਰਥਨ, ਸਹਿਯੋਗ ਅਤੇ ਸਮੇਂ ਨਿਵੇਸ਼ ਦੇ ਨਾਲ ਹੀ ਇਹ ਪ੍ਰੋਜੈਕਟ ਸਫਲ ਹੋ ਸਕਿਆ ਹੈ |

ਐਸ.ਆਈ.ਏ. ਟੀਮ

# ਰਿਪੋਰਟ ਸਮੱਗਰੀ/ ਤਤਕਰਾ


**ਸਾਰਣੀ ਸੂਚੀ**

**ਚਿੱਤਰ ਦੀ ਸੂਚੀ**

**ਤਸਵੀਰਾਂ ਦੀ ਸੂਚੀ**

**ਅਨੁਲੱਗ ਦੀ ਸੂਚੀ**

**ਅਧਿਆਇ 1 ਰਿਪੋਰਟ ਬਾਰੇ ਜਾਣ-ਪਛਾਣ 1**

1.1 ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ) ਕਰਵਾਉਣ ਦੇ ਲਾਭ 3

1.2 ਐਸ. ਆਈ.ਏ. ਦੀਆਂ ਜਿੰਮੇਵਾਰੀਆਂ 4

1.3 ਪ੍ਰੋਜੈਕਟ ਵਿਸਤਾਰ- ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ -39 ਚੰਡੀਗੜ (ਪੀ.ਆਰ. - 4) 5

1.4 ਪ੍ਰੋਜੈਕਟ ਦੇ ਲਾਭ 6

1.5 ਪ੍ਰੋਜੈਕਟ ਦਾ ਢਾਂਚਾ 7

1.6 ਪ੍ਰੋਜੈਕਟ ਦੀ ਸਮਾਂ-ਸੀਮਾ 8

1.7 ਰਿਪੋਰਟ ਦੀ ਸੰਸਥਾ / ਬਣਤਰ 11

**ਅਧਿਆਇ 2 ਖੋਜ ਵਿਧੀ 15**

2.1 ਪ੍ਰੋਜੈਕਟ ਦੇ ਸੰਬੰਧ ਵਿੱਚ ਸੂਚਨਾ 16

2.2 ਪ੍ਰੋਜੈਕਟ ਦੀ ਸਕ੍ਰੀਨਿੰਗ 16

2.3 ਅਧਿਐਨਾਂ ਦੇ ਸਾਧਨਾਂ/ ਇੰਟਰਵਿਊ ਅਨੁਸੂਚੀ ਦੀ ਤਿਆਰੀ 18

2.4 ਪਾਇਲਟ/ ਮੁਢਲਾ ਅਧਿਐਨ- ਅਧਿਐਨ ਵਿਧੀ / ਇੰਟਰਵਿਊ ਅਨੁਸੂਚੀ ਦੀ ਪ੍ਰਮਾਣਿਕਤਾ 19

2.5 ਪ੍ਰਾਇਮਰੀ ਅਤੇ ਸੈਕੰਡਰੀ ਸਰੋਤਾਂ ਦੁਆਰਾ ਅੰਕੜੇ ਇਕੱਤਰ ਕਰਨਾ 20

2.6 ਜਨਤਕ ਸੁਣਵਾਈ 30

2.7 ਵਿਸ਼ਲੇਸ਼ਣ ਅਤੇ ਰਿਪੋਰਟ ਲਿਖਣਾ 32

**ਅਧਿਆਇ 3 ਖੇਤਰ ਦਾ ਭੂਗੋਲਿਕ ਵਰਨਣ** **35**

3.1. ਚੰਡੀਗੜ੍ਹ ਦਾ ਵੇਰਵਾ 36
3.1.1. ਭੂਗੋਲ 36
3.1.2. ਸਥਾਨਕ ਮੌਸਮ 37
3.1.3. ਵਰਖਾ ਦਰ 38
3.1.4. ਮਿੱਟੀ ਦੀ ਕਿਸਮ 38
3.1.5. ਮੁਖ ਅਤੇ ਹੋਰ ਫ਼ਸਲਾਂ 39
3.1.6. ਜੰਗਲੀ ਜੀਵਨ 39
3.1.7. ਬਨਸਪਤੀ 40
3.1.7.1. ਫਲਦਾਰ ਦਰਖਤ 40
3.1.7.2 ਲੱਕੜ ਵਾਲੇ ਦਰਖਤ 40
3.1.7.3 ਚਾਰੇ ਵਾਲੇ ਦਰਖਤ 40
3.1.7.4 ਹੋਰ ਦਰੱਖਤ 41
3.2 ਚੰਡੀਗੜ੍ਹ ਦੇ ਪਿੰਡਾਂ ਦਾ ਵੇਰਵਾ 41
3.2.1 ਪਿੰਡਾਂ ਦੀ ਭੂਗੋਲਿਕ ਸਥਿਤੀ 42
3.2.2 ਜਨ ਅੰਕੜਿਆਂ ਅਨੁਸਾਰ ਡੱਡੂ ਮਾਜਰਾ ਪਿੰਡ ਦਾ ਵੇਰਵਾ 42
3.2.3 ਧਨਾਸ ਪਿੰਡ ਦੇ ਜਨ ਅੰਕੜਿਆਂ ਦੇ ਵੇਰਵਾ 43
3.2.4 ਆਵਾਜਾਈ ਅਤੇ ਸੰਚਾਰ ਸਹੂਲਤਾਂ 45
3.2.5 ਆਰਥਿਕ ਗਤੀਵਿਧੀਆਂ 45
3.2.6 ਪਿੰਡ ਦੇ ਤਾਲਾਬ 46

**ਅਧਿਆਇ 4 ਸਮਾਜਿਕ ਬਣਤਰ** **49**

4.1 ਨਸਲੀ ਬਣਤਰ 50
4.1.1 ਧਰਮ 50
4.1.2 ਪ੍ਰੋਜੈਕਟ ਅਧੀਨ ਪਰਿਵਾਰਾਂ ਵਿਚ ਪ੍ਰਭਾਵੀ ਗੋਤਰ 51
4.1.3 ਸਮਾਜਿਕ ਸ੍ਰੇਣੀ 52

4.2 ਰੋਜ਼ਾਨਾ ਦੀਆਂ ਜਰੂਰਤਾਂ / ਸਹੂਲਤਾਂ ਦੀ ਉਪਲੱਬਧਤਾ 53

4.2.1 ਸਿੱਖਿਆ ਸੰਸਥਾਨ 53

4.2.2 ਸਿਹਤ ਕੇਂਦਰ 55

4.2.3 ਪ੍ਰਬੰਧਕੀ ਕੇਂਦਰ 57

4.2.4 ਆਵਾਜਾਈ ਸਹੂਲਤਾਂ 57

4.2.5 ਮਾਰਕੀਟ 58

4.3 ਮੁੱਢਲੀਆਂ ਸਹੂਲਤਾਂ ਤਕ ਪਹੁੰਚ 58

4.3.1 ਪੀਣ ਵਾਲ਼ੇ ਪਾਣੀ ਦੀ ਸਪਲਾਈ 59

4.3.2 ਸਿੰਚਾਈ ਲਈ ਪਾਣੀ 59

4.3.3 ਬਿਜਲੀ 59

4.3.4 ਨਿਕਾਸ ਅਤੇ ਸਾਫ ਸਫਾਈ 59

4.3.5 ਖਾਣਾ ਪਕਾਉਣ ਦੇ ਸਾਧਨ 60

4.3.6 ਘਰੇਲੂ ਸੰਪਤੀ 60

4.4 ਲੋਕਾਂ/ਗੋਤ੍ਰ/ਸਮੂਹਾਂ ਵਿਚ ਸਮਾਜਿਕ-ਰਾਜਨੀਤਿਕ ਸ਼ਕਤੀ ਦੀ ਵੰਡ 62

4.5 ਸੱਭਿਆਚਾਰਕ ਰੀਤੀ ਰਿਵਾਜ 62

4.6 ਮੌਲਿਕ/ਮੁੱਢਲੇ ਅਤੇ ਹੋਰ ਅਧਿਕਾਰ 65

**ਅਧਿਆਇ 5 ਪ੍ਰਭਾਵਿਤ ਜਨਸੰਖਿਆ: ਜਨਅੰਕੜੇ (ਡੈਮੋਗੈਰਫਿਕ) ਅਤੇ ਸਮਾਜਿਕ- ਆਰਥਿਕ ਪ੍ਰੋਫਾਈਲ 66**

5.1. ਆਮ ਜਾਣਕਾਰੀ 66

5.2. ਪ੍ਰਜੈਕਟ ਪ੍ਰਭਾਵਿਤ ਪਿੰਡਾਂ ਦੇ ਉਤਾਰਦਾਤਾਵਾਂ (ਪੀ.ਏ.ਐੱਫ) ਦੀ ਪਿੰਡਾਂ ਅਨੁਸਾਰ ਵੰਡ 66

5.3. ਉੱਤਰਦਾਤਾਵਾਂ ਦੀ ਪਰਿਵਾਰਿਕ ਜਾਣਕਾਰੀ 67

5.3.1 ਉੱਤਰਦਾਤਾਵਾਂ ਦੀ ਉਮਰ ਅਨੁਸਾਰ ਵੰਡ 67

5.3.2 ਉੱਤਰਦਾਤਾਵਾਂ ਦੀ ਲਿੰਗ ਅਨੁਸਾਰ ਵੰਡ 69

5.3.3 ਪ੍ਰਭਾਵਿਤ ਪਿੰਡਾਂ ਤੋਂ ਉੱਤਰਦਾਤਾਵਾਂ ਦੀ ਵਿਵਾਹਿਕ ਸਥਿਤੀ 69

5.4 ਉੱਤਰਦਾਤਾਵਾਂ ਦੀ ਪਰਿਵਾਰਿਕ ਕਿਸਮ ਅਤੇ ਪਰਿਵਾਰਿਕ ਆਕਾਰ 70

5.4.1 ਪਰਿਵਾਰਿਕ ਕਿਸਮ 70

5.4.2. ਪਰਿਵਾਰਿਕ ਆਕਾਰ 72

5.5 ਵਿਦਿਅਕ ਸਥਿਤੀ 73
5.6 ਘਰ ਦਾ ਵੇਰਵਾ 73
5.6.1 ਘਰ ਦੀ ਕਿਸਮ 74
5.6.2 ਮੰਜ਼ਲਾਂ ਦੀ ਗਿਣਤੀ 74
5.6.3 ਕਮਰਿਆਂ ਦੀ ਗਿਣਤੀ 74
5.6.4 ਸਾਫ ਸਫਾਈ/ ਸੈਨੀਟੇਸ਼ਨ 75
5.7 ਪਸ਼ੂ ਪਾਲਣ ਦੀ ਜਾਣਕਾਰੀ 76
5.7.1 ਪਸ਼ੂ ਧਨ 77
5.8 ਆਰਥਿਕ ਸਥਿਤੀ 78
5.8.1 ਪੇਸ਼ਾ ਸਾਰਣੀ 78
5.8.2 ਮਾਸਿਕ ਆਮਦਨੀ 79
5.8.3 ਮਾਸਿਕ ਖਰਚਾ 79
5.8.4 ਕਰਜ਼ਦਾਰੀ 80
5.8.5 ਮਲਕੀਅਤ ਦੀ ਸਥਿਤੀ 81
5.8.6 ਖੇਤੀਬਾੜੀ ਸੰਪਤੀ ਦੀ ਮਲਕੀਅਤ 83
**ਅਧਿਆਇ 6 ਪ੍ਰਭਾਵਿਤ ਸੰਵੇਦਨਸ਼ੀਲ ਸਮੂਹ 84**
6.1 ਸਮਾਜਿਕ ਸਮੂਹ 85
6.2. ਆਰਥਿਕ ਕਮਜ਼ੋਰੀ (ਰੋਜ਼ੀ ਰੋਟੀ / ਸੰਪਤੀ ਦੇ ਨੁਕਸਾਨ ਦੇ ਨਤੀਜੇ ਵਜੋਂ ਗਰੀਬੀ ਰੇਖਾ ਤੋਂ ਹੇਠਲੇ ਘਰ)86
6.3. ਔਰਤਾਂ ਦੀ ਅਗਵਾਈ ਵਾਲੇ ਘਰ 86
6.4. ਨਜਾਇਜ਼ ਅਤੇ ਹੋਰ ਗੈਰ ਕਾਨੂੰਨੀ ਵਸਨੀਕ 87
6.5. ਪਰਿਵਾਰ ਦਾ ਅਪਾਹਜ ਮੁਖੀ 87
6.6 ਸਹਾਇਤਾ ਤੋਂ ਬਿਨਾਂ ਬਜ਼ੁਰਗ 87
6.7. ਬੇਸਹਾਰਾ ਬੱਚਿਆਂ ਦਾ ਸਮੂਹ 87
6.8. ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ 88

6.9 ਜ਼ਮੀਨਹੀਣ, ਬੇਰੋਜ਼ਗਾਰ ਅਤੇ ਬੇਘਰ ਲੋਕ 89

6.10 ਔਰਤਾਂ ਇਕ ਕਮਜ਼ੋਰ ਸਮੂਹ ਦੀ ਤਰਾਂ 90

**ਅਧਿਆਇ 7 ਸਥਾਨਕ ਪ੍ਰਸ਼ਾਸਨ 91**

7.1. ਪ੍ਰਸ਼ਾਸਕੀ ਢਾਂਚਾ - ਪਿੰਡ ਡੱਡੂ ਮਾਜਰਾ 92

7.2. ਨਗਰ ਨਿਗਮ (ਮਿਉਂਸਪਲ ਕਾਰਪੋਰੇਸ਼ਨ)ਦੀ ਪ੍ਰਸ਼ਾਸਕੀ ਭੂਮਿਕਾ 94

7.3. ਪੰਚਾਇਤੀ ਰਾਜ ਪ੍ਰਣਾਲੀ 96

7.4. ਪ੍ਰਸ਼ਾਸਕੀ ਢਾਂਚਾ – ਪਿੰਡ ਧਨਾਸ 97

7.5. ਪੰਚਾਇਤ ਦੀ ਪ੍ਰਸ਼ਾਸਕੀ ਭੂਮਿਕਾ 97

7.6. ਚੌਕੀਦਾਰ ਦੀ ਭੂਮਿਕਾ 98

**ਅਧਿਆਇ 8 ਪ੍ਰੋਜੈਕਟ ਦੇ ਅਨੁਮਾਨਿਤ ਪ੍ਰਭਾਵ 99**

8.1 ਪ੍ਰਸਤਾਵਿਤ ਪ੍ਰੋਜੈਕਟ ਦੇ ਸੰਬੰਧ ਵਿਚ ਹਿੱਸੇਦਾਰਾਂ ਦੁਆਰਾ ਦੱਸੇ ਗਏ ਸਕਾਰਾਤਮਕ ਪ੍ਰਭਾਵ 102

8.2 ਪ੍ਰਸਤਾਵਿਤ ਪ੍ਰੋਜੈਕਟ ਦੇ ਹਿੱਸੇਦਾਰਾਂ ਦੁਆਰਾ ਦੱਸੇ ਨਕਾਰਾਤਮਕ ਅਸਰ 106

**ਅਧਿਆਇ 9 ਭੂਮੀ ਅਧਿਗ੍ਰਹਿਣ ਦੇ ਸਿਹਤ ਅਤੇ ਮਨੋਵਿਗਿਆਨ ਤੇ ਪ੍ਰਭਾਵ 111**

9.1 ਸ਼ਰੀਰਕ ਸਮੱਸਿਆਵਾਂ 112

9.2 ਮਨੋਵਿਗਿਆਨਕ ਸਮੱਸਿਆਵਾਂ 113

9.3 ਚਿੰਤਾ 115

9.4 ਸ਼ਰਾਬ ਦਾ ਸੇਵਨ 116

9.5 ਪ੍ਰੋਜੈਕਟ ਪ੍ਰਭਾਵਿਤ ਪਰਿਵਾਰ ਵਿਚ ਪ੍ਰਜੈਕਟ ਦੇ ਸੰਬੰਧ ਵਿਚ ਤਣਾਅ 116

**ਅਧਿਆਇ 10 ਜਮੀਨ, ਘਰ ਅਤੇ ਹੋਰ ਢਾਂਚਿਆਂ ਦੇ ਨੁਕਸਾਨ ਦੀ ਸੂਚੀ 118**

10.1. ਪ੍ਰਭਾਵਿਤ ਜ਼ਮੀਨ 118

10.2. ਪ੍ਰਭਾਵਿਤ ਭੂਮੀ ਦੀ ਵਰਤੋਂ 118

10.3. ਆਮਦਨੀ ਅਤੇ ਰੁਜ਼ਗਾਰ 119

10.4. ਪ੍ਰਭਾਵਿਤ ਮਕਾਨ 120

10.5. ਹੋਰ ਉਸਾਰੀਆਂ 120
10.6. ਸੱਭਿਆਚਾਰਕ ਪਛਾਣ ਨੂੰ ਨੁਕਸਾਨ 121
10.7. ਅੰਤਰ-ਨਿੱਜੀ ਅਤੇ ਅੰਤਰ-ਸਮਾਜਿਕ ਸੰਬੰਧ 123
**ਅਧਿਆਇ 11 ਸਮਾਜ ਨੂੰ ਹੋਣ ਵਾਲੇ ਨੁਕਸਾਨ ਦੀ ਸੂਚੀ 124**

11.1 ਫਲ, ਲੱਕੜ ਅਤੇ ਔਸ਼ਧਿਏ ਪੌਦੇ 124
11.2 ਬਾਲਣ ਲਈ ਲੱਕੜ ਅਤੇ ਚਾਰੇ ਦਾ ਨੁਕਸਾਨ 126
11.3 ਜਨਤਕ ਇਮਾਰਤਾਂ 126
11.4 ਸਾਂਝੇ ਸੰਪਤੀ ਸੰਸਥਾਨਾਂ 126
11.5 ਸੱਭਿਆਚਾਰਕ ਜਾਇਦਾਦ 127
11.6 ਬੁਨਿਆਦੀ ਢਾਂਚਾ 127
11.7 ਸਮੁਦਾਇ-ਅਧਾਰਿਤ ਪਛਾਣ ਸੂਚਕ 127
**ਅਧਿਆਇ 12 ਜਨਤਕ ਸੁਣਵਾਈ 128**

**ਅਧਿਆਇ-13 ਸਮਾਜਿਕ ਪ੍ਰਭਾਵ ਮੁਲਾਂਕਣ ਦੇ ਨਤੀਜੇ 146**

13.1 ਪ੍ਰਸਤਾਵਿਤ ਪ੍ਰੋਜੈਕਟ ਦੇ ਸੰਬੰਧ ਵਿਚ ਹਿੱਸੇਦਾਰਾਂ ਦੁਆਰਾ ਦੱਸੇ ਗਏ ਸਕਾਰਾਤਮਕ ਪ੍ਰਭਾਵ 146
13.2 ਐਸ.ਆਈ.ਏ. ਟੀਮ ਅਨੁਸਾਰ ਪ੍ਰਸਤਾਵਿਤ ਪ੍ਰੋਜੈਕਟ ਦੇ ਸਕਾਰਾਤਮਕ ਪ੍ਰਭਾਵ 147
13.3 ਪ੍ਰਸਤਾਵਿਤ ਪ੍ਰੋਜੈਕਟ ਦੇ ਹਿੱਸੇਦਾਰਾਂ ਦੁਆਰਾ ਦੱਸੇ ਨਕਾਰਾਤਮਕ ਅਸਰ 148
13.4 ਪ੍ਰਸੁਤਾਵਿਤ ਬਾਈਪਾਸ ਪ੍ਰੋਜੈਕਟ ਦੇ ਸੰਬੰਧ ਵਿਚ ਹਿੱਸੇਦਾਰਾਂ ਦੀਆਂ ਚਿੰਤਾਵਾਂ 150
**ਅਧਿਆਇ-14 ਉਪਚਾਰ, ਉਪਾਅ ਅਤੇ ਸਿਫ਼ਾਰਿਸ਼ਾਂ 153**

14.1 ਪ੍ਰਸਤਾਵਿਤ ਪ੍ਰੋਜੈਕਟ ਲਈ ਭੂਮੀ ਪ੍ਰਾਪਤੀ ਐਕਟ ਦੇ ਸੰਵਿਧਾਨਕ ਨਿਯਮ 153
14.2 ਸਰਕਾਰ ਦੁਆਰਾ ਪਹਿਲਾਂ ਹੀ ਚੁੱਕੇ ਗਏ ਉਪਾਅ, ਉਪਚਾਰ 155
14.3 ਐਸ.ਆਈ.ਏ ਟੀਮ ਵੱਲੋਂ ਕੀਤੀਆਂ ਸਿਫਾਰਸ਼ਾਂ 157
14.4 ਨਿਗਰਾਨੀ ਅਤੇ ਮੁਲਾਂਕਣ 159

# ਸਾਰਣੀ ਸੂਚੀ


| ਸਾਰਣੀ ਨੰ. | ਸਿਰਲੇਖ |
|---|---|
| 3.1 | ਦੋਨਾਂ ਪਿੰਡਾਂ ਦੇ ਜਨ ਅੰਕੜੇ |
| 3.2 | ਪਿੰਡਾਂ ਵਿਚ ਆਵਾਜਾਈ ਸਹੂਲਤਾਂ ਦੀ ਉਪਲੱਬਧਤਾ |
| 4.1 | ਉੱਤਰਦਤਾਵਾਂ ਦੀ ਧਰਮ ਅਨੁਸਾਰ ਵੰਡ |
| 4.2 | ਪਿੰਡਾਂ ਦੇ ਉੱਤਰਦਾਤਾਵਾਂ ਦੀ ਸਮਾਜਿਕ ਸ੍ਰੇਣੀ ਅਨੁਸਾਰ ਵੰਡ |
| 4.3 | ਡੱਡੂ ਮਾਜਰਾ ਅਤੇ ਧਨਾਸ ਵਿਚ ਸਥਿਤ ਸਿੱਖਿਆ ਸੰਸਥਾਨ |
| 4.5 | ਉੱਤਰਦਾਤਾਵਾਂ ਦੀ ਘਰੇਲੂ ਸੰਪਤਿਆਂ ਦੀ ਵੰਡ |
| 5.1 | ਉਤਾਰਦਾਤਾਵਾਂ (ਪੀ.ਏ.ਐੱਫ) ਦੀ ਪਿੰਡ- ਅਧਾਰਿਤ ਵੰਡ (ਨ = 110) |
| 5.2 | ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ ਦੀ ਉਮਰ-ਅਨੁਸਾਰ |
| 5.3 | ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੀ ਉਮਰ ਅਨੁਸਾਰ ਵੰਡ |
| 5.4 | ਪ੍ਰਭਾਵਿਤ ਪਿੰਡਾਂ ਤੋਂ ਉੱਤਰਦਾਤਾਵਾਂ ਦੀ ਵਿਵਾਹਿਕ ਸਥਿਤੀ |
| 5.5 | ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਪਰਿਵਾਰਿਕ ਢਾਂਚੇ |
| 5.6 | ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦਾ ਪਰਿਵਾਰਿਕ ਆਕਾਰ |
| 5.7 | ਦੋਵਾਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੀ ਸਿੱਖਿਆ ਦੀ ਸਥਿਤੀ |
| 5.8 | ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਘਰ ਵਿਚ ਮੰਜ਼ਲਾਂ ਦੀ ਗਿਣਤੀ |
| 5.9 | ਦੋਵਾਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਘਰਾਂ ਵਿਚ ਕਮਰਿਆਂ ਦੀ ਵੰਡ |
| 5.10 | ਦੋਵੇਂ ਪਿੰਡਾਂ ਵਿੱਚ ਵਿਚ ਉੱਤਰਦਾਤਾਵਾਂ ਦੇ (ਪੀ.ਏ.ਐਫ.) ਦੇ ਘਰਾਂ ਵਿਚ ਖਾਣਾ ਬਣਾਉਣ ਦੇ ਵੱਖ-ਵੱਖ ਸਰੋਤ |
| 5.11 | ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ ਦੇ (ਪੀ.ਏ.ਐਫ.) ਦਾ ਪਸ਼ੂ ਧਨ |

| | |
|---|---|
| 5.12 | ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ (ਪੀ.ਏ.ਐਫ.) ਦਾ ਪੇਸ਼ਾ |
| 5.13 | ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ (ਪੀ.ਏ.ਐਫ.) ਦੀ ਮਹੀਨਾਵਾਰ ਆਮਦਨ |
| 5.14 | ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਮਹੀਨਾਵਾਰ ਖਰਚ |
| 5.15 | ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਵਿਚ ਕਰਜ਼ਦਾਰੀ |
| 5.16 | ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਵਿਚ ਮਲਕੀਅਤ ਦੀ ਸਥਿਤੀ |
| 6.1 | ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਸਮਾਜਿਕ ਸਮੂਹਾਂ ਦੀ ਵੰਡ |
| 6.2 | ਔਰਤਾਂ ਦੀ ਅਗਵਾਈ ਵਾਲੇ ਘਰ, ਗਰੀਬੀ ਰੇਖਾ ਤੋਂ ਹੇਠਲੇ , ਜੀਵਨੀ ਸੰਪਤੀਆਂ/ ਰੋਜ਼ਗਾਰ ਦੇ ਨੁਕਸਾਨ ਦੇ ਨਤੀਜੇ ਵਜੋਂ ਬੀ.ਪੀ.ਐਲ., ਪਰਿਵਾਰ ਦਾ ਅਪਾਹਜ ਮੁਖੀ, ਅਨੁਸੂਚਿਤ ਜਾਤੀ ਅਤੇ ਹੋਰ ਦੇ ਅਨੁਸਾਰ ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ ਦੀ ਵੰਡ |
| 6.3 | ਦੋਵੇਂ ਪਿੰਡਾਂ ਦੇ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਜੀਵਨ ਤੇ ਪ੍ਰੋਜੈਕਟ ਦਾ ਆਰਥਿਕ ਅਸਰ |
| 8.1 | ਪ੍ਰੋਜੈਕਟ ਦੇ ਅਨੁਮਾਨਿਤ ਸਕਾਰਾਤਮਕ ਅਤੇ ਨਕਾਰਾਤਮਕ ਅਸਰ |
| 12.1 | ਦੋਵੇਂ ਪਿੰਡਾਂ ਵਿਚ ਜਨਤਕ ਸੁਣਵਾਈ ਦੇ ਸੈਸ਼ਨ ਦਾ ਵੇਰਵਾ |
| 12.2 | ਪ੍ਰੋਜੈਕਟ ਪ੍ਰਭਾਵਿਤ ਹਿਸੇਦਾਰਾਂ ਦੀਆਂ ਚਿੰਤਾਵਾਂ |
| 12.3 | ਪ੍ਰਸਤਾਵਿਤ ਪ੍ਰੋਜੈਕਟ ਦੇ ਸਬੰਧ ਵਿਚ ਸਬੰਧਤ ਧਿਰਾਂ ਦੁਆਰਾ ਉਠਾਈਆਂ ਗਈਆਂ ਮੁੱਖ ਮੰਗਾਂ |
| 14.1 | ਪ੍ਰਸਤਾਵਿਤ ਬਾਈਪਾਸ ਪ੍ਰਜੈਕਟ ਦੇ ਪ੍ਰਭਾਵ ਅਤੇ ਉਪਾਅ |

## ਚਿੱਤਰ ਦੀ ਸੂਚੀ


| ਚਿੱਤਰ ਨੰ. | ਸਿਰਲੇਖ |
|---|---|
| 2.1 | ਅੰਕੜੇ ਇਕੱਤਰ ਕਰਨ ਦੇ ਵੱਖ-ਵੱਖ ਸਰੋਤ |
| 5.1 | ਪਿੰਡ ਡੱਡੂ ਮਾਜਰਾ ਦੇ ਉੱਤਰਦਾਤਾਵਾਂ ਵਿਚ ਖੇਤੀਬਾੜੀ ਸੰਪਤੀ |
| 5.2 | ਪਿੰਡ ਧਨਾਸ ਦੇ ਉੱਤਰਦਾਤਾਵਾਂ ਵਿਚ ਖੇਤੀਬਾੜੀ ਸੰਪਤੀ |
| 9.1 | ਡੱਡੂ ਮਾਜਰਾ ਪਿੰਡ ਦੇ ਉੱਤਰਦਾਤਾਵਾਂ ਵਿਚ ਸਰੀਰਕ ਸਮੱਸਿਆਵਾਂ |
| 9.2 | ਧਨਾਸ ਪਿੰਡ ਦੇ ਉੱਤਰਦਾਤਾਵਾਂ ਵਿਚ ਸਰੀਰਕ ਸਮੱਸਿਆਵਾਂ |
| 9.3 | ਡੱਡੂ ਮਾਜਰਾ ਪਿੰਡ ਦੇ ਉੱਤਰਦਾਤਾਵਾਂ ਦੁਆਰਾ ਦੱਸੀਆਂ ਮਾਨਸਿਕ ਸਮੱਸਿਆਵਾਂ |
| 9.4 | ਧਨਾਸ ਪਿੰਡ ਦੇ ਉੱਤਰਦਾਤਾਵਾਂ ਦੁਆਰਾ ਦੱਸੀਆਂ ਮਾਨਸਿਕ ਸਮੱਸਿਆਵਾਂ |

## ਤਸਵੀਰਾਂ ਦੀ ਸੂਚੀ


| ਤਸਵੀਰ ਨੰ. | ਸਿਰਲੇਖ |
|---|---|
| 2.1 | ਪ੍ਰਸਤਾਵਿਤ ਪ੍ਰੋਜੈਕਟ ਸਾਈਟ |
| 2.2 | ਪਿੰਡ ਧਨਾਸ ਦੇ ਸਰਪੰਚ ਨਾਲ ਗੱਲਬਾਤ ਦੌਰਾਨ ਐਸ.ਆਈ.ਏ. ਟੀਮ |
| 2.3 | ਪਾਇਲਟ ਅਧਿਐਨ ਲਈ ਨੰਬਰਦਾਰ ਅਤੇ ਹੋਰ ਸਬੰਧਤ ਧਿਰਾਂ ਦੇ ਇੰਟਰਵਿਊ ਦੌਰਾਨ ਆਈ.ਏ.ਟੀਮ |
| 2.4 | ਪਾਇਲਟ ਅਧਿਐਨ ਦੇ ਦੌਰਾਨ ਹਿੱਸੇਦਾਰਾਂ ਨਾਲ ਗੱਲਬਾਤ ਕਰਦੀ ਐਸ.ਆਈ.ਏ. ਟੀਮ |
| 2.5 | ਐਸ.ਆਈ.ਏ. ਟੀਮ ਪਿੰਡ ਦੀ ਆਂਗਣਵਾੜੀ ਵਰਕਰ ਨਾਲ ਗੱਲ ਕਰਦੇ ਹੋਏ |
| 2.6 | ਖੋਜ ਕਰਤਾ ਹਿਸੇਦਾਰਾਂ ਨਾਲ ਸਮੂਹਿਕ ਵਿਚਾਰ ਵਟਾਂਦਰਾ (ਐਫ.ਜੀ.ਡੀ) ਕਰਦੇ ਹੋਏ |
| 2.7 | ਜਨਤਕ ਸੁਣਵਾਈ ਦੇ ਸੰਬੰਧ ਵਿਚ ਨੋਟੀਫਿਕੇਸ਼ਨ |
| 2.8 | ਪਿੰਡ ਡੱਡੂ ਮਾਜਰਾ ਵਿਚ ਜਨਤਕ ਸੁਣਵਾਈ |
| 2.9 | ਐਸ.ਆਈ.ਏ ਟੀਮ. ਪ੍ਰਭਾਵਿਤ ਪਰਿਵਾਰਾਂ ਨਾਲ ਗੱਲ ਬਾਤ ਕਰਦੇ ਹੋਏ |
| 2.10 | ਐਸ.ਆਈ.ਏ ਟੀਮ. ਦੋਵੇਂ ਪਿੰਡਾਂ ਦੇ ਪ੍ਰਭਾਵਿਤ ਪਰਿਵਾਰਾਂ ਨਾਲ ਗੱਲ ਬਾਤ ਕਰਦੇ ਹੋਏ |
| 3.1 | ਡੱਡੂ ਮਾਜਰਾ ਪਿੰਡ ਦਾ ਤਾਲਾਬ |
| 3.2 | ਸੈਲਾਨੀ ਆਕਰਸ਼ਕ ਕੇਦਰ ਵਿਚ ਤਬਦੀਲ ਕੀਤਾ ਗਿਆ ਧਨਾਸ ਪਿੰਡ ਦਾ ਤਾਲਾਬ |

| | |
|---|---|
| 4.1 | ਪਿੰਡ ਡੱਡੂ ਮਾਜਰਾ ਪਿੰਡ ਦਾ ਹਾਈ ਸਕੂਲ |
| 4.2 | ਪਿੰਡ ਡੱਡੂ ਮਾਜਰਾ ਦੀ ਆਂਗਣਵਾੜੀ |
| 4.3 | ਪਿੰਡ ਧਨਾਸ ਦੀ ਆਂਗਣਵਾੜੀ |
| 4.4 | ਡੱਡੂ ਮਾਜਰਾ ਕਲੋਨੀ ਵਿਖੇ ਸਥਿਤ ਸਰਕਾਰੀ ਡਿਸਪੈਂਸਰੀ |
| 4.5 | ਪਿੰਡ ਧਨਾਸ ਵਿਚ ਆਯੂਸ਼ਮਾਨ ਹੈਲਥ ਅਤੇ ਵੈੱਲਨੈੱਸ ਕੇਂਦਰ |
| 4.6 | ਡੱਡੂ ਮਾਜਰਾ ਕਲੋਨੀ ਵਿਖੇ ਸਥਿਤ ਕੌਂਸਲਰ ਦਫਤਰ |
| 4.7 | ਡੱਡੂ ਮਾਜਰਾ ਪਿੰਡ ਦੀ ਮਾਰਕੀਟ |
| 4.8 | ਪਿੰਡ ਡੱਡੂ ਮਾਜਰਾ ਵਿਚ ਬਣੀਆ ਸੁਲਭ ਸੌਚਾਲਿਆ |
| 4.9 | ਡੱਡੂ ਮਾਜਰਾ ਪਿੰਡ ਵਿਚ ਸਥਿਤ ਗੁੱਗਾ ਮਾੜੀ |
| 4.10 | ਡੱਡੂ ਮਾਜਰਾ ਪਿੰਡ ਵਿਚ ਸਥਿਤ ਗੁਰੂਦੁਆਰਾ ਸਾਹਿਬ |
| 4.11 | ਧਨਾਸ ਪਿੰਡ ਵਿਚ ਸਥਿਤ ਗੁਰੂਦੁਆਰਾ ਸਾਹਿਬ |
| 7.1 | ਪਿੰਡ ਡੱਡੂ ਮਾਜਰਾ ਦੇ ਆਂਗਨਵਾੜੀ ਵਿਚ ਮੁਫਤ ਭੋਜਨ ਦੀ ਸੇਵਾ |
| 10.1 | ਪ੍ਰਸਤਾਵਿਤ ਸੜਕੀ ਜਗ੍ਹਾ 'ਤੇ ਆਰਜ਼ੀ ਢਾਂਚੇ |
| 10.2 | ਪੁਲਸ ਕੰਪਲੈਕਸ ਪਿੰਡ ਧਨਾਸ ਦੇ ਨਜ਼ਦੀਕ ਦੀ ਪ੍ਰਸਤਾਵਿਤ ਸੜਕ ਦੀ ਜਗ੍ਹਾ |
| 12.1 | ਪਿੰਡ ਡੱਡੂ ਮਾਜਰਾ ਵਿੱਚ ਜਨਤਕ ਸੁਣਵਾਈ ਵਿੱਚ ਪ੍ਰਦਰਸ਼ਿਤ ਬੈਨਰ |
| 12.2 | ਪਿੰਡ ਡੱਡੂ ਮਾਜਰਾ ਵਿਚ ਐਸ.ਆਈ.ਏ ਟੀਮ ਦਾ ਸ਼ੁਰੂਆਤੀ ਭਾਸ਼ਣ |
| 12.3 | ਐਸ.ਆਈ.ਏ ਟੀਮ ਦੇ ਪ੍ਰਿੰਸੀਪਲ ਸਲਾਹਕਾਰ- ਜਨਤਾ ਨੂੰ ਸੰਬੋਧਿਤ ਕਰਦੇ ਹੋਏ |

| | |
|---|---|
| 12.4 | ਸ਼੍ਰੀ ਅਰਜੁਨ ਸ਼ਰਮਾ (ਆਈ.ਏ.ਐਸ-ਐਲ.ਏ. ਓ) ਨੇ ਉਥੇ ਮੌਜੂਦ ਜਨਤਾ ਨੂੰ ਸੰਬੋਧਿਤ ਕਰਦੇ ਹੋਏ |
| 12.5 | ਐਸ.ਆਈ.ਏ ਟੀਮ ਅਤੇ ਹੋਰ ਅਧਿਕਾਰੀ ਜਨਤਕ ਸੁਣਵਾਈ ਦੌਰਾਨ |
| 12.6 | ਹਾਜ਼ਰੀ ਸ਼ੀਟ 'ਤੇ ਹਿਸੇਦਾਰ ਹਸਤਾਖਰ / ਅੰਗੂਠੇ ਦਾ ਨਿਸ਼ਾਨ ਲਗਾਂਦੇ ਹੋਏ |
| 12.7 | ਮੀਟਿੰਗ ਦੌਰਾਨ ਹਾਜ਼ਰ ਹੋਏ ਹਿਸੇਦਾਰ ਅਤੇ ਪਿੰਡ ਦੇ ਲੋਕ |
| 12.8 | ਪਿੰਡ ਧਨਾਸ ਵਿੱਚ ਜਨਤਕ ਸੁਣਵਾਈ ਵਿੱਚ ਪ੍ਰਦਰਸ਼ਿਤ ਬੈਨਰ |
| 12.9 | ਪਿੰਡ ਧਨਾਸ ਵਿਚ ਐਸ.ਆਈ.ਏ ਟੀਮ ਦਾ ਸ਼ੁਰੂਆਤੀ ਭਾਸ਼ਣ |
| 12.10 | ਪਿੰਡ ਧਨਾਸ ਦੇ ਸਰਪੰਚ (ਸ. ਕੁਲਜੀਤ ਸਿੰਘ) ਨੇ ਜਨਤਕ ਸੁਣਵਾਈ ਨੂੰ ਸੰਬੋਧਿਤ ਕਰਦੇ ਹੋਏ |
| 12.11 | ਮੀਟਿੰਗ ਦੌਰਾਨ ਹਾਜ਼ਰ ਹੋਏ ਹਿਸੇਦਾਰ ਅਤੇ ਪਿੰਡ ਦੇ ਲੋਕ |

## ਅਨੁਲੱਗ ਦੀ ਸੂਚੀ

| ਅਨੁਲੱਗ ਨੰ. | ਸਿਰਲੇਖ |
|---|---|
| I | ਐਸ.ਆਈ.ਏ ਦੇ ਅਧਿਐਨ ਦੇ ਬਾਰੇ ਅਧਿਸੂਚਨਾ |
| II | ਪਿੰਡ ਡੱਡੂ ਮਾਜਰਾ ਅਤੇ ਧਨਾਸ ਦੇ ਹਦਬਸਤ ਦੇ ਵੇਰਵੇ |
| III | ਖਸਰਾ ਹਿੱਸੇਦਾਰਾਂ ਦੇ ਵੇਰਵਾ |
| IV (A) | ਮਾਲਕੀ ਦੇ ਵੇਰਵੇ ਦੀ ਸੂਚੀ |
| IV (B) | ਹਿੱਸੇਦਾਰਾਂ ਦੀ ਸੂਚੀ |
| V | ਡੱਡੂ ਮਾਜਰਾ ਅਤੇ ਧਨਾਸ ਦੇ ਪਿੰਡ ਨਕਸ਼ੇ |
| VI | ਵਿਕਰੀ ਡੀਡ ਦੀ ਔਸਤ ਦਰ |
| VII | ਇੰਟਰਵਿਊ ਅਨੁਸੂਚੀ |
| VIII | ਅਖ਼ਬਾਰਾਂ ਵਿੱਚ ਜਨਤਕ ਸੁਣਵਾਈ ਸੰਬੰਧੀ ਨੋਟੀਫਿਕੇਸ਼ਨ |
| IX (A) | ਪਿੰਡ ਡੱਡੂ ਮਾਜਰਾ ਦੀ ਜਨਤਕ ਸੁਣਵਾਈ ਦੀ ਹਾਜ਼ਰੀ ਸ਼ੀਟ |
| IX (B) | ਪਿੰਡ ਧਨਾਸ ਦੀ ਜਨਤਕ ਸੁਣਵਾਈ ਦੀ ਹਾਜ਼ਰੀ ਸ਼ੀਟ |
| X | ਹਿੱਸੇਦਾਰ ਦੀ ਮੰਗਾਂ ਅਤੇ ਚਿੰਤਾਵਾਂ ਦੀ ਸੂਚੀ |
| XI | ਜਨਤਕ ਸੁਣਵਾਈ ਦੇ ਡੀ.ਵੀ.ਡੀ. |

## ਨਕਸ਼ੇ ਦੀ ਸੂਚੀ

| ਨਕਸ਼ਾ ਨੰ. | ਸਿਰਲੇਖ |
|---|---|
| 1.1 | ਪ੍ਰਸਤਾਵਿਤ ਬਾਈਪਾਸ ਪ੍ਰੋਜੈਕਟ ਦਾ ਨਕਸ਼ਾ |
| 7.1 | ਨਗਰ ਨਿਗਮ ਚੰਡੀਗੜ (ਐਮ.ਸੀ.ਸੀ) ਦਾ ਵਾਰਡ ਨਕਸ਼ਾ |

# ਸਥਾਨਕ ਸ਼ਬਦਾਵਲੀ

| ਸ਼ਬਦ | ਅਰਥ |
|---|---|
| ਆਂਗਨਵਾੜੀ | ਪੰਜ ਸਾਲ ਤੋਂ ਛੋਟੇ ਬੱਚਿਆਂ ਦੀ ਸੰਭਾਲ ਦਾ ਕੇਂਦਰ |
| ਵਿਸਾਖੀ | ਫਸਲਾਂ ਦੀ ਵਾਢੀ ਤੇ ਮਨਾਏ ਜਾਣ ਵਾਲਾ ਤਿਉਹਾਰ |
| ਬਾਲਮੀਕੀ | ਅਨੁਸੂਚਿਤ ਜਾਤੀ |
| ਬਿੱਘਾ | ਭੂਮੀ ਮਾਪਣ ਲਈ ਸਥਾਨਕ ਯੂਨਿਟ |
| ਬ੍ਰਾਹਮਣ | ਜਾਤੀ ਪ੍ਰਥਾ ਦੇ ਅਨੁਸਾਰ ਸਬ ਤੋਂ ਉੱਚ ਮਨੀ ਜਾਣ ਵਾਲੀ ਜਾਤੀ |
| ਚੌਂਕੀਦਾਰ | ਪਿੰਡ ਦਾ ਵਾਚਮੈਨ ਜਾਂ ਗੇਟਕੀਪਰ |
| ਫਾਲੈ | ਖੇਤੀਬਾੜੀ ਵਾਲੇ ਸੰਦ |
| ਗਰੁਪੁਰਵ | ਸਿੱਖ ਗੁਰੂਆਂ ਦਾ ਜਨਮ ਦਿਹਾੜਾ |
| ਗੁਰੂਦਵਾਰਾ | ਸਿੱਖ ਭਾਈਚਾਰੇ ਦਾ ਪ੍ਰਾਥਨਾ ਕਰਨ ਦਾ ਸਥਾਨ |
| ਗੋਤਰ | ਇੱਕ ਖਾਸ ਜਾਤੀ ਦੇ ਨਾਲ ਵੰਸ਼ |
| ਗੁੱਗਾ ਮਾੜੀ | ਗੁੱਗੇ ਲਈ ਪੂਜਾ ਦੀ ਜਗ੍ਹਾ (ਸਰਪ ਰਾਜਾ) |
| ਹਰਿਜਨ | ਅਨੁਸੂਚਿਤ ਜਾਤੀ |
| ਖਸਰਾ | ਕਾਨੂੰਨੀ ਖੇਤੀਬਾੜੀ ਦਸਤਾਵੇਜ਼ ਜੋ ਜ਼ਮੀਨ ਅਤੇ ਫਸਲ ਦੇ ਵੇਰਵੇ ਨੂੰ ਨਿਰਧਾਰਤ ਕਰਦਾ ਹੈ |
| ਖੇਵਟ | ਖਾਤਾਧਾਰਕਾਂ ਨੂੰ ਦਿੱਤਾ ਗਿਆ ਖਾਤਾ ਨੰਬਰ ਜੋ ਸਹਿ-ਸ਼ੇਅਰਰਾਂ ਦਾ ਇੱਕ ਸਮੂਹ ਬਣਾਉਂਦੇ ਹਨ ਜੋ ਜ਼ਮੀਨ ਦੀ ਉਸੇ ਜਾਂ ਵੱਖਰੇ ਅਨੁਪਾਤ ਵਿੱਚ ਮਾਲਕ ਹੁੰਦੇ ਹਨ |
| ਲਾਲ ਡੋਰਾ | ਉਹ ਸੀਮਾ ਜੋ ਰਿਹਾਇਸ਼ੀ ਖੇਤਰ ਨੂੰ ਖੇਤੀਬਾੜੀ ਵਾਲੇ ਖੇਤਰ ਤੋਂ ਵੱਖ ਕਰਦੀ ਹੈ |
| ਲੰਗਰ | ਸਮੁਦਾਇਕ ਰਸੋਈ |
| ਮਸਜਿਦ | ਮੁਸਲਮਾਨ ਭਾਈਚਾਰੇ ਲਈ ਪੂਜਾ ਸਥਾਨ |
| ਮਰਲਾ | ਭੂਮੀ ਮਾਪ ਲਈ ਸਥਾਨਕ ਇਕਾਈ |

| | |
|---|---|
| ਨਵਰਾਤਰੇ | ਮਹਾ ਦੁਰਗਾ ਦੀ 9 ਦਿਨਾਂ ਦੀ ਸ਼ਰਧਾ ਪੂਰਵਕ ਪੂਜਾ |
| ਨੰਬਰਦਾਰ | ਪਿੰਡ ਦਾ ਅਧਿਕਾਰੀ ਜੋ ਜ਼ਮੀਨ ਦਾ ਰਿਕਾਰਡ ਰੱਖਦਾ ਹੈ |
| ਪੰਚ | ਗ੍ਰਾਮ ਪੰਚਾਇਤ ਦਾ ਸਦੱਸ |
| ਪਟਵਾਰੀ | ਸਰਕਾਰੀ ਅਧਿਕਾਰੀ ਜੋ ਜ਼ਮੀਨ ਦੀ ਮਾਲਕੀ ਸੰਬੰਧੀ ਰਿਕਾਰਡ ਰੱਖਦਾ ਹੈ |
| ਰਵਿਦਾਸੀ | ਅਨੁਸੂਚਿਤ ਜਾਤੀ |
| ਸਰਪੰਚ | ਪਿੰਡ ਦੇ ਲੋਕਾਂ ਦੁਆਰਾ ਚੁਣਿਆ ਗਿਆ ਮੁਖੀ |
| ਸੇਵਾ ਕੇਂਦਰ | ਜਨਤਕ ਸੇਵਾਵਾਂ ਪ੍ਰਦਾਨ ਕਰਨ ਲਈ ਸਰਕਾਰੀ ਕੇਂਦਰਾਂ |
| ਸ਼ਾਮਲਾਟ | ਪਿੰਡ ਦੀ ਸਾਂਝੀ ਜ਼ਮੀਨ |
| ਸੁਹਾਗਾ | ਖੇਤੀਬਾੜੀ ਦਾ ਸੰਦ |

## ਪ੍ਰਸਤਾਵਨਾ

ਸਮਾਜਿਕ ਪ੍ਰਭਾਵ ਮੁਲਾਂਕਣ ਦੀ ਰਿਪੋਰਟ ਜ਼ਮੀਨ ਪ੍ਰਾਪਤੀ ਅਧਿਕਾਰੀ (ਚੰਡੀਗੜ੍ਹ ਪ੍ਰਸ਼ਾਸਨ) ਨੂੰ ਮਾਨਵ ਵਿਗਿਆਨ ਵਿਭਾਗ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਸੌਂਪੀ ਗਈ ਹੈ| ਸਮਾਜਿਕ ਪ੍ਰਭਾਵ ਮੁਲਾਂਕਣ ਕਿਸੇ ਵਿਕਾਸ ਪ੍ਰੋਜੈਕਟ ਦਾ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਜੀਵਨ ਅਤੇ ਸਮਾਜਿਕ-ਸੱਭਿਆਚਾਰਕ ਰੁਤਬੇ ਤੇ, ਉਹ ਵਿਅਕਤੀ ਜਿਨ੍ਹਾਂ ਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਪ੍ਰੋਜੈਕਟ ਦੁਆਰਾ ਪ੍ਰਭਾਵ ਹੁੰਦਾ ਹੈ, ਦਾ ਮੁਲਾਂਕਣ ਕਰਨ ਲਈ ਅਗਾਊਂ ਅਧਿਅਨ ਹੈ| ਕਿਸੇ ਵੀ ਵਿਕਾਸ ਪ੍ਰੋਜੈਕਟ ਦੀ ਸ਼ੁਰੂਆਤ ਤੋਂ ਪਹਿਲਾਂ ਐਸ.ਆਈ.ਏ, ਦੇ ਮਹੱਤਤ ਨੂੰ ਸਮਝਦੇ ਹੋਏ ਭੂਮੀ ਗ੍ਰਹਿਣ, ਪੁਨਰਵਾਸ ਅਤੇ ਰੀਸੈਟਲਮੈਂਟ ਵਿਚ ਉਚਿਤ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ (ਆਰ.ਐਫ.ਸੀ.ਟੀ.ਐਲ.ਆਰ.ਆਰ.) ਐਕਟ, 2013 ਦੀ ਧਾਰਾ 4 (4) ਤਹਿਤ ਐਸ.ਆਈ.ਏ ਕਰਨਾ ਜ਼ਰੂਰੀ ਹੈ| ਇਹ ਰਿਪੋਰਟ ਪ੍ਰੋਜੈਕਟ- “ਹਾਈਵੇ ਨੰ. 21 ਤੋਂ ਸੈਕਟਰ 29 (ਪੀ.ਆਰ.-4) ਤੱਕ ਪ੍ਰਸਤਾਵਿਤ ਬਾਈਪਾਸ" ਦੇ ਨਿਰਮਾਣ ਤੋਂ ਪੈਦਾ ਹੋਏ ਸੰਗ੍ਰਹਿਤਮਕ ਪ੍ਰਭਾਵ ਨੂੰ ਉਜਾਗਰ ਕਰਦੀ ਹੈ|

ਇਸ ਐਸ.ਆਈ.ਏ ਰਿਪੋਰਟ ਵਿਚ ਜ਼ਮੀਨ ਗ੍ਰਹਿਣ ਕਰਨ ਦੀਆਂ ਸਕੀਮਾਂ ਅਤੇ ਨੀਤੀਆਂ ਦਾ ਪ੍ਰਸਤਾਵਿਤ ਖਾਕਾ ਯੋਜਨਾ ਸ਼ਾਮਲ ਹੈ| ਇਹ ਭੂਮੀ ਅਧਿਕਰਣ ਪ੍ਰਕਿਰਿਆ ਵੱਲ ਹਿੱਸੇਦਾਰਾਂ ਦੇ ਸੰਦਰਭ ਅਤੇ ਸਮਝ ਨੂੰ ਵੀ ਉਜਾਗਰ ਕਰਦੀ ਹੈ| ਇਹ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਵੇਰਵੇ ਅਤੇ ਭੂਮੀ ਪ੍ਰਾਪਤੀ ਲਈ ਉਨ੍ਹਾਂ ਦੀਆਂ ਚਿੰਤਾਵਾਂ ਦੀ ਵੀ ਪੜਤਾਲ ਕਰਦੀ ਹੈ|

ਇਸ ਵਿਚ ਉਹ ਸਿਫਾਰਸ਼ਾਂ ਵੀ ਸ਼ਾਮਲ ਹਨ ਜੋ ਜ਼ਮੀਨ ਪ੍ਰਾਪਤ ਕਰਨ ਵਾਲੇ ਅਧਿਕਾਰੀ ਅਤੇ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਨੂੰ ਲਾਭ ਪਹੁੰਚਾਣ ਗਿਆ | ਇਸ ਵਿਚ ਪ੍ਰੋਜੈਕਟ ਦੇ ਨਕਾਰਾਤਮਕ ਪ੍ਰਭਾਵਾਂ ਨੂੰ ਘੱਟ ਕਰਨ ਅਤੇ ਇਸਦੇ ਮੌਕਿਆਂ ਅਤੇ ਲਾਭਾਂ ਨੂੰ ਵਧਾਉਣ ਲਈ ਸ਼ਮੂਲੀਅਤ ਦੀ ਯੋਜਨਾ ਦੇ ਸੁਝਾਅ ਵੀ ਦਿਤੇ ਗਏ ਹਨ|

***ਨੋਟ: ਐਸ.ਆਈ.ਏ ਟੀਮ ਦੁਆਰਾ ਤਿਆਰ ਕੀਤੀ ਸਮਾਜਿਕ ਪ੍ਰਭਾਵ ਮੁਲਾਂਕਣ ਦੀ ਇਸ ਰਿਪੋਰਟ ਵਿਚ ਕਿੱਸੇ ਅੰਤਰ ਜਾਂ ਮੱਤਭੇਦ ਦੀ ਸੂਰਤ ਵਿਚ ਅੰਗਰੇਜ਼ੀ ਸੰਸਕਰਣ ਨੂੰ ਅੰਤਿਮ ਮੰਨਿਆ ਜਾਵੇ|**

# ਅਧਿਆਇ 1

## ਭੂਮਿਕਾ

"ਸਮਾਜਿਕ ਪ੍ਰਭਾਵ ਮੁਲਾਂਕਣ" (ਸੋਸ਼ਲ ਇਮਪੈਕਟ ਐਸੇਸਮੈਂਟ) ਨੂੰ ਪਰਿਭਾਸ਼ਿਤ ਕੀਤਾ ਗਿਆ ਹੈ: ਸਮਾਜਿਕ ਵਿਗਿਆਨ ਜਿਨ੍ਹਾਂ ਨੂੰ ਇੱਕ ਪ੍ਰਸਤਾਵਿਤ ਪ੍ਰੋਜੈਕਟ, ਯੋਜਨਾ ਜਾਂ ਨੀਤੀ ਬਦਲਾਅ ਤੋਂ ਪ੍ਰਭਾਵਿਤ ਕੀਤਾ ਗਿਆ ਹੈ, ਵਿਅਕਤੀਆਂ ਅਤੇ ਸਮੁਦਾਇਆਂ ਦੇ ਜੀਵਨ ਦੇ ਰੋਜ਼ਮੱਰਾ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਨ ਤੋਂ ਪਹਿਲਾਂ ਯੋਜਨਾਬੱਧ ਮੁਲਾਂਕਣ ਪ੍ਰਦਾਨ ਕਰਨ ਲਈ ਇੱਕ ਗਿਆਨ ਅਧਾਰ ਵਿਕਸਿਤ ਕਰਨ ਲਈ ਜ਼ਰੂਰੀ ਹੈ|

ਸਮਾਜਿਕ ਪ੍ਰਭਾਵ ਮੁਲਾਂਕਣ ਇਕ ਪ੍ਰੀਕਿਰਿਆ ਹੈ ਜਿਸ ਵਿਚ ਯੋਜਨਾਬੱਧ ਤਰੀਕੇ ਨਾਲ ਕੀਤੇ ਦਖ਼ਲ ਜਿਵੇ ਕਿ ਨੀਤੀਆਂ, ਪ੍ਰੋਜੈਕਟ,ਪ੍ਰੋਗਰਾਮ,ਪਲਾਨ ਆਦਿ ਦੇ ਮਨੁੱਖੀ ਵਾਤਾਵਰਣ ਉੱਤੇ ਪਏ ਚਾਹੇ ਅਤੇ ਅਣਚਾਹੇ ਪ੍ਰਭਾਵਾਂ ਦੀ ਸੋਧ ਅਤੇ ਜਾਂਚ ਕੀਤੀ ਜਾਂਦੀ ਹੈ | ਇਸੇ ਤਰਾਂ ਇੰਨਾ ਦਖਲਾਂ ਕਾਰਨ ਹੋਏ ਸਮਾਜਿਕ ਬਦਲ ਨੂੰ ਸੋਧਿਆ ਅਤੇ ਜਾਂਚਿਆ ਜਾਂਦਾ ਹੈ ਤਾਂ ਜੋ ਜ਼ਿਆਦਾ ਸਥਾਈ ਤੇ ਬਰਾਬਰੀ ਯੁਕਤ ਵਾਤਾਵਰਣ ਬਣਾਇਆ ਜਾ ਸਕੇ| **(Becker, H.A, & Vanclay,F. (Eds).(2003). The international handbook of social impact assessment: Conceptual and methodological advances. Edward Elgar Publishing.)**

ਐਸ.ਆਈ.ਏ. ਟਰਾਂਸਪੋਰਟੇਸ਼ਨ ਪ੍ਰੋਜੈਕਟਾਂ ਅਤੇ ਹੋਰ ਵਿਕਾਸ ਸ਼ਮੂਲੀਅਤ ਦੇ ਸਮਾਜਿਕ ਪ੍ਰਭਾਵਾਂ ਦਾ ਮੁੜ-ਮੁਲਾਂਕਣ ਕਰਨ ਲਈ ਇਕ ਕਾਰਜ-ਪ੍ਰਣਾਲੀ ਹੈ| ਆਮ ਤੌਰ ਤੇ, ਐਸ.ਆਈ.ਏ. ਨੂੰ ਯੋਜਨਾਬੱਧ ਪ੍ਰੋਜੈਕਟਾਂ ਲਈ ਕੀਤਾ ਜਾਂਦਾ ਹੈ ਪਰ ਇਸ ਪ੍ਰਕਿਰਿਆ ਨੂੰ ਗੈਰ-ਯੋਜਨਾਬੱਧ ਸਮਾਗਮਾਂ/ ਘਟਨਾਵਾਂ ਜਿਵੇਂ ਕਿ ਜਨਤਕ ਉਜਾੜਾ, ਮਹਾਂਮਾਰੀ ਨਾਲ ਜਨਸੰਖਿਆ ਤਬਦੀਲੀ ਦੀ ਸੋਸ਼ਲ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਵਰਤਿਆ ਜਾ ਸਕਦਾ ਹੈ| **(https://en.wikipedia.org/wiki/Social_impact_assessment#Definition)**

ਇਸ ਲਈ, ਐਸ.ਆਈ.ਏ., ਪ੍ਰਸਤਾਵਿਤ ਪ੍ਰੋਜੈਕਟ ਜਾਂ ਯੋਜਨਾ ਦੇ ਵਾਤਾਵਰਣ ਦੇ ਸਮਾਜਿਕ ਪਹਿਲੂਆਂ ਤੇ ਕੀ ਅਸਰ ਪੈ ਸਕਦਾ ਹੈ, ਉਸਨੂੰ ਵਿਸ਼ਲੇਸ਼ਣ ਕਰਨ ਦਾ ਤਰੀਕਾ ਹੈ| ਐਸ.ਆਈ.ਏ. ਲਈ ਖੇਤਰ ਤੋਂ ਆਮ ਤੌਰ ਤੇ ਹੇਠ ਲਿਖੇ ਵੇਰਵੇ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ:

1. ਕਿਵੇਂ ਲੋਕ ਰੋਜ਼ਾਨਾ ਅਧਾਰ 'ਤੇ ਇਕ ਦੂਜੇ ਨਾਲ ਰਹਿੰਦੇ ਹਨ, ਕੰਮ ਕਰਦੇ ਹਨ, ਖੇਡਦੇ ਹਨ ਅਤੇ ਗੱਲਬਾਤ ਕਰਦੇ ਹਨ|
2. ਕਿਵੇਂ ਲੋਕ ਆਰਥਿਕਤਾ, ਸਮਾਜਿਕ ਪ੍ਰਣਾਲੀਆਂ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਸੰਬੰਧਿਤ ਮੁੱਦਿਆਂ ਨਾਲ ਨਿਪਟਦੇ ਹਨ|
3. ਕਿਵੇਂ ਕੁਦਰਤੀ ਸਰੋਤ ਬਚਾਅ, ਮਨੋਰੰਜਨ ਅਤੇ ਹੋਰ ਧਾਰਮਿਕ ਗਤੀਵਿਧੀਆਂ ਲਈ ਵਰਤੇ ਜਾਂਦੇ ਹਨ|
4. ਕਿਵੇਂ ਸਮਾਜਿਕ ਅਤੇ ਸੱਭਿਆਚਾਰਕ ਅਦਾਰਿਆਂ ਨੇ ਵੱਖ-ਵੱਖ ਭਾਈਚਾਰੇ ਇਕੱਠੇ ਕੀਤੇ ਹਨ|
5. ਜਨਸੰਖਿਆ, ਸਿਹਤ, ਸਫਾਈ, ਪੋਸ਼ਣ, ਆਰਥਿਕਤਾ, ਆਦਿ ਦੀ ਕੁੱਲ ਪ੍ਰਭਾਵਿਤ ਆਬਾਦੀ ਬਾਰੇ ਵਿਸਤ੍ਰਿਤ ਜਾਣਕਾਰੀ|
6. ਸਾਰੇ ਸੰਵੇਦਨਸ਼ੀਲ ਪ੍ਰਭਾਵਿਤ ਪਰਿਵਾਰਾਂ ਬਾਰੇ ਵਿਸਤ੍ਰਿਤ ਜਾਣਕਾਰੀ|
7. ਪੰਚਾਇਤਾਂ / ਰਵਾਇਤੀ ਪਿੰਡਾਂ ਦੀਆਂ ਕੌਂਸਲਾਂ ਅਤੇ ਵੱਖ-ਵੱਖ ਖੇਤਰਾਂ ਵਿਚ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਕੀਤੇ ਗਏ ਜਨ-ਸਰਵੇਖਣ ਬਾਰੇ ਵੇਰਵਾ|
8. ਦੋਵੇਂ ਚੱਲ ਅਤੇ ਅਚੱਲ ਜਾਇਦਾਦ ਦੀ ਸੂਚੀ, ਜਿਸਦੇ ਨੁਕਸਾਨ/ਪ੍ਰਾਪਤੀ/ਗ੍ਰਹਿਣ ਹੋਣ ਦਾ ਡਰ ਹੈ|
9. ਕਮਿਊਨਿਟੀ ਜਾਇਦਾਦ ਅਤੇ ਕਮਿਊਨਿਟੀ-ਆਧਾਰਿਤ ਪਛਾਣ ਸੂਚਕਾਂ ਸਮੇਤ ਸਥਾਨਕ ਸੱਭਿਆਚਾਰਕ

ਵਸੀਲਿਆਂ ਦੀ ਵਿਸਥਾਰਤ ਅਤੇ ਸੰਪੂਰਨ ਸੂਚੀ, ਜੋ ਪ੍ਰੋਜੈਕਟ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ|

ਐਸ.ਆਈ.ਏ. ਹੁਣ ਇਕ ਵਿਕਾਸ ਪ੍ਰੋਜੈਕਟ ਤਿਆਰ ਕਰਨ ਦੀ ਪ੍ਰਕਿਰਿਆ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਹੈ, ਖਾਸ ਤੌਰ ਤੇ ਰੀਸੈਟਲਮੈਂਟਐਕਸ਼ਨ ਪਲਾਨ (ਆਰ.ਏ.ਪੀ.) ਦੀ ਤਿਆਰੀ ਲਈ|

ਇਸ ਪ੍ਰਕਿਰਿਆ ਵਿਚ, ਐਸ.ਆਈ.ਏ. ਨੂੰ ਸਮਾਜਿਕ-ਆਰਥਿਕ ਸਰਵੇਖਣ ਦੇ ਤੌਰ ਤੇ ਲਿਆ ਗਿਆ ਹੈ ਜੋ ਪ੍ਰੋਜੈਕਟ ਦੁਆਰਾ ਵਿਸਥਾਪਨ ਦਾ ਸਾਹਮਣਾ ਕਰਨ ਵਾਲੇ ਲੋਕਾਂ ਅਤੇ ਭਾਈਚਾਰਿਆਂ ਦੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਪ੍ਰਭਾਵਾਂ ਦੀ ਪਛਾਣ ਕਰਦਾ ਹੈ| ਇਸ ਤੋਂ ਇਲਾਵਾ, ਇਸ ਤਰ੍ਹਾਂ ਤਿਆਰ ਕੀਤੀ ਗਈ ਜਾਣਕਾਰੀ ਸੰਭਾਵੀ ਸਮਾਜਿਕ ਨਤੀਜੇ ਦੇ ਇੱਕ ਯਥਾਰਥਕ ਮੁਲਾਂਕਣ ਪ੍ਰਦਾਨ ਕਰਦੀ ਹੈ ਅਤੇ ਇਸ ਨੂੰ ਉਪਬੰਧ ਦੇ ਉਪਾਅ ਨੂੰ ਡਿਜ਼ਾਈਨ ਕਰਨ ਦੇ ਨਾਲ ਨਾਲ ਨਿਗਰਾਨੀ ਮੁਹਿੰਮ ਨੂੰ ਸੁਨਿਸ਼ਚਿਤ ਕਰਨ ਵਿਚ ਮਦਦ ਕਰਦਾ ਹੈ |

ਜ਼ਮੀਨ ਪਹਿਲਾਂ ਕੋਲੋਨੀਅਲ ਭੂਮੀ ਪ੍ਰਾਪਤੀ ਕਾਨੂੰਨ, 1894 ਦੇ ਸੰਵਿਧਾਨਕ ਵਿਵਸਥਾਵਾਂ ਅਧੀਨ ਪ੍ਰਾਪਤ ਕੀਤੀ ਜਾਂਦੀ ਸੀ| ਇਸ ਐਕਟ ਦੇ ਅਨੁਸਾਰ, ਜੇ ਪ੍ਰੋਜੈਕਟ ਸੜਕਾਂ, ਰੇਲਵੇ ਅਤੇ ਸਰਕਾਰੀ ਸੰਸਥਾਵਾਂ ਵਰਗੇ ਵੱਡੇ ਜਨਤਕ ਹਿੱਤਾਂ ਦੇ ਹੇਠਾਂ ਆਉਂਦੇ ਸਨ ਤਾਂ ਜ਼ਮੀਨ ਹਾਸਲ ਕਰਨ ਲਈ ਜਨਤਕ ਸਹਿਮਤੀ ਲੈਣ ਦੀ ਲੋੜ ਨਹੀਂ ਪੈਂਦੀ ਸੀ| ਹਾਲਾਂਕਿ, ਜ਼ਮੀਨ ਦੀ ਪ੍ਰਾਪਤੀ ਲਈ ਇਹ ਆਰਕਿਕ ਅਤੇ ਕੋਲੋਨੀਅਲ ਭੂਮੀ ਗ੍ਰਹਿਣ ਐਕਟ, 1894, ਤੇ ਵੱਖ ਵੱਖ ਕਾਰਕੁੰਨਾਂ (ਸਰਕਾਰੀ ਅਤੇ ਗ਼ੈਰ-ਸਰਕਾਰੀ) ਦੁਆਰਾ ਸਮੇਂ-ਸਮੇਂ ਤੇ ਜ਼ਮੀਨ ਦੀ ਪ੍ਰਾਪਤੀ ਲਈ ਸਵਾਲ ਉਠਾਏ ਗਏ ਸਨ| ਜ਼ਮੀਨ ਐਕਵਾਇਰ ਦੀ ਪ੍ਰਕਿਰਿਆ ਵਿਚ ਪਾਰਦਰਸ਼ਤਾ ਲਿਆਉਣ ਲਈ ਇਕ ਸੋਧ ਲਈ ਦੁਬਾਰਾ ਅਪੀਲ ਕੀਤੀ ਗਈ ਸੀ|

ਲੰਬੀ ਕਾਨੂੰਨੀ ਲੜਾਈ ਤੋਂ ਬਾਅਦ, 2013 ਵਿੱਚ, ਸੋਧਿਆ ਹੋਇਆ ਨਵਾਂ ਭੂਮੀ ਪ੍ਰਾਪਤੀ ਐਕਟ ਨੂੰ "ਭੂਮੀ ਗ੍ਰਹਿਣ, ਪੁਨਰਵਾਸ ਅਤੇ ਮੁੜਸਥਾਪਤੀ ਵਿਚ ਉਚਿਤ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ (ਆਰ.ਐਫ.ਸੀ.ਟੀ.ਐਲ.ਆਰ.ਆਰ.) ਐਕਟ, 2013" ਦੇ ਰੂਪ ਵਿੱਚ ਦੁਬਾਰਾ ਸ਼ੁਰੂ ਕੀਤਾ ਗਿਆ ਸੀ ਜਿਸ ਵਿੱਚ ਕਿਸੇ ਵੀ ਵਿਕਾਸ ਪ੍ਰੋਜੈਕਟ ਤੋਂ ਹੋਣ ਵਾਲੇ ਕਿਸੇ ਕਿਸਮ ਦੇ ਵਿਕਾਸ ਅਤੇ ਵਿਸਥਾਪਨ ਦੇ ਸਮਾਜਿਕ ਪ੍ਰਭਾਵ ਵਿਸ਼ਲੇਸ਼ਣ (ਐਸ.ਆਈ.ਏ.) ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ| 2013 ਦਾ ਇਹ ਨਵਾਂ ਭੂਮੀ ਅਧਿਕਰਣ ਐ,ਕਟ ਇਹ ਯਕੀਨੀ ਬਣਾਉਂਦਾ ਹੈ ਕਿ ਸੰਪੱਤੀ ਜ਼ਮੀਨ ਦੀ ਵਰਤਮਾਨ ਮਾਰਕੀਟ ਕੀਮਤ, ਭਾਈਚਾਰੇ ਦੀ ਸੁਰੱਖਿਆ ਲਈ LAA 2013 ਦੇ ਸੰਵਿਧਾਨਕ ਪ੍ਰਬੰਧਾਂ ਦੇ ਘੇਰੇ ਹੇਠ ਲਿਆਂਦੀ ਜਾਣੀ ਚਾਹੀਦੀ ਹੈ|

## 1.1. ਸਮਾਜਿਕ ਪ੍ਰਭਾਵ ਮੁਲਾਂਕਣ ਨੂੰ ਲਾਗੂ ਕਰਨ ਦੇ ਫਾਇਦੇ

ਵਿਵਸਥਿਤ ਐਸ.ਆਈ.ਏ. ਕਰਨ ਦੇ ਮੁੱਖ ਫਾਇਦੇ ਹੇਠ ਲਿਖੇ ਹਨ

1. ਪ੍ਰਭਾਵਿਤ ਸਮੂਹਾਂ ਦੀ ਪਛਾਣ ਕਰਨਾ: ਐਸ.ਆਈ.ਏ., ਦੁਆਰਾ ਪ੍ਰਭਾਸ਼ਿਤ ਲੋਕਾਂ ਅਤੇ ਸਮੂਹਾਂ ਦੀ ਪਛਾਣ ਕਰਨ ਵਿਚ ਸਹਾਇਤਾ ਕਰਦਾ ਹੈ|
2. ਸੁਤੰਤਰ ਅਤੇ ਨਿਰਪੱਖ ਸੂਚਨਾ ਸਾਂਝਾ ਕਰਨਾ: ਐਸ.ਆਈ.ਏ., ਸੁਤੰਤਰ ਅਤੇ ਨਿਰਪੱਖ ਜਾਣਕਾਰੀ ਦੇ ਵੱਖ-ਵੱਖ ਹਿੱਸੇਦਾਰਾਂ ਦੇ ਆਦਾਨ-ਪ੍ਰਦਾਨ ਵਿਚ ਸੁਨਿਸ਼ਚਿਤ ਕਰਦਾ ਹੈ|
3. ਨਕਰਾਤਮਕ ਪ੍ਰਭਾਵ ਤੋਂ ਬਚਾਓ: ਐਸ.ਆਈ.ਏ., ਨਕਰਾਤਮਕ ਪ੍ਰਭਾਵ ਨੂੰ ਰੋਕਣ, ਘਟਾਉਣ ਜਾਂ ਪ੍ਰਬੰਧ ਕਰਨ ਲਈ ਉਪਚਾਰ ਉਪਾਅ ਤਿਆਰ ਕਰਨ ਦਾ ਆਧਾਰ ਮੁਹੱਈਆ ਕਰਦੀ ਹੈ|
4. ਸਕਾਰਾਤਮਕ ਪ੍ਰਭਾਵ ਨੂੰ ਵਧਾਉਣਾ: ਐਸ.ਆਈ.ਏ. ਦੀ ਤਿਆਰੀ ਪ੍ਰੋਜੈਕਟ ਲਾਭਾਂ ਨੂੰ ਵੱਧ ਤੋਂ ਵੱਧ/ਸਾਂਝਾ ਕਰਨ ਦੇ ਉਪਾਵਾਂ ਦੀ ਪਛਾਣ ਕਰਨ ਵਿਚ ਵੀ ਮਦਦ ਕਰਦੀ ਹੈ|
5. ਲਾਗਤ ਘਟਾਉਣਾ: ਸ਼ੁਰੂਆਤੀ ਪੜਾਅ 'ਤੇ ਸੋਸ਼ਲ ਪ੍ਰਭਾਵਾਂ ਨੂੰ ਸੰਬੋਧਨ ਕਰਨਾ ਭਵਿੱਖ ਵਿੱਚ ਵੱਡੀਆਂ ਗਲਤੀਆਂ ਤੋਂ ਬਚਣ ਵਿੱਚ ਮਦਦ ਕਰਦਾ ਹੈ|
6. ਤੇਜੀ ਨਾਲ ਮਨਜ਼ੂਰੀ ਪ੍ਰਾਪਤ ਕਰਨਾ: ਇੱਕ ਚੰਗੀ ਤਿਆਰ ਐਸ.ਆਈ.ਏ. ਦਰਸ਼ਾਉਂਦਾ ਹੈ ਕਿ ਸਮਾਜਿਕ ਪ੍ਰਭਾਵਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ ਅਤੇ ਪ੍ਰੋਜੈਕਟ ਪ੍ਰਵਾਨਗੀ ਨੂੰ ਤੇਜ਼ੀ ਨਾਲ ਪ੍ਰਾਪਤ ਕੀਤਾ ਜਾਂਦਾ ਹੈ|

1.2. ਐਸ.ਆਈ.ਏ. ਦੀਆਂ ਜ਼ਿੰਮੇਵਾਰੀਆਂ

1. ਉਹਨਾਂ ਨੂੰ ਬਹੁਤ ਸਾਰੇ ਸਮੁਦਾਏ ਦੇ ਮੈਂਬਰਾਂ ਨੂੰ ਜਿੰਨਾ ਨਾਲ ਸੰਭਵ ਹੋ ਸਕੇ ਸ਼ਾਮਲ ਕਰਨਾ ਚਾਹੀਦਾ ਹੈ, ਜਿੰਨਾ ਦੀ ਕਿਸੇ ਪ੍ਰੋਜੈਕਟ ਦੇ ਲਾਗੂ ਹੋਣ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ|
2. ਉਹਨਾਂ ਨੂੰ ਸਕਾਰਾਤਮਕ ਅਤੇ ਨਕਰਾਤਮਕ ਨਤੀਜੇ ਵੀ ਮੰਨਣੇ ਚਾਹੀਦੇ ਹਨ ਤਾਂ ਜੋ ਉਹਨਾਂ ਨੂੰ ਖੁੱਲ੍ਹੇਆਮ ਵਿਚਾਰਿਆ ਜਾ ਸਕੇ|
3. ਉਨ੍ਹਾਂ ਨੂੰ ਆਰਥਿਕ ਅਤੇ ਵਿਕਾਸ ਦੀਆਂ ਜ਼ਰੂਰਤਾਂ ਦੀ ਸਮਾਜਿਕ ਲੋੜਾਂ ਨਾਲ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ|

4. ਐਸ.ਆਈ.ਏ ਦੀ ਟੀਮ ਸਮਾਜ ਨਾਲ ਘੁਲਣ ਮਿਲਣ ਵਾਲੀ ਹੋਣੀ ਚਾਹੀਦੀ ਹੈ ਤਾਂ ਜੋ ਬਿਨਾ ਝਿਜਕ ਪ੍ਰਭਾਵਿਤ ਲੋਕਾਂ ਨਾਲ ਗੱਲ ਬਾਤ ਕਰ ਸਕਣ

1.3. ਪ੍ਰੋਜੈਕਟ- ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ 39 ਤੱਕ

**ਪ੍ਰੋਜੈਕਟ ਦੇ ਸੰਬੰਧ ਵਿੱਚ ਸੂਚਨਾ**

ਜ਼ਮੀਨ ਪ੍ਰਾਪਤੀ ਅਧਿਕਾਰੀ (ਐਲ.ਏ.ਓ.) ਦੁਆਰਾ "ਪ੍ਰੋਜੈਕਟ- ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ 39 ਤੱਕ" ਦੀ ਉਸਾਰੀ ਦੇ ਸੰਬੰਧ ਵਿੱਚ ਸੂਚਨਾ ਖੇਤਰੀ, ਸਥਾਈ ਅਤੇ ਦੂਸਰੀਆਂ ਭਾਸ਼ਾਵਾਂ ਦੇ ਅਖ਼ਬਾਰ ਵਿਚ 14 ਜੂਨ 2018 ਨੂੰ ਜਾਰੀ ਕੀਤੀ ਗਈ ਸੀ| (ਅਨੁਲੱਗ –I)

ਇੰਜੀਨੀਅਰਿੰਗ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਦੁਆਰਾ ਸਾਈਟ 'ਤੇ ਦਿੱਤੀ ਗਈ ਸੀਮਾ ਦੇ ਅਨੁਸਾਰ, ਜ਼ਮੀਨ ਦੇ "ਖਸਰਾ" ਦਾ ਸਰਵੇਖਣ ਤਹਿਸੀਲਦਾਰ (ਮਾਲ ਵਿਭਾਗ), ਯੂ. ਟੀ., ਚੰਡੀਗੜ੍ਹ ਦੀ ਨਿਗਰਾਨੀ ਹੇਠ ਭੂਮੀ ਪ੍ਰਾਪਤੀ ਅਤੇ ਮਾਲ ਵਿਭਾਗ ਦੇ ਫੀਲਡ ਸਟਾਫ ਦੁਆਰਾ ਸਾਂਝੇ ਤੌਰ ਤੇ ਕੀਤਾ ਗਿਆ ਹੈ| ਪ੍ਰਸਤਾਵਿਤ ਸੜਕ ਦੀ ਲੰਬਾਈ 1204 ਮੀਟਰ ਅਤੇ ਚੌੜਾਈ 60.96 ਮੀਟਰ ਹੈ| ਇਸ ਬਾਈਪਾਸ ਪ੍ਰੋਜੈਕਟ ਲਈ 18.13 ਏਕੜ ਜ਼ਮੀਨ ਦੀ ਲੋੜ ਹੈ| ਇਹ ਜ਼ਮੀਨ ਪਿੰਡ ਡੱਡੂ ਮਾਜਰਾ ਹੱਦਬਸਤ ਨੰ 14 (ਲੱਗਭਗ 12.23 ਏਕੜ) ਤੋਂ ਅਤੇ ਪਿੰਡ ਧਨਾਸ ਦੇ ਹੱਦਬਸਤ ਨੰ. 15 (ਲੱਗਭਗ 5.57 ਏਕੜ) ਤੋਂ ਪ੍ਰਾਪਤ ਕੀਤੀ ਜਾਵੇਗੀ|

ਅੰਗ੍ਰੇਜ਼ੀ ਅਖ਼ਬਾਰ 'ਦਿ ਟ੍ਰਿਬਿਊਨ' ਵਿਚ ਪ੍ਰਕਾਸ਼ਤ ਨੋਟੀਫਿਕੇਸ਼ਨ ਅਨੁਸਾਰ ਚੰਡੀਗੜ ਪ੍ਰਸ਼ਾਸਨ (ਯੂ.ਟੀ.) ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ ਦੇ ਵਾਈਸ ਚਾਂਸਲਰ ਨਾਲ ਸੰਪਰਕ ਕੀਤਾ | ਜਿਸ ਨੂੰ ਭੂਮੀ ਪ੍ਰਾਪਤੀ, ਮੁੜ ਵਸੇਬਾ ਅਤੇ ਪੁਨਰਵਾਸ ਕਾਨੂੰਨ, 2013 ਦੇ ਅਨੁਸਾਰ ਸਮਾਜਿਕ ਪ੍ਰਭਾਵ ਮੁਲਾਂਕਣ (ਐਸ. ਆਈ. ਏ.) ਕਰਵਾਉਣ ਲਈ ਕਿਹਾ ਗਿਆ | ਬਾਅਦ ਵਿਚ, ਸੀ.ਆਈ.ਆਈ.ਪੀ.ਪੀ. ਦੇ ਡਾਇਰੈਕਟਰ ਨੇ ਮਾਨਵ ਵਿਗਿਆਨ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ ਨੂੰ ਇਹ ਪ੍ਰੋਜੈਕਟ ਸੌਂਪਿਆ|

ਇਸ ਨੋਟੀਫਿਕੇਸ਼ਨ ਨੇ ਸਮਾਜਿਕ ਪ੍ਰਭਾਵ ਮੁਲਾਂਕਣਾਂ ਦੇ ਉਦੇਸ਼ਾਂ ਬਾਰੇ ਹਿੱਸੇਦਾਰਾਂ ਨੂੰ ਵੀ ਸੂਚਿਤ ਕੀਤਾ ਜੋ ਹੇਠ ਲਿਖੇ ਅਨੁਸਾਰ ਹਨ:

- ਇਹ ਅਨੁਮਾਨ ਲਗਾਉਣ ਲਈ ਕਿ ਪ੍ਰਸਤਾਵਿਤ ਜ਼ਮੀਨ ਪ੍ਰਾਪਤੀ ਜਨਤਕ ਉਦੇਸ਼ ਲਈ ਹੈ|
- ਪ੍ਰਭਾਵਿਤ ਪਰਿਵਾਰਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਅਤੇ ਉਹਨਾਂ ਦੇ ਪਰਿਵਾਰਾਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਜਿਹਨਾਂ ਦੇ ਵਿਸਥਾਪਿਤ ਹੋਣ ਦੀ ਸੰਭਾਵਨਾ ਹੈ|
- ਜ਼ਮੀਨ ਦੀ ਹੱਦ ਨੂੰ ਸਮਝਣਾ- ਜਨਤਕ ਅਤੇ ਪ੍ਰਾਈਵੇਟ, ਘਰ ਅਤੇ ਹੋਰ ਆਮ ਸੰਪਤੀਆਂ ਜਿਹੜੀਆਂ ਪ੍ਰਸਤਾਵਿਤ ਜ਼ਮੀਨ ਪ੍ਰਾਪਤੀ ਨਾਲ ਪ੍ਰਭਾਵਤ ਹੋਣ ਦੀ ਸੰਭਾਵਨਾ ਹੈ|
- ਪ੍ਰੋਜੈਕਟ ਲਈ ਲੋੜੀਂਦੀ ਜਮੀਨ ਦੀ ਹੱਦ ਬਾਰੇ ਸਮਝਣਾ|
- ਵਿਸ਼ਲੇਸ਼ਣ ਕਰਨਾ ਕਿ ਕੀ ਉਦੇਸ਼ ਲਈ ਕਿਸੇ ਵੀ ਬਦਲਵੇਂ ਸਥਾਨ ਦੀ ਸੰਭਾਵਨਾ ਹੋਵੇਗੀ|
- ਪ੍ਰੋਜੈਕਟ ਦੇ ਸਮਾਜਿਕਅਸਰ,ਪ੍ਰਕਿਰਤੀ, ਉਨ੍ਹਾਂ ਨੂੰ ਸੰਬੋਧਨ ਕਰਨ ਦੀ ਸਮੁੱਚੀ ਲਾਗਤ ਅਤੇ ਉਨ੍ਹਾਂ ਦੇ ਇਸ ਪ੍ਰੋਜੈਕਟ ਦੀ ਲਾਗਤ ਦੇ ਪ੍ਰਭਾਵ, ਪ੍ਰੋਜੈਕਟ ਦੇ ਲਾਭਾਂ ਦਾ ਅਧਿਐਨ ਕਰਨਾ|


## 1.4 ਪ੍ਰੋਜੈਕਟ ਦੇ ਫਾਇਦੇ

ਇਸ ਬਾਈਪਾਸ ਦੀ ਉਸਾਰੀ ਨਾਲ ਨੇੜਲੇ ਇਲਾਕਿਆਂ ਲਈ ਆਵਾਜਾਈ ਦਾ ਸੁਧਾਰ ਹੋਵੇਗਾ| ਸੜਕ ਦੇ ਵਿਕਾਸ ਨਾਲ ਖੇਤਰ ਦੀ ਪਬਲਿਕ ਟ੍ਰਾਂਸਪੋਰਟ ਸਹੂਲਤਾਂ ਵਿਚ ਸੁਧਾਰ ਹੋਵੇਗਾ, ਇਸ ਨਾਲ ਸਫ਼ਰ ਕਰਨ ਅਤੇ ਯਾਤਰਾ ਸਮਾਂ ਘਟਾਉਣ ਵਿਚ ਲਾਭ ਮਿਲੇਗਾ| ਇਸ ਤਰਾਂ ਦੇ ਪ੍ਰੋਜੈਕਟ ਨਾਲ ਬੁਨਿਆਦੀ ਢਾਂਚੇ ਦਾ ਵਿਕਾਸ ਹੁੰਦਾ ਹੈ | ਇਸ ਨਾਲ ਨੇੜਲੇ ਇਲਾਕਿਆਂ ਵਿਚ ਜ਼ਮੀਨ ਦੀ ਕੀਮਤਾਂ ਵਿਚ ਤੁਲਨਾਤਮਕ ਵਾਧਾ ਹੋ ਸਕਦਾ ਹੈ| ਇਹ ਪ੍ਰਸਤਾਵਿਤ ਬਾਈਪਾਸ ਰਾਹੀਂ ਪੇਂਡੂ-ਸ਼ਹਿਰੀ ਸੰ ਪਰਕ ਵਿਚ ਸੁਧਾਰ ਹੋਵੇਗਾ| ਇਹ ਸਾਮਾਨ, ਪੂੰਜੀ ਅਤੇ ਮਸ਼ੀਨਾਂ ਦੇ ਆਦਾਨ-

ਪ੍ਦਾਨ ਨੂੰ ਸੁਖਾਲਾ ਕਰੇਗਾ| ਪ੍ਰਸਤਾਵਿਤ ਪ੍ਰੋਜੈਕਟ, ਚੰਗੇ ਬੁਨਿਆਦੀ ਢਾਂਚੇ ਦੇ ਵਿਕਾਸ ਦੁਆਰਾ, ਵਿਸ਼ਾਲ ਅਤੇ ਵੱਖੋ-ਵੱਖਰੇ ਨਿਵੇਸ਼ਾਂ ਅਤੇ ਗੁਣਵੱਤਾ ਦੇ ਆਧਾਰ ਤੇ ਵਿਸ਼ਾਲ ਬਾਜ਼ਾਰ ਤੱਕ ਵਪਾਰ ਦੀ ਪਹੁੰਚ ਨਿਸਚਿੰਤ ਕਰੇਗਾ| ਇਸ ਦੇ ਅਧੀਨ ਹੋਣ ਵਾਲੀ ਉਚ ਦਰਜੇ ਦੀ ਉਸਾਰੀ ਨਾਲ ਕਈ ਅਗਾਹਵਧੂ ਅਤੇ ਵਪਾਰਕ ਗਤੀਵੀਧੀਆਂ ਨੂੰ ਹੱਲਾਸ਼ੇਰੀ ਮਿਲੇਗੀ|

1.5. ਪ੍ਰੋਜੈਕਟ ਦਾ ਢਾਂਚਾ

ਚੰਡੀਗੜ੍ਹ ਪ੍ਰਸ਼ਾਸਨ ਦੀ ਯੋਜਨਾ ਅਨੁਸਾਰ ਬਾਈਪਾਸ (ਪੀ.ਆਰ.-4) ਦੀ ਉਸਾਰੀ ਉਚ ਪੱਧਰੀ ਪੁੱਲ; ਡੱਡੂ ਮਾਜਰਾ ਤੋਂ ਯੂ.ਟੀ. ਨੂੰ (ਮੁੱਲਾਂਪੁਰ ਵਲੋਂ) ਹੋਵੇਗੀ| ਪ੍ਰਸਤਾਵਿਤ ਸੜਕ ਦੀ ਲੰਬਾਈ 1204 ਮੀਟਰ ਅਤੇ ਚੌੜਾਈ 60.96 ਮੀਟਰ ਹੈ| ਇਸ ਬਾਈਪਾਸ ਪ੍ਰੋਜੈਕਟ ਲਈ 18.13 ਏਕੜ ਜ਼ਮੀਨ ਦੀ ਲੋੜ ਹੈ| ਇਹ ਜ਼ਮੀਨ ਚੰਡੀਗੜ੍ਹ ਦੇ ਪਿੰਡ ਡੱਡੂ ਮਾਜਰਾ ਅਤੇ ਪਿੰਡ ਧਨਾਸ ਤੋਂ ਪ੍ਰਾਪਤ ਕੀਤੀ ਜਾਵੇਗੀ|




ਨਕਸ਼ਾ 1:1 ਪ੍ਰਸਤਾਵਿਤ ਬਾਈਪਾਸ ਪ੍ਰੋਜੈਕਟ ਦਾ ਨਕਸ਼ਾ

## 1.6. ਘਟਨਾਵਾਂ ਦੀ ਸਮਾਂ-ਸੀਮਾ

ਚੰਡੀਗੜ ਪ੍ਰਸ਼ਾਸਨ (ਯੂ.ਟੀ.) ਨੇ 11 ਜੂਨ 2018 ਨੂੰ ਸੂਚਿਤ ਕੀਤਾ ਅਤੇ ਪ੍ਰਸਤਾਵਿਤ ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ 39, ਚੰਡੀਗੜ੍ਹ (ਪੀ.ਆਰ. 4) ਦੇ ਸਮਾਜਿਕਪ੍ਰਭਾਵ ਮੁਲਾਂਕਣ ਅਧਿਐਨ ਲਈ (ਭੂਮੀ ਪ੍ਰਾਪਤੀ ਕਾਨੂੰਨ 2013 ਦੀ ਧਾਰਾ 6 ਦੇ ਤਹਿਤ) ਮਾਨਵ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਮਨਜ਼ੂਰੀ ਦਿੱਤੀ| ਟੀਮ ਲਈ ਇੰਟਰਵਿਊ 13 ਜੁਲਾਈ 2018 ਨੂੰ ਪੰਜਾਬ ਯੂਨੀਵਰਸਿਟੀ, ਚੰਡੀਗੜ ਦੇ ਉਪ-ਕੁਲਪਤੀ ਦੁਆਰਾ ਮਨਜ਼ੂਰ ਚੋਣ ਕਮੇਟੀ ਦੁਆਰਾ ਆਯੋਜਿਤ ਕੀਤੀ ਗਈ ਸੀ| ਪੰਜਾਬ ਯੂਨੀਵਰਸਿਟੀ ਦੇ ਉਪ-ਕੁਲਪਤੀ ਦੁਆਰਾ ਚੁਣੇ ਗਏ ਉਮੀਦਵਾਰਾਂ ਦੇ ਨਾਂ ਮਨਜ਼ੂਰ ਕੀਤੇ ਗਏ|

ਐਸ.ਆਈ.ਏ. ਪ੍ਰੋਜੈਕਟ ਟੀਮ ਦੇ ਪ੍ਰਮੁੱਖ ਸਲਾਹਕਾਰ ਪ੍ਰੋ. ਏ. ਕੇ. ਸਿਨਹਾ (ਮਾਨਵ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ) ਹਨ| ਐਸ.ਆਈ.ਏ. ਟੀਮ ਦੇ ਬਾਕੀ ਮੇਂਬਰ -

**ਖੋਜ ਸਹਿਯੋਗੀ**

ਡਾ. ਰੁੱਚੀ ਸ਼ਰਮਾ

**ਪ੍ਰੋਜੈਕਟ ਸਹਾਇਕ**

ਸਚਿਨ ਪੂਨੀਆ

ਰਿਤੂ ਪੋਖਰਿਯਾਲ

24/7/2018 ਨੂੰ ਐਸ.ਆਈ.ਏ.ਟੀਮ ਜ਼ਮੀਨ ਪ੍ਰਾਪਤੀ ਅਧਿਕਾਰੀ, ਏਸ੍ਟੇਟ ਦਫਤਰ, ਸੈਕਟਰ -17, ਚੰਡੀਗੜ ਨੂੰ ਮਿਲੀ| ਟੀਮ ਨੂੰ ਐਸ.ਆਈ.ਏ. ਅਧਿਐਨ ਲਈ ਪ੍ਰੋਜੈਕਟ ਨਾਲ ਸੰਬੰਧਿਤ ਲੋੜੀਂਦੇ ਦਸਤਾਵੇਜ਼ ਪ੍ਰਦਾਨ ਕੀਤੇ ਗਏ ਸਨ| ਦਸਤਾਵੇਜ਼ਾਂ ਦੀ ਸੂਚੀ –

- ਸੜ੍ਹਕ ਨਕਸ਼ੇ ਦੇ ਨਾਲ ਖਸਰੇ ਦੇ ਵੇਰਵੇ
- ਪ੍ਰੋਜੈਕਟ ਤੋਂ ਪ੍ਰਭਾਵਿਤ ਜ਼ਮੀਨ ਦੀ ਮਲਕੀਅਤ
- ਧਨਾਸ ਅਤੇ ਡੱਡੂ ਮਾਜਰਾ ਪਿੰਡ ਦਾ ਨਕਸ਼ਾ
- ਪਿਛਲੇ ਤਿੰਨ ਸਾਲਾਂ ਦੌਰਾਨ ਜ਼ਮੀਨੀ ਵਿਕਰੀ ਦੀ ਔਸਤ ਦਰ (ਅਨੁਲਗ - III ਤੋਂ VI)

(25/07/2018) ਨੂੰ ਐਸ.ਆਈ.ਏ. ਟੀਮ ਨੇ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ| ਇਹ ਦੌਰਾ ਪ੍ਰਸਤਾਵਿਤ ਜ਼ਮੀਨ ਦੇ ਸ਼ੁਰੂਆਤੀ ਦ੍ਰਿਸ਼ਟੀਕੋਣ ਅਤੇ ਸਰਵੇਖਣ ਬਾਰੇ ਅਧਿਕਾਰੀਆਂ ਅਤੇ ਪਿੰਡਾਂ ਦੇ ਲੋਕਾਂ ਨੂੰ ਸੂਚਿਤ ਕਰਨ ਲਈ ਕੀਤਾ ਗਿਆ ਸੀ| ਐਸ.ਆਈ.ਏ. ਟੀਮ ਨੇ ਨਾਇਬ-ਤਹਿਸੀਲਦਾਰ (ਸ਼੍ਰੀ ਸੁਰੇਸ਼ ਕੁਮਾਰ) ਅਤੇ ਪਟਵਾਰੀ (ਸ਼੍ਰੀ ਰਾਜਿੰਦਰ ਸਿੰਘ) ਸਮੇਤ ਪਿੰਡ ਧਨਾਸ ਵਿਚ ਸ੍ਰੀ ਕੁਲਜੀਤ ਸਿੰਘ (ਸਰਪੰਚ) ਨਾਲ ਮੁਲਾਕਾਤ ਕੀਤੀ| ਉਹਨਾਂ ਨੂੰ ਪ੍ਰੋਜੈਕਟ ਦਾ

ਮੰਤਵ ਸਮਝਾਇਆ ਗਿਆ ਅਤੇ ਉਹਨਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਪ੍ਰੋਜੈਕਟ ਦਾ ਕੰਮ ਕਰਨ ਵਿਚ ਟੀਮ ਨੂੰ ਸਹਾਇਤਾ ਦੇਣ| ਉਨ੍ਹਾਂ ਨੇ ਟੀਮ ਨੂੰ ਭਰੋਸਾ ਦਿਵਾਇਆ ਕਿ ਇਕ ਸੁਰੱਖਿਆ ਗਾਰਡ (ਚੌਂਕੀਦਾਰ) ਟੀਮ ਦੀ ਸਹਾਇਤਾ ਕਰੇਗਾ| ਕਿਉਂਕਿ ਇਹ ਚੌਂਕੀਦਾਰ ਸਾਰੇ ਨਿਵਾਸੀਆਂ ਅਤੇ ਸਥਾਨਕ ਖੇਤਰ ਨਾਲ ਜਾਣੂ ਸੀ|

ਐਸ.ਆਈ.ਏ. ਟੀਮ, ਨਾਇਬ-ਤਹਿਸੀਲਦਾਰ ਅਤੇ ਪਟਵਾਰੀ ਦੀ ਸਹਾਇਤਾ ਨਾਲ ਪਿੰਡ ਡੱਡੂ ਮਾਜਰਾ ਦੇ ਨੰਬਰਦਾਰ (ਸ੍ਰੀ ਜੈ ਪ੍ਰਕਾਸ਼) ਨੂੰ ਸ੍ਰੀ ਚਾਂਦ ਕਿਰਨ (ਸਥਾਨਕ ਨਿਵਾਸੀ) ਦੇ ਘਰ ਮਿਲੇ| ਪ੍ਰੋਜੈਕਟ ਅਧੀਨ ਜ਼ਮੀਨ ਦੇ ਹਿੱਸੇਦਾਰਾਂ ਦਾ ਪਤਾ ਅਤੇ ਟਿਕਾਣਾ ਉਨ੍ਹਾਂ ਨਾਲ ਵਿਚਾਰਿਆ ਗਿਆ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਜ਼ਮੀਨ ਦੇ ਮਾਲਕਾਂ ਨਾਲ ਮੁਲਾਕਾਤ ਕਰਵਾਓਣ ਵਿਚ ਮਦਦ ਕਰਨ|

ਟੀਮ ਨੇ ਪਿੰਡ ਧਨਾਸ ਦੇ ਸਰਪੰਚ ਅਤੇ ਪਿੰਡ ਡੱਡੂ ਮਾਜਰਾ ਦੇ ਨਿਵਾਸੀਆਂ ਨੂੰ ਇੰਟਰਵਿਊ ਸ਼ਡਿਊਲ (ਪੰਜਾਬੀ ਅਤੇ ਅੰਗ੍ਰੇਜ਼ੀ ਸੰਸਕਰਣ (ਅਨੁਲਗ - VII) ਦੀ ਕਾਪੀ ਪ੍ਰਦਾਨ ਕੀਤੀ ਤਾਂ ਜੋ ਉਹ ਇਸ ਅਧਿਐਨ ਦੀ ਸਾਰਥਕਤਾ ਬਾਰੇ ਸੰਖੇਪ ਵਿਚ ਹੋਰ ਹਿਸੇਦਾਰਾਂ ਨੂੰ ਸਮਝਾ ਸਕਣ|

ਇਸ ਤੋਂ ਬਾਅਦ ਐਸ.ਆਈ.ਏ. ਟੀਮ ਨੇ ਪਿੰਡ ਧਨਾਸ ਅਤੇ ਪਿੰਡਾ ਡੱਡੂ ਮਾਜਰਾ ਦੇ ਹਿਸੇਦਾਰਾਂ ਨਾਲ ਰੋਜ਼ਾਨਾ ਮੁਲਾਕਾਤ ਕੀਤੀ ਤਾਂ ਕਿ ਸਬੰਧਤ ਧਿਰਾਂ ਤੋਂ ਡੇਟਾ ਇਕੱਤਰ ਕੀਤਾ ਜਾ ਸਕੇ| ਐਸ.ਆਈ.ਏ ਟੀਮ ਨੇ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਨਾਲ ਡੂੰਘਾਈ ਨਾਲ ਗੱਲਬਾਤ ਕੀਤੀ|

ਪ੍ਰੋਜੈਕਟ "ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ -39 ਚੰਡੀਗੜ (ਪੀ.ਆਰ.- 4)" ਦੇ ਸਮਾਜਿਕ ਪ੍ਰਭਾਵ ਮੁਲਾਂਕਣ (ਐਸ. ਆਈ. ਏ.) ਦੀ ਮੁਢਲੀ ਰਿਪੋਰਟ (ਅੰਗਰੇਜ਼ੀ ਵਿਚ) 10 ਅਗਸਤ, 2018 ਨੂੰ ਅਤੇ ਇਸਦਾ ਪੰਜਾਬੀ ਅਨੁਵਾਦ /ਸੰਸਕਰਣ 14 ਅਗਸਤ 2018 ਨੂੰ ਜ਼ਮੀਨ ਪ੍ਰਾਪਤੀ ਅਧਿਕਾਰੀ, ਯੂ.ਟੀ. ਚੰਡੀਗੜ੍ਹ ਨੂੰ ਜਮ੍ਹਾਂ ਕਰਵਾਈ ਗਈ| ਜ਼ਮੀਨ ਪ੍ਰਾਪਤੀ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੁਆਰਾ ਜਨਤਕ ਸੁਣਵਾਈ ਦੀ ਤਾਰੀਖ਼ 10

ਸਤੰਬਰ 2018 ਅਜੀਤ, ਪੰਜਾਬ ਕੇਸਰੀ ਅਤੇ ਦ ਹਿੰਦੁਸਤਾਨ ਟਾਈਮਜ਼ ਅਖ਼ਬਾਰਾਂ ਵਿਚ 24 ਅਗਸਤ 2018 ਨੂੰ ਐਲਾਨੀ ਗਈ ਸੀ| ( ਅਨੁਲਗ – VIII)

ਜਨਤਕ ਸੁਣਵਾਈ 10/9/2018 ਨੂੰ ਗੁਰੂਦੁਆਰਾ ਸਾਹਿਬ, ਪਿੰਡ ਡੱਡੂ ਮਾਜਰਾ ਵਿਖੇ ਸਵੇਰੇ 11:00 ਤੋਂ ਦੁਪਹਿਰ 1:00 ਵਜੇ ਅਤੇ ਉਸੇ ਤਾਰੀਖ਼ ਨੂੰ ਦੁਪਹਿਰ 2:00 ਤੋਂ 4:00 ਵਜੇ ਈ-ਸੰਪਰਕ ਕੇਂਦਰ, ਪਿੰਡ ਧਨਾਸ ਵਿਚ ਕੀਤੀ ਗਈ ਸੀ| ਜਨਤਕ ਸੁਣਵਾਈ ਐਸ.ਆਈ.ਏ ਟੀਮ. ਦੁਆਰਾ ਕੀਤੀ ਗਈ ਸੀ, ਸ਼੍ਰੀ. ਅਰਜੁਨ ਸ਼ਰਮਾ; ਆਈ.ਏ.ਐਸ-ਐਲ. ਏ. ਓ., ਨੇ ਵੀ ਜਨਤਕ ਸੁਣਵਾਈ ਵਿਚ ਹਿੱਸਾ ਲਿਆ ਅਤੇ ਸਾਂਝੇਦਾਰਾਂ ਨਾਲ ਗੱਲਬਾਤ ਕੀਤੀ| ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਨੇ ਮੁਆਵਜ਼ੇ ਅਤੇ ਜ਼ਮੀਨ ਦੇ ਪ੍ਰਾਪਤੀ ਦੇ ਸੰਬੰਧ ਵਿੱਚ ਆਪਣੀਆਂ ਚਿੰਤਾਵਾਂ ਅਤੇ ਮੁੱਦਿਆਂ ਨੂੰ ਉਠਾਇਆ| ਜਨਤਕ ਸੁਣਵਾਈ ਦੇ ਦੋਵੇਂ ਸੈਸ਼ਨ ਪੇਸ਼ਾਵਰ ਵਿਡੀਓਗ੍ਰਾਫਰ ਦੁਆਰਾ ਰਿਕਾਰਡ ਕੀਤੇ ਗਏ ਸਨ|

ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੁਆਰਾ ਉਠਾਈ ਗਈ ਸ਼ਿਕਾਇਤਾਂ ਨੂੰ ਅੰਤਿਮ ਰਿਪੋਰਟ ਵਿਚ ਦਰਜ ਕਰਵਾਇਆ ਗਿਆ ਸੀ|

### 1.7 ਰਿਪੋਰਟ ਦਾ ਸੰਗਠਨ

ਸਮਾਜਿਕ ਪ੍ਰਭਾਵ ਮੁਲਾਂਕਣ ਲਈ ਖੇਤਰ ਦੇ ਕੰਮ ਨੂੰ ਪੂਰਾ ਕਰਨ ਤੋਂ ਬਾਅਦ, ਇਕ ਔਪਚਾਰਿਕ ਰਿਪੋਰਟ ਸਪਾਂਸਰਿੰਗ ਅਥਾਰਟੀ ਨੂੰ ਸੌਂਪਣ ਲਈ ਤਿਆਰ ਕੀਤੀ ਗਈ ਹੈ| ਇਹ ਰਿਪੋਰਟ ਚੌਦਾਂ ਅਧਿਆਵਾਂ ਵਿੱਚ ਸੰਗਠਿਤ ਜਾਂ ਵਿਵਸਥਿਤ ਕੀਤੀ ਗਈ ਹੈ ਹਰ ਅਧਿਆਇ ਦੀ ਆਪਣੀ ਮਹੱਤਤਾ ਹੁੰਦੀ ਹੈ ਹਰੇਕ ਅਧਿਆਇ ਦੀ ਸੰਖੇਪ ਜਾਣਕਾਰੀ ਹੇਠਾਂ ਦਿੱਤੀ ਗਈ ਹੈ:

ਰਿਪੋਰਟ ਦੇ ਅਧਿਆਇ 1 ਵਿਚ ਪ੍ਰੋਜੈਕਟ "ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ -39 ਚੰਡੀਗੜ (ਪੀ.ਆਰ. - 4)" ਦੇ ਵੇਰਵੇ, ਉਦੇਸ਼, ਸਥਾਨ ਅਤੇ ਫਾਇਦਿਆਂ ਦੀ ਵਿਆਖਿਆ ਕੀਤੀ ਗਈ ਹੈ|

ਅਧਿਆਇ 2 ਸਮਾਜਿਕ ਪ੍ਰਭਾਵ ਮੁਲਾਂਕਣ ਕਰਨ ਲਈ ਵਰਤੀਆਂ ਗਈਆਂ ਤਕਨੀਕਾਂ ਦਾ ਵਰਨਣ ਕਰਦਾ ਹੈ| ਇਹ ਡੇਟਾ ਦੇ ਸੰਖੇਪ ਵਿਸ਼ਲੇਸ਼ਣ ਦੇ ਵਿਸਤਾਰ ਪੂਰਣ ਸਪੱਸ਼ਟੀਕਰਨ ਵੀ ਦਿੰਦਾ ਹੈ|

ਅਧਿਆਇ 3 ਖੇਤਰ ਦੀ ਵਿਸਤ੍ਰਿਤ ਭੂਗੋਲਿਕ ਜਾਣਕਾਰੀ ਦੱਸਦਾ ਹੈ| ਇਹ ਸਥਾਨਿਕ ਵਿਸ਼ੇਸ਼ਤਾਵਾਂ, ਉਚਾਈ, ਜਲਵਾਯੂ, ਜਲ ਪ੍ਰਬੰਧਾਂ, ਭੂਮੀ ਸੰਜੋਗ, ਫਸਲ ਦਾ ਪੈਟਰਨ, ਵਾਤਾਵਰਣ ਅਤੇ ਆਬਾਦੀ ਦੇ ਕਬਜ਼ੇ ਬਾਰੇ ਇੱਕ ਵਿਚਾਰ ਪ੍ਰਦਾਨ ਕਰਦਾ ਹੈ|

ਅਧਿਆਇ 4 ਵਿੱਚ ਸਮਾਜ ਦੇ ਸਮਾਜਿਕ-ਸਭਿਆਚਾਰਕ ਮਾਪਦੰਡਾਂ ਦੀ ਸ਼ਨਾਖਤ ਸ਼ਾਮਲ ਹੈ ਜਿਵੇਂ ਨਸਲੀ ਸੰਗ੍ਰਹਿ, ਪ੍ਰਾਇਮਰੀ, ਸੈਕੰਡਰੀ ਅਤੇ ਰਵਾਇਤੀ ਅਧਿਕਾਰ, ਸਰੋਤਾਂ ਦਾ ਵੰਡਣਾ, ਸਹੂਲਤਾਂ ਦੀ ਪਹੁੰਚ ਅਤੇ ਕਮਿਊਨਿਟੀ ਦੀਆਂ ਸੱਭਿਆਚਾਰਕ ਵਿਸ਼ੇਸ਼ਤਾਵਾਂ| ਇਹ ਇੱਕ ਵਿਕਾਸ ਪ੍ਰੋਗਰਾਮ ਦੇ ਨਤੀਜੇ ਵੱਜੋਂ ਕਮਿਊਨਿਟੀ ਤੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨ ਵਿੱਚ ਮਦਦ ਕਰਦਾ ਹੈ|

ਅਧਿਆਇ 5 ਅਧਿਐਨ ਖੇਤਰ ਦੀ ਪ੍ਰਭਾਵਿਤ ਆਬਾਦੀ ਦੇ ਸਮਾਜਿਕ-ਆਰਥਿਕ, ਜਨ ਅੰਕੜਾ ਅਤੇ ਵਾਤਾਵਰਣ ਪ੍ਰੋਫਾਈਲ ਦੀ ਵਿਆਖਿਆ ਕਰਦਾ ਹੈ| ਇਹ ਜਨ ਸੰਖਿਆ, ਸਿਹਤ, ਸਫਾਈ, ਪੋਸ਼ਣ, ਅਰਥ ਵਿਵਸਥਾ ਆਦਿ ਦੀ ਕੁੱਲ ਪ੍ਰਭਾਵਿਤ ਆਬਾਦੀ ਬਾਰੇ ਵਿਸਤ੍ਰਿਤ ਜਾਣਕਾਰੀ ਦੇਵੇਗਾ|

ਅਧਿਆਇ 6 ਅਧਿਐਨ ਖੇਤਰ ਦੇ ਪ੍ਰਭਾਵਿਤ  ਸੰਵੇਦਨਸ਼ੀਲ ਸਮੂਹਾਂ ਬਾਰੇ ਹੈ| ਇਹ ਸਾਰੇ  ਸੰਵੇਦਨਸ਼ੀਲ ਪ੍ਰਭਾਵਿਤ ਘਰਾਂ ਦੇ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰੇਗਾ|

ਅਧਿਆਇ 7 ਪਿੰਡਾਂ ਵਿਚ ਮੌਜੂਦ ਪੰਚਾਇਤਾਂ / ਪ੍ਰੰਪਰਾਗਤ ਪਿੰਡਾਂ ਦੀਆਂ ਕੌਂਸਲਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੀ ਭੂਮਿਕਾ ਬਾਰੇ ਦੱਸਦਾ ਹੈ| ਇਸ ਅਧਿਆਇ ਵਿਚ ਪੰਚਾਇਤਾਂ / ਪ੍ਰੰਪਰਾਗਤ ਪਿੰਡਾਂ ਦੀਆਂ ਕੌਂਸਲਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਕੀਤੇ ਗਏ ਜਨ-ਸਰਵੇਖਣ ਦੇ ਵੇਰਵੇ ਸ਼ਾਮਲ ਹਨ|

ਅਧਿਆਇ 8 ਪ੍ਰਭਾਵੀ ਆਬਾਦੀ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪਹਿਲੂਆਂ 'ਤੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਪ੍ਰੋਜੈਕਟਾਂ ਦੇ ਸੰਭਾਵੀ ਪ੍ਰਭਾਵਾਂ ਨੂੰ ਦਰਸ਼ਾਏਗਾ| ਵੱਖ-ਵੱਖ ਸਮੂਹਾਂ ਅਤੇ ਸਮਾਜ / ਭਾਈਚਾਰੇ ਦੇ ਸੰਵੇਦਨਸ਼ੀਲ ਵਰਗਾਂ ਦੇ ਘਰਾਂ, ਭਾਈਚਾਰੇ ਅਤੇ ਪਿੰਡਾਂ ਦੇ ਪੱਧਰਾਂ ਤੇ ਪ੍ਰਭਾਵ ਦੀ ਆਸ ਹੈ| ਇਸ ਵਿਚ ਪ੍ਰਾਚੀਨ ਸਰੀਰਕ (ਸਮੱਗਰੀ) ਅਤੇ ਨਰਮ (ਧਰਮ ਅਤੇ ਮੁੱਲ) ਸੰਸਕ੍ਰਿਤੀ ਦੇ ਪੱਖਾਂ ਦੇ ਪ੍ਰਭਾਵ ਸ਼ਾਮਲ ਹੋਣਗੇ|

ਅਧਿਆਇ 9 ਦਰਸ਼ਾਉਂਦਾ ਹੈ ਕਿ ਪ੍ਰਸਤਾਵਿਤ ਪ੍ਰੋਜੈਕਟ “ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ -39 ਚੰਡੀਗੜ (ਪੀ.ਆਰ. - 4)” ਇਨ੍ਹਾਂ ਖੇਤਰਾਂ ਦੇ ਲੋਕਾਂ ਦੇ ਮਨੋਵਿਗਿਆਨ ਤੇ ਕਿਸ ਤਰ੍ਹਾਂ ਪ੍ਰਭਾਵ ਪਵੇਗਾ ਇਹ ਪ੍ਰਭਾਵ ਕਾਰਾਤਮਕ ਜਾਂ ਸਕਾਰਾਤਮਕ ਹੋ ਸਕਦੇ ਹਨ|

ਅਧਿਆਇ 10 ਸੰਪਦਾ (ਸੰਪਤੀ) ਸਥਿਰ ਅਤੇ ਅਸਥਿਰ ਸੰਪਤੀ ਦੋਵਾਂ ਦੀ ਪੂਰੀ ਸੂਚੀ ਪ੍ਰਦਾਨ ਕਰੇਗਾ, ਜੋ ਖ਼ੁਸ ਜਾਣ ਦਾ ਡਰ ਹੈ| ਇਸ ਵਿਚ ਸਭਿਆਚਾਰ ਦੇ ਠੋਸ ਅਤੇ ਅਣਥੱਕ ਪਹਿਲੂ ਵੀ ਸ਼ਾਮਲ ਹਨ, ਜਿਸ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ|

ਅਧਿਆਇ 11 ਵਿੱਚ ਕਮਿਊਨਿਟੀ ਪ੍ਰਾਪਰਟੀ ਅਤੇ ਸਥਾਨਕ ਸੱਭਿਆਚਾਰਕ ਵਸੀਲਿਆਂ ਸਮੇਤ ਵਿਸਤਾਰਪੂਰਵਕ ਅਤੇ ਪੂਰੀ ਸੂਚੀ ਪ੍ਰਦਾਨ ਕਰੇਗਾ ਜਿਸ ਵਿੱਚ ਕਮਿਊਨਿਟੀ-ਆਧਾਰਿਤ ਪਛਾਣ ਸੂਚਕ ਸ਼ਾਮਲ ਹੋਣਗੇ, ਜੋ ਪ੍ਰੋਜੈਕਟ ਦੁਆਰਾ ਪ੍ਰਭਾਵਿਤ ਹੋਣਗੇ|

ਅਧਿਆਇ 12 ਵਿੱਚ ਪ੍ਰਭਾਵਿਤ ਲੋਕਾਂ ਅਤੇ ਹੋਰ ਹਿੱਸੇਦਾਰਾਂ ਨੂੰ ਸ਼ਾਮਲ ਕਰਨ ਲਈ ਸਹਿਭਾਗੀ ਪ੍ਰਕਿਰਿਆਵਾਂ ਦਾ ਵਰਣਨ ਕੀਤਾ ਗਿਆ ਹੈ| ਇਸ ਵਿਚ ਪ੍ਰਭਾਵਿਤ ਲੋਕਾਂ ਦੇ ਦ੍ਰਿਸ਼ਟੀਕੋਣਾਂ, ਉਨ੍ਹਾਂ ਦੀਆਂ ਟਿੱਪਣੀਆਂ ਅਤੇ ਚਿੰਤਾਵਾਂ ਅਤੇ ਇਹ ਗੱਲਾਂ ਕਿਵੇਂ ਸੰਬੋਧਿਤ ਕੀਤੀਆਂ ਜਾਣਗੀਆਂ ਦੇ ਬਾਰੇ ਦੱਸਿਆ ਗਿਆ ਹੈ | ਇਸ ਤੋਂ ਇਲਾਵਾ, ਇਹ ਪ੍ਰਭਾਵਿਤ ਲੋਕਾਂ ਨਾਲ ਜਾਣਕਾਰੀ ਸਾਂਝੀ ਕਰਨ ਲਈ ਕੀਤੀਆਂ ਜਾਣ ਵਾਲੀਆਂ ਜਨਤਕ ਸੁਣਵਾਈ ਗਤੀਵਿਧੀਆਂ ਅਤੇ ਪ੍ਰਕਿਰਿਆ ਨੂੰ ਵੀ ਦਰਸ਼ਾਉਂਦਾ ਹੈ| ਇਸ ਸੰਦਰਭ ਵਿਚ, ਜਿਨ੍ਹਾਂ ਲੋਕਾਂ ਦੀ ਜ਼ਮੀਨ ਪਹਿਲਾਂ ਹੀ ਹਾਸਲ ਕੀਤੀ ਜਾ ਚੁੱਕੀ ਹੈ, ਉਨ੍ਹਾਂ ਦੇ ਵਿਚਾਰਾਂ ਨੂੰ ਅੰਣਡਿੱਠ ਨਹੀਂ ਕੀਤਾ ਜਾ ਸਕਦਾ, ਜੇਕਰ ਪ੍ਰਭਾਵਿਤ ਵਿਅਕਤੀ ਆਪਣੇ ਤਜ਼ਰਬਿਆਂ ਨੂੰ ਸਾਂਝਾ ਕਰਨਾ ਚਾਹੁੰਦੇ ਹਨ|

ਅਧਿਆਇ 13 ਮੇਜ਼ਬਾਨਾਂ ਦੀ ਆਬਾਦੀ 'ਤੇ ਕੁੱਲ ਮਿਲਾ ਕੇ ਪ੍ਰਭਾਵਾਂ ਦਾ ਮੁਲਾਂਕਣ ਮੁਹੱਈਆ ਕਰੇਗਾ| ਪ੍ਰਭਾਵੀ ਮੁਲਾਂਕਣ ਅਧਿਐਨ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਲਈ ਕੁਝ ਸੁਝਾਅ ਇਸ ਅਧਿਆਇ ਵਿੱਚ ਦਿੱਤੇ ਗਏ ਹਨ|

ਅਧਿਆਇ 14 ਆਪਣੀ ਜ਼ਮੀਨ ਦੇ ਨੁਕਸਾਨ ਕਾਰਨ ਅਧਿਐਨ ਖੇਤਰ ਦੀ ਅਬਾਦੀ 'ਤੇ ਪ੍ਰਭਾਵ ਅਤੇ ਸਰਕਾਰ ਕਿਹੜੀ ਕਾਰਵਾਈ ਯੋਜਨਾ ਮੁਆਵਜੇ ਬਾਰੇ ਕਰ ਸਕਦੀ ਹੈ, ਦਾ ਵਰਣਨ ਕਰਦਾ ਹੈ|

# ਅਧਿਆਇ 2

## ਖੋਜ ਵਿਧੀ

ਇਹ ਅਧਿਆਇ ਪ੍ਰੋਜੈਕਟ- ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ 39 ਤੱਕ ਲਈ ਐਸ. ਆਈ. ਏ. ਦੇ ਸਮਾਜਿਕ ਪ੍ਰਭਾਵ ਮੁਲਾਂਕਣ ਦੇ ਕੰਮ ਲਈ ਡੇਟਾ ਅਤੇ ਹੋਰ ਜਾਣਕਾਰੀ ਇਕੱਤਰ ਕਰਨ ਲਈ ਵਰਤੀਆਂ ਜਾਣ ਵਾਲੀਆਂ ਵੱਖ ਵੱਖ ਸ਼ੋਧ ਤਕਨੀਕਾਂ ਦਾ ਵੇਰਵਾ ਮੁਹੱਈਆ ਕਰਦਾ ਹੈ|

ਸ਼ੋਧ ਵਿਧੀ ਖੋਜ ਕਰਨ ਲਈ ਇੱਕ ਯੋਜਨਾਬੱਧ ਤਰੀਕਾ ਹੈ| ਅਸਲ ਤੌਰ 'ਤੇ, ਪ੍ਰਕਿਰਿਆਵਾਂ ਜਿਸ ਦੁਆਰਾ ਖੋਜਕਰਤਾਵਾਂ ਦੁਆਰਾ ਵਰਣਨ ਕਰਨ, ਸਮਝਾਉਣ ਅਤੇ ਅਨੁਮਾਨ ਲਗਾਉਣ ਦੇ ਕੰਮ ਬਾਰੇ ਜਾਣਿਆ ਜਾਂਦਾ ਹੈ, ਨੂੰ ਖੋਜ ਕਰਨ ਦੀ ਵਿਧੀ ਕਿਹਾ ਜਾਂਦਾ ਹੈ|

ਮੌਜੂਦਾ ਸਮਾਜਿਕ ਪ੍ਰਭਾਵੀ ਮੁਲਾਂਕਣ ਕਾਰਜ ਦੀ ਕਾਰਜਪ੍ਰਣਾਲੀ

ਇਹ ਸ਼ੋਧ ਵਿਧੀ ਵਿੱਚ ਸ਼ਾਮਲ ਸਨ:

2.1 ਪ੍ਰੋਜੈਕਟ ਦੇ ਸੰਬੰਧ ਵਿੱਚ ਸੂਚਨਾ

2.2 ਪ੍ਰੋਜੈਕਟ ਦੀ ਸਕ੍ਰੀਨਿੰਗ

2.3 ਅਧਿਐਨਾਂ ਦੇ ਸਾਧਨਾਂ/ ਇੰਟਰਵਿਊ ਅਨੁਸੂਚੀ ਦੀ ਤਿਆਰੀ

2.4 ਪਾਇਲਟ/ ਮੁਢਲਾ ਅਧਿਐਨ- ਅਧਿਐਨ ਵਿਧੀ / ਇੰਟਰਵਿਊ ਅਨੁਸੂਚੀ ਦੀ ਪ੍ਰਮਾਣਿਕਤਾ

2.5 ਪ੍ਰਾਇਮਰੀ ਅਤੇ ਸੈਕੰਡਰੀ ਸਰੋਤਾਂ ਦੁਆਰਾ ਅੰਕੜੇ ਇਕੱਤਰ ਕਰਨਾ

2.6 ਜਨਤਕ ਸੁਣਵਾਈ

2.7 ਵਿਸ਼ਲੇਸ਼ਣ ਅਤੇ ਰਿਪੋਰਟ ਲਿਖਣਾ

## 2.1 ਪ੍ਰੋਜੈਕਟ ਦੇ ਸੰਬੰਧ ਵਿੱਚ ਸੂਚਨਾ

ਜ਼ਮੀਨ ਪ੍ਰਾਪਤੀ ਅਧਿਕਾਰੀ (ਐਲ.ਏ.ਓ.) ਦੁਆਰਾ "ਪ੍ਰੋਜੈਕਟ- ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ 39 ਤੱਕ" ਦੀ ਉਸਾਰੀ ਦੇ ਸੰਬੰਧ ਵਿੱਚ ਸੂਚਨਾ ਖੇਤਰੀ ਅਤੇ ਦੂਸਰੀਆਂ ਭਾਸ਼ਾਵਾਂ ਦੇ ਅਖ਼ਬਾਰ ਵਿਚ 14 ਜੂਨ 2018 ਨੂੰ ਜਾਰੀ ਕੀਤੀ ਗਈ ਸੀ| (ਅਨੁਲੱਗ –I)

## 2.2 ਪ੍ਰੋਜੈਕਟ ਦੀ ਸਕ੍ਰੀਨਿੰਗ

ਪ੍ਰਭਾਵੀ ਖੇਤਰ ਦੀ ਪਛਾਣ ਕਰਨ ਤੋਂ ਬਾਅਦ ਐਸ.ਆਈ.ਏ. ਟੀਮ ਦੁਆਰਾ ਸਕ੍ਰੀਨਿੰਗ ਅਤੇ ਪ੍ਰਬੰਧਨ ਅਧਿਕਾਰੀਆਂ ਦੁਆਰਾ ਮੁਹੱਈਆ ਕੀਤੇ ਗਏ ਸਥਾਨਕ ਅੰਕੜਿਆਂ ਤੋਂ ਬਾਅਦ ਸਮਾਜਿਕ ਪ੍ਰਭਾਵ ਮੁਲਾਂਕਣ ਸ਼ੁਰੂ ਕਿੱਤਾ ਗਿਆ | ਸਕ੍ਰੀਨਿੰਗ ਦਾ ਉਦੇਸ਼ "ਮਹੱਤਵਪੂਰਣ ਪ੍ਰਭਾਵ" ਵਾਲੇ ਲੋਕਾਂ ਤੋਂ "ਕੋਈ ਮਹੱਤਵਪੂਰਣ ਪ੍ਰਭਾਵ ਨਹੀਂ" ਦਿਖਾਉਣਾ ਅਤੇ ਮੁੱਦਿਆਂ ਦੇ ਕੁਦਰਤ, ਪੈਮਾਨੇ ਅਤੇ ਤੀਬਰਤਾ ਦਾ ਇੱਕ ਵਿਸ਼ਾਲ ਚਿੱਤਰ ਪ੍ਰਾਪਤ ਕਰਨਾ ਹੈ|

24/07/2018 ਨੂੰ ਐਸ.ਆਈ.ਏ. ਟੀਮ ਨੇ ਪ੍ਰਭਾਵਿਤ ਪਿੰਡਾਂ ਅਤੇ ਪ੍ਰਭਾਵਿਤ ਜ਼ਮੀਨ ਦਾ ਦੌਰਾ ਕੀਤਾ| ਇਹ ਦੌਰਾ ਪ੍ਰਸਤਾਵਿਤ ਸਾਈਟ ਦੇ ਮੁੱਢਲੇ ਦ੍ਰਿਸ਼ਟੀਕੋਣ ਨੂੰ ਲੈਣ ਅਤੇ ਹੋਰ ਅਧਿਐਨ ਬਾਰੇ ਪਿੰਡਾਂ ਅਤੇ ਅਧਿਕਾਰੀਆਂ ਨੂੰ ਸੂਚਿਤ ਕਰਨ ਲਈ ਕੀਤਾ ਗਿਆ ਸੀ| ਇਸ ਨੇ ਇੰਟਰਵਿਊ ਅਨੁਸੂਚੀ ਤਿਆਰ ਕਰਨ ਵਿੱਚ ਮਦਦ ਕੀਤੀ| ਐਸ.ਆਈ.ਏ. ਟੀਮ ਨੇ ਨਾਇਬ-ਤਹਿਸੀਲਦਾਰ (ਸ਼੍ਰੀ ਸੁਰੇਸ਼ ਕੁਮਾਰ) ਅਤੇ ਪਟਵਾਰੀ (ਸ੍ਰੀ ਰਾਜਿੰਦਰ ਸਿੰਘ) ਸਮੇਤ ਪਿੰਡ ਧਨਾਸ ਵਿਚ ਸ੍ਰੀ ਕੁਲਜੀਤ ਸਿੰਘ (ਸਰਪੰਚ) ਨਾਲ ਮੁਲਾਕਾਤ ਕੀਤੀ| ਉਹਨਾਂ ਨੂੰ ਪ੍ਰੋਜੈਕਟ ਦਾ ਮੰਤਵ ਸਮਝਾਇਆ ਗਿਆ|



ਤਸਵੀਰ 2.1: ਪ੍ਰਸਤਾਵਿਤ ਪ੍ਰੋਜੈਕਟ ਸਾਈਟ



ਤਸਵੀਰ 2.2: ਪਿੰਡ ਧਨਾਸ ਦੇ ਸਰਪੰਚ ਨਾਲ ਗੱਲਬਾਤ ਦੌਰਾਨ ਐਸ.ਆਈ.ਏ.ਟੀਮ



ਤਸਵੀਰ 2.3: ਪਾਇਲਟ ਅਧਿਐਨ ਲਈ ਨੰਬਰਦਾਰ ਅਤੇ ਹੋਰ ਸਬੰਧਤ ਧਿਰਾਂ ਦੇ ਇੰਟਰਵਿਊ ਦੌਰਾਨ ਐਸ.ਆਈ.ਏ.ਟੀਮ

2.3 **ਅਧਿਐਨਾਂ ਦੇ ਸਾਧਨਾਂ/ ਇੰਟਰਵਿਊ ਅਨੁਸੂਚੀ ਦੀ ਤਿਆਰੀ**: ਐਸ.ਆਈ.ਏ. ਪ੍ਰੋਜੈਕਟ ਦੇ ਪ੍ਰਾਵਧਾਨ ਅਤੇ ਨੀਤੀਆਂ 'ਤੇ ਵਿਚਾਰ ਕਰਨ ਵਾਲੀ ਖੋਜ ਟੀਮ ਵੱਲੋਂ ਇੰਟਰਵਿਊ ਅਨੁਸੂਚੀ ਤਿਆਰ ਕੀਤੀ ਗਈ ਸੀ (ਇਕ ਇੰਟਰਵਿਊ ਸ਼ਡਿਊਲ - ਇੰਟਰਵਿਊ ਕਰਤਾ, ਖੋਜੀ ਜਾਂ ਜਾਂਚਕਾਰ ਦੀ ਅਗਵਾਈ ਕਰਨ ਲਈ ਢਾਂਚਾਗਤ ਜਵਾਬ ਵਾਲੇ ਸਵਾਲਾਂ ਦਾ ਇੱਕ ਸਮੂਹ ਹੈ)| (ਅਨੁਲੱਗ –VII)

**(http://www.studylecturenotes.com/social-research-methodology/what-is-interview-schedule-definition-types)**

**2.4 ਪਾਇਲਟ ਅਧਿਐਨ/ ਮੁਢਲਾ ਸਰਵੇਖਣ:** ਪੂਰਣ ਤੌਰ ਤੇ ਪ੍ਰੋਜੈਕਟ ਸ਼ੁਰੂ ਹੋਣ ਤੋਂ ਪਹਿਲਾਂ ਪਾਇਲਟ ਅਧਿਐਨ, ਅਧਿਅਨ ਦੇ ਤਰੀਕੇ, ਡਿਜ਼ਾਇਨ ਤੇ ਸੰਭਾਵਨਾ, ਸਮਾਂ, ਲਾਗਤ, ਪ੍ਰਤੀਕੂਲ ਪ੍ਰੋਗਰਾਮਾਂ ਦਾ ਮੁਲਾਂਕਣ ਕਰਨ ਅਤੇ ਸੁਧਾਰ ਕਰਨ ਲਈ ਪਾਇਲਟ ਅਧਿਐਨ ਇੱਕ ਛੋਟੇ ਪੱਧਰ ਦੇ ਸ਼ੁਰੂਆਤੀ ਅਧਿਐਨ ਹੈ| **(Porta M. A Dictionary of Epidemiology. 5. Oxford: Oxford University Press; 2008)**| ਪਾਇਲਟ ਅਧਿਐਨ ਕਰਾਉਣ ਦਾ ਬੁਨਿਆਦੀ ਉਦੇਸ਼ ਹੈ ਇਕ ਵੱਡੇ ਪੈਮਾਨੇ 'ਤੇ ਅਧਿਐਨ ਕਰਨ ਲਈ ਵਰਤੀ ਜਾਣ ਵਾਲੀ ਵਿਧੀ ਦੀ ਸੰਭਾਵਨਾ ਦਾ ਮੁਲਾਂਕਣ ਕਰਨਾ ਤਾਂ ਜੋ ਵੱਡੇ ਪੱਧਰ ਦੇ ਅਧਿਐਨ ਵਿਚ ਇਸ ਨੂੰ ਵਰਤਿਆ ਜਾ ਸਕੇ| ਇਹ ਇੱਕ ਪੂਰਨ-ਜਾਂਚ ਖੋਜ ਪ੍ਰੋਜੈਕਟ ਦੀ ਕਾਰਗੁਜ਼ਾਰੀ ਤੋਂ ਪਹਿਲਾਂ ਸਮਾਂ, ਕੀਮਤ, ਬੇਲੋੜੇ ਘਟਨਾਵਾਂ ਦਾ ਮੁਲਾਂਕਣ ਕਰਨ ਅਤੇ ਅਧਿਐਨ ਡਿਜ਼ਾਇਨ ਤੇ ਸੁਧਾਰ ਕਰਨ ਲਈ ਕੀਤਾ ਗਿਆ ਸੀ| ਪਾਇਲਟ ਅਧਿਐਨ ਗੁਣਵੱਤਾ, ਮਾਤਰਾਤਮਕ ਅਤੇ ਮਿਸ਼ਰਤ ਢੰਗਾਂ ਦੀ ਖੋਜ ਨਾਲ ਕੀਤਾ ਗਿਆ ਸੀ| ਇਸ ਪ੍ਰਸਤਾਵਿਤ ਪ੍ਰੋਜੈਕਟ ਵਿੱਚ ਪਾਇਲਟ ਅਧਿਐਨ 25/7/2018 ਨੂੰ ਕੀਤਾ ਗਿਆ ਸੀ|

ਪਾਇਲਟ ਅਧਿਐਨ ਲਈ ਕੁਝ ਹਿੱਸੇਦਾਰਾਂ ਦੀ ਇੰਟਰਵਿਊ ਲਈ ਗਈ ਅਤੇ ਇਸ ਦੇ ਆਧਾਰ 'ਤੇ ਇੰਟਰਵਿਊ ਅਨੁਸੂਚੀ ਵਿਚ ਕੁਝ ਬਦਲਾਵ ਕੀਤੇ ਗਏ ਸਨ|



ਤਸਵੀਰ 2.4: ਪਾਇਲਟ ਅਧਿਐਨ ਦੇ ਦੌਰਾਨ ਹਿੱਸੇਦਾਰਾਂ ਨਾਲ ਗੱਲਬਾਤ ਕਰਦੀ ਐਸ.ਆਈ.ਏ. ਟੀਮ

**2.5 ਡੇਟਾ ਸੰਗ੍ਰਹਿ**: ਇਹ ਅਧਿਐਨ ਚੰਡੀਗੜ੍ਹ ਦੇ ਪਿੰਡ ਡੱਡੂ ਮਾਜਰਾ ਮਾਜਰਾ ਅਤੇ ਪਿੰਡ ਧਨਾਸ ਵਿਚ ਕੀਤਾ ਗਿਆ ਸੀ |


ਨਮੂਨੇ ਦਾ ਆਕਾਰ: ਦੋਵੇਂ ਪਿੰਡਾਂ ਤੋਂ ਕੁੱਲ 81 ਹਿੱਸੇਦਾਰਾਂ ਦੀ ਇੰਟਰਵਿਊ ਲਈ ਗਈ|

ਪਿੰਡ ਧਨਾਸ ਦੇ 17 ਪ੍ਰਭਾਵਿਤ ਘਰਾਂ ਵਿਚੋਂ 14 ਹਿੱਸੇਦਾਰਾਂ ਨੂੰ ਇੰਟਰਵਿਊ ਵਿਚ ਸ਼ਾਮਲ ਕੀਤਾ ਗਿਆ ਸੀ|

ਪਿੰਡ ਡੱਡੂ ਮਾਜਰਾ ਦੇ 93 ਪ੍ਰਭਾਵਿਤ ਘਰਾਂ ਵਿਚੋਂ 67 ਹਿੱਸੇਦਾਰ ਇੰਟਰਵਿਊ ਵਿਚ ਸ਼ਾਮਲ ਹੋਏ ਸਨ|

ਅਧਿਐਨ ਵਿਚ ਹਿੱਸਾ ਲੈ ਰਹੇ ਉੱਤਰਦਾਤਾਵਾਂ ਤੋਂ ਇਕ ਲਿਖਤੀ ਸੂਚਿਤ ਸਹਿਮਤੀ ਪ੍ਰਾਪਤ ਕੀਤੀ ਗਈ ਸੀ| ਇਸ ਵਿਚ ਸਾਰੇ ਸ਼ਾਮਿਲ ਉੱਤਰਦਾਤਾਵਾਂ ਦੇ ਨਾਲ ਰਹਿੰਦੇ ਅਨੁਭਵ ਅਤੇ ਵਿਚਾਰ-ਵਟਾਂਦਰੇ ਨੂੰ ਰਿਕਾਰਡ ਕਰਨ ਲਈ ਸਾਈਟ ਪ੍ਰਮਾਣਿਕਤਾ ਸ਼ਾਮਲ ਹੈ| ਐਸ.ਆਈ.ਏ. ਦੀ ਟੀਮ ਨੇ 2018 ਦੇ ਜੁਲਾਈ/ਅਗਸਤ ਮਹੀਨੇ ਖੇਤਰੀ ਸਰਵੇਖਣ ਕੀਤਾ| ਇਸ ਵਿੱਚ ਪ੍ਰਾਇਮਰੀ ਅਤੇ ਸੈਕੰਡਰੀ ਸਰੋਤਾਂ ਦੁਆਰਾ ਅੰਕੜੇ ਇਕੱਠੇ ਕੀਤੇ ਗਏ | ਅੰਕੜੇ ਇਕੱਤਰ ਕਰਨ ਦੇ ਵੱਖ-ਵੱਖ ਸਰੋਤਾਂ ਦਾ ਸੰਖੇਪ ਚਿੱਤਰ 3.1 ਵਿਚ ਕੀਤਾ ਗਿਆ ਹੈ-

## ਚਿੱਤਰ 2.1: ਅੰਕੜੇ ਇਕੱਤਰ ਕਰਨ ਦੇ ਵੱਖ-ਵੱਖ ਸਰੋਤ




## ੳ. ਡੇਟਾ ਇਕੱਤਰ ਕਰਨ ਦੇ ਪ੍ਰਾਇਮਰੀ ਸਰੋਤ

ਪ੍ਰਾਇਮਰੀ ਅੰਕੜੇ ਸ੍ਰੋਤ ਇੱਕ ਅਜਿਹੇ ਅੰਕੜੇ ਸ੍ਰੋਤ ਹੈ ਜਿਸ ਵਿੱਚ ਇੱਕ ਖਾਸ ਖੋਜ ਉਦੇਸ਼ ਜਾਂ ਪ੍ਰੋਜੈਕਟ ਲਈ ਖੋਜਕਰਤਾ ਦੁਆਰਾ ਪਹਿਲਾਂ ਡੇਟਾ ਇਕੱਤਰ ਕੀਤਾ ਜਾਂਦਾ ਹੈ| ਪ੍ਰਾਇਮਰੀ ਸਰੋਤ ਇੱਕ ਆਰਟੀਫੈਕਟ, ਇੱਕ ਦਸਤਾਵੇਜ਼, ਡਾਇਰੀ, ਖਰੜਾ, ਆਤਮਕਥਾ, ਇੱਕ ਰਿਕਾਰਡਿੰਗ, ਜਾਂ ਜਾਣਕਾਰੀ ਦਾ ਕੋਈ ਹੋਰ ਸਰੋਤ ਹੈ ਜੋ ਅਧਿਐਨ ਸਮੇਂ ਅਧੀਨ ਬਣਾਇਆ ਗਿਆ ਸੀ| ਇਹ ਵਿਸ਼ਾ ਬਾਰੇ ਜਾਣਕਾਰੀ ਦਾ ਮੂਲ ਸ੍ਰੋਤ ਹੈ| ਇੰਟਰਵਿਊ ਸ਼ਡਿਊਲ (**ਅਨੁਲੱਗ VII**) ਦੀ ਵਰਤੋਂ ਕਰਦੇ ਹੋਏ 81 ਹਿੱਸੇਦਾਰਾਂ ਦੇ ਅੰਕੜੇ ਇਕੱਤਰ ਕੀਤੇ ਗਏ ਸਨ| ਪ੍ਰਾਇਮਰੀ ਅੰਕੜੇ ਮੁੱਖ ਤੌਰ ਤੇ ਘਰੇਲੂ ਅਧਿਐਨ ਦੁਆਰਾ ਅਤੇ ਜ਼ਮੀਨ ਦੀ ਪ੍ਰਾਪਤੀ ਦੇ ਦੌਰਾਨ ਜ਼ਮੀਨਾਂ ਨੂੰ ਖੁੱਸਣ ਵਾਲੀ

ਜਨਸੰਖਿਆ ਦੇ ਨਾਲ ਵਿਸਥਾਰਿਤ ਇੰਟਰਵਿਊ ਲਈ ਲਿਆ ਗਿਆ ਸੀ| ਡੇਟਾ ਸੰਗ੍ਰਹਿ ਵਿੱਚ ਵਰਤੇ ਗਏ ਮੁੱਖ ਤਰੀਕੇ ਹੇਠ ਲਿਖੇ ਹਨ:

**i. ਜ਼ਮੀਨ ਪ੍ਰਾਪਤੀ ਅਧਿਐਨ**

ਜ਼ਮੀਨ ਪ੍ਰਾਪਤੀ ਉਹ ਪ੍ਰਕਿਰਿਆ ਹੈ ਜਿਸ ਵਿਚ ਖੇਤੀਬਾੜੀ ਜਾਂ ਗੈਰ-ਖੇਤੀਬਾੜੀ ਜਮੀਨਾਂ ਸਰਕਾਰ ਦੁਆਰਾ ਵੱਖ ਵੱਖ ਗਤੀਵਿਧੀਆਂ ਜਿਵੇਂ ਕਿ ਪਿੰਡ / ਕਸਬੇ ਐਕਸਟੈਨਸ਼ਨ (ਵਿਸਥਾਰ), ਸੜਕਾਂ, ਜਲ ਭੰਡਾਰਾਂ, ਨਹਿਰਾਂ, ਫੌਜੀ ਕੈਂਪਾਂ, ਰੇਲਵੇਜ਼, ਉਦਯੋਗਾਂ ਆਦਿ ਲਈ ਪ੍ਰਾਪਤ ਕੀਤੀਆਂ ਜਾਂਦੀਆਂ ਹਨ|

ਜ਼ਮੀਨ ਗ੍ਰਹਿਣ, ਪੁਨਰਵਾਸ ਅਤੇ ਪੁਨਰਸਥਾਪਤੀ ਐਕਟ, 2013 ਜ਼ਮੀਨ ਦੀ ਪ੍ਰਾਪਤੀ ਦੀ ਪ੍ਰਕਿਰਿਆ ਨੂੰ ਨਿਯੰਤਰਤ ਕਰਦਾ ਹੈ, ਜੋ ਇਕ ਕੇਂਦਰੀ ਕਾਰਜ ਹੈ| ਪ੍ਰਾਈਵੇਟ ਨਾਗਰਿਕਾਂ ਅਤੇ ਗ਼ੈਰ-ਸਰਕਾਰੀ ਸੰਗਠਨਾਂ ਦੀ ਜ਼ਮੀਨ ਦੀ ਪ੍ਰਾਪਤੀ, ਜ਼ਮੀਨ ਗ੍ਰਹਿਣ, ਪੁਨਰਵਾਸ ਅਤੇ ਪੁਨਰ ਸਥਾਪਤੀ ਐਕਟ, 2013 ਦੇ ਅਧੀਨ ਕੀਤੀ ਜਾਂਦੀ ਹੈ|

ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ -39 ਚੰਡੀਗੜ (ਪੀ.ਆਰ.- 4)" ਦੇ ਨਿਰਮਾਣ ਲਈ ਜ਼ਮੀਨ ਦੀ ਪ੍ਰਾਪਤੀ ਦੇ ਸੰਭਾਵੀ ਪ੍ਰਭਾਵਾਂ ਦੀ ਸਮੀਖਿਆ ਕਰਨ ਲਈ ਇਹ ਅਧਿਐਨ ਕੀਤਾ ਗਿਆ| ਪ੍ਰਸ਼ਾਸ਼ਕ, ਪ੍ਰਬੰਧਕ, ਜ਼ਮੀਨ ਪ੍ਰਾਪਤੀ ਅਧਿਕਾਰੀ, ਮੈਨੇਜਰ, ਓਪਰੇਟਰ, ਸਰਵੇਅਰ ਅਤੇ ਨਾਗਰਿਕ ਜ਼ਮੀਨ ਪ੍ਰਾਪਤੀ ਪ੍ਰਣਾਲੀ ਦਾ ਹਿੱਸਾ ਸਨ|

**ii) ਘਰੇਲੂ ਅਧਿਐਨ**

ਮੌਜੂਦਾ ਸਮੇਂ ਵਿੱਚ ਘਰੇਲੂ ਅਧਿਅਨ ਵਿਕਾਸਸ਼ੀਲ ਦੇਸ਼ਾਂ ਦੇ ਮਹੱਤਵਪੂਰਣ ਜਨ-ਅੰਕੜਾ ਅਤੇ ਸਮਾਜਿਕ -ਆਰਥਿਕ ਸੰਦਰਭਾਂ ਲਈ ਸਭ ਤੋਂ ਮਹੱਤਵਪੂਰਨ ਅੰਕੜੇ ਸ੍ਰੋਤ ਹਨ ਜਿਸ ਵਿੱਚ ਮਹੱਤਵਪੂਰਣ ਰਜਿਸਟਰੇਸ਼ਨ ਅਤੇ ਪ੍ਰਸ਼ਾਸਕੀ ਪ੍ਰਣਾਲੀਆਂ ਦੀ ਘਾਟ ਹੈ ਅਤੇ ਜਾਣਕਾਰੀ ਦੇ ਅੰਤਰਾਲ ਵੱਡੇ ਹੁੰਦੇ ਹਨ| ਉਹ ਅੰਕੜੇ ਇਕੱਤਰ ਕਰਨ ਦੇ ਸਭ ਤੋਂ ਵੱਧ ਲਚਕ ਢੰਗਾਂ ਵਿੱਚੋਂ ਇੱਕ ਹਨ| ਘਰ ਨੂੰ ਵਿਅਕਤੀਗਤ ਜਾਂ ਵਿਅਕਤੀਗਤ ਸਮੂਹ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ, ਸਬੰਧਿਤ ਜਾਂ ਸੰਬੰਧਹੀਣ, ਜੋ ਇਕੋ ਨਿਵਾਸ ਯੰਤਰ ਵਿੱਚ ਇਕੱਠੇ ਰਹਿੰਦੇ ਹਨ, ਜਿਹੜੇ ਭੋਜਨ ਲਈ ਸਾਂਝਾ ਪ੍ਰਬੰਧ ਕਰਦੇ ਹਨ ਅਤੇ ਨਿਯਮਿਤ ਤੌਰ ਤੇ ਉਸੇ ਹੀ ਬਰਤਨ ਤੋਂ ਭੋਜਨ ਲੈਂਦੇ ਹਨ ਜਾਂ ਅਨਾਜ ਭੰਡਾਰ ਸਾਂਝਾ ਕਰਦੇ

ਹਨ ਅਤੇ ਭੋਜਨ ਖਰੀਦਣ ਦੇ ਉਦੇਸ਼ ਲਈ ਸਾਰੀ ਆਮਦਨ ਇਕੱਠੀ ਕਰਦੇ ਸਨ| ਮੌਜੂਦਾ ਅਧਿਐਨ ਵਿੱਚ ਇੰਟਰਵਿਊ ਅਨੁਸੂਚੀ ਵਰਤ ਕੇ ਪਰਿਵਾਰਾਂ ਦੀ ਹੇਠਾਂ ਦਿੱਤੇ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ ਸੀ:

- ਸਮਾਜਿਕ -ਆਬਾਦੀ ਦੀਆਂ ਵਿਸ਼ੇਸ਼ਤਾਵਾਂ, ਜਿਵੇਂ ਕਿ ਆਕਾਰ, ਉਮਰ ਅਤੇ ਲਿੰਗ, ਘਰੇਲੂ ਮਾਹੌਲ, ਪ੍ਰਵਾਸ ਅਤੇ ਆਵਾਜਾਈ, ਸਿੱਖਿਆ / ਸਾਖਰਤਾ, ਰੁਜ਼ਗਾਰ / ਰੁਜ਼ਗਾਰ, ਆਮਦਨੀ ਅਤੇ ਇਸਦੇ ਸਰੋਤ ਦੇ ਨਾਲ-ਨਾਲ ਪੱਧਰੀ ਸਮਾਜਿਕ ਆਦੇਸ਼;
- ਰਹਿਣ ਦੀਆਂ ਸਥਿਤੀਆਂ ਅਤੇ ਪਦਾਰਥਕ ਮਾਹੌਲ ਜਿਵੇਂ ਕਿ ਉਸਾਰੀ ਦੀ ਕਿਸਮ; ਆਦਿ
- ਸਿਹਤ ਦੀ ਸਥਿਤੀ: ਸਿਹਤ, ਪੋਸ਼ਣ, ਗੈਰ ਸੰਚਾਰੀ ਬਿਮਾਰੀਆਂ ਜਿਵੇਂ ਕਿ ਹਾਈਪਰਟੈਨਸ਼ਨ, ਦਿਲ ਦੀ ਬਿਮਾਰੀ, ਡਾਇਬੀਟੀਜ਼ ਸਮੇਤ ਸਿਹਤ ਦੇ ਮਾਨਸਿਕ ਪਹਿਲੂ ਤੇ ਜਾਣਕਾਰੀ ਇਕੱਠੀ ਕੀਤੀ ਗਈ ਸੀ| ਪ੍ਰੋਜੈਕਟ ਪ੍ਰਭਾਵਿਤ ਖੇਤਰਾਂ ਵਿਚ ਪਰਿਵਾਰਾਂ ਦੀ ਸਫਾਈ ਪ੍ਰਣਾਲੀ ਤੇ ਜਾਣਕਾਰੀ ਵੀ ਇਕੱਠੀ ਕੀਤੀ ਗਈ ਸੀ| ਪ੍ਰਭਾਵਿਤ ਆਬਾਦੀ 'ਤੇ ਪ੍ਰੋਜੈਕਟ ਦੇ ਮਨੋਵਿਗਿਆਨਿਕ ਪ੍ਰਭਾਵ ਨੂੰ ਪ੍ਰੀ-ਡਿਜ਼ਾਇਨ ਮਨੋਵਿਗਿਆਨਿਕ ਪ੍ਰੋਫਾਈਲ ਅਨੁਸੂਚੀ ਦੀ ਵਰਤੋਂ ਕਰਕੇ ਮੁਲਾਂਕਣ ਕੀਤਾ ਗਿਆ ਸੀ|

**iii. ਸਮਾਜਿਕ -ਸਭਿਆਚਾਰਕ ਅਧਿਐਨ**

ਉਪਰੋਕਤ ਤੱਤਾਂ ਦੇ ਇਲਾਵਾ, ਖੇਤਰ ਵਿੱਚ ਪ੍ਰਚਲਿਤ ਹੋਣ ਵਾਲੀਆਂ ਸਭਿਆਚਾਰਕ ਪਰੰਪਰਾਵਾਂ, ਰੀਤੀ-ਰਿਵਾਜਾਂ, ਤਿਉਹਾਰਾਂ ਅਤੇ ਮੇਲੇ ਆਦਿ, ਲਿੰਗਕ ਕਿਰਿਆਵਾਂ ਦੇ ਪ੍ਰਤੀ ਰਵੱਈਏ ਆਦਿ ਦਾ ਵੀ ਲੇਖਾ ਜੋਖਾ ਤਿਆਰ ਕੀਤਾ ਗਿਆ ਸੀ| ਇਸ ਸਰਵੇਖਣ ਦੌਰਾਨ, ਪਰਸਪਰ ਸਬੰਧਾਂ ਦੇ ਮੁਲਾਂਕਣ ਨਾਲ ਸੰਬੰਧਿਤ ਪ੍ਰਸ਼ਨ, ਕਮਿਊਨਿਟੀ ਢਾਂਚੇ ਨੂੰ ਕਾਇਮ ਰੱਖਣ ਵਾਲੇ ਵੱਖ-ਵੱਖ ਸੱਭਿਆਚਾਰਕ ਕਾਰਜਾਂ ਨੂੰ ਵੀ ਅਨੁਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ| ਇਸ ਸਰਵੇਖਣ ਵਿੱਚ ਇਹ ਅਨੁਮਾਨ ਲਗਾਇਆ ਗਿਆ ਕਿ ਪ੍ਰੋਜੈਕਟ ਦੇ ਕਾਰਨ ਇਹ ਕਾਰਜ-ਪ੍ਰਣਾਲੀਆਂ ਕਿੰਨੇ ਕੁ ਪ੍ਰਭਾਵਿਤ ਹੋਣਗੇ; ਪ੍ਰੋਜੈਕਟ ਦੇ ਨਤੀਜੇ ਵਜੋਂ ਮੌਜੂਦਾ ਸਭਿਆਚਾਰਕ ਜਾਇਦਾਦ ਅਤੇ ਨੁਕਸਾਨ ਦਾ ਮੁਲਾਂਕਣ ਕੀਤਾ ਗਿਆ ਸੀ|

### iv. ਪ੍ਰਭਾਵਿਤ ਖੇਤਰ ਦੇ ਲੋਕਾਂ ਨਾਲ ਸਲਾਹ-ਮਸ਼ਵਰਾ (ਵਿਸਥਾਰਿਤ ਇੰਟਰਵਿਊ)

ਪ੍ਰੋਜੈਕਟ ਪ੍ਰਭਾਵਿਤ ਵਿਅਕਤੀਆਂ ਦੀ ਪਹਿਚਾਣ ਤੋਂ ਬਾਅਦ, ਵਿਸਥਾਰਿਤ ਇੰਟਰਵਿਊ (ਆਈ.ਡੀ.ਆਈ) ਯੋਜਤ ਕੀਤੇ ਗਏ ਸਨ| ਇਸ ਨੇ ਐਸ.ਆਈ. ਏ ਦੀ ਟੀਮ ਨੂੰ ਭਾਈਚਾਰੇ ਦੇ ਸਬੰਧਾਂ ਨੂੰ ਉਨ੍ਹਾਂ ਦੀ ਜ਼ਮੀਨ ਅਤੇ ਹੋਰ ਦਾਅਵਿਆਂ ਨੂੰ ਸਮਝਣ ਵਿਚ ਸਹਾਇਤਾ ਕੀਤੀ| ਇਸ ਨੇ ਪ੍ਰੋਜੈਕਟ ਵੱਲ ਹਿੱਸਾ ਲੈਣ ਵਾਲਿਆਂ ਦੇ ਅਨੁਭਵ, ਰਵੱਈਏ, ਵਿਹਾਰ / ਭਾਵਨਾਵਾਂ ਨੂੰ ਵੀ ਉਜਾਗਰ ਕੀਤਾ| ਇਹ ਇੰਟਰਵਿਊ ਸਮਾਂ-ਸਾਰਣੀਆਂ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਸੀ ਜਿਸ ਵਿਚ ਖੁੱਲ੍ਹੇ ਅਤੇ ਬੰਦ ਅੰਤ ਹੋਏ ਸਵਾਲ ਸ਼ਾਮਲ ਸਨ| ਅਧਿਐਨ ਵਿਚ ਹਿੱਸਾ ਲੈ ਰਹੇ ਉੱਤਰਦਾਤਾਵਾਂ ਤੋਂ ਇਕ ਲਿਖਤੀ ਸੂਚਿਤ ਸਹਿਮਤੀ ਪ੍ਰਾਪਤ ਕੀਤੀ ਗਈ ਸੀ|

### v. ਵੰਸ਼ਾਵਲੀ

ਇਹ ਪਰਿਵਾਰਾਂ ਦਾ ਅਧਿਐਨ ਹੈ ਅਤੇ ਇੱਕ ਪੂਰਵਜ ਤੋਂ ਲਗਾਤਾਰ ਖੋਜੇ ਗਏ ਰੇਖਾ ਦੀ ਇੱਕ ਲਾਈਨ ਹੈ| ਇਹ ਜੀਵ ਵਿਗਿਆਨ / ਜੈਨੇਟਿਕ ਮੂਲ ਦੇ ਅਧਿਐਨ ਦੀ ਕਿਸਮ ਹੈ| ਵੰਸ਼ਾਵਲੀ ਵਿਧੀ (ਨਸਲੀ-ਵਿਗਿਆਨ) ਇੱਕ ਚੰਗੀ-ਸਥਾਪਿਤ ਵਿਧੀ ਹੈ| ਇਹ ਸ਼ੁਰੂ ਵਿਚ ਨਸਲੀ-ਸ਼ਖ਼ਸੀਅਤਾਂ ਦੁਆਰਾ ਸ਼ੁਰੂ ਕੀਤਾ ਗਿਆ ਸੀ ਜੋ ਨਾਤੇਦਾਰੀ ਅਤੇ ਮੂਲ ਰੂਪ ਵਿਚ ਅਜਿਹੇ ਸਭ ਮਹੱਤਵਪੂਰਣ ਰਿਸ਼ਤੇਦਾਰੀ ਸੰਬੰਧਾਂ ਦੀ ਪਛਾਣ ਕਰਨਾ ਹੈ ਜਿਹੜੇ ਵਿਆਹ ਅਤੇ ਵੰਸ਼ ਤੇ ਅਧਾਰਿਤ ਸਨ| ਰਵਾਇਤੀ ਅਧਿਕਾਰ ਦੇ ਤੌਰ ਤੇ ਜ਼ਮੀਨ ਦਾ ਆਪਸੀ ਸਹਿਮਤੀ ਦੇ ਤਬਾਦਲੇ ਨੇ ਵੰਸ਼ਾਵਲੀ ਦੀ ਮਦਦ ਨਾਲ ਪਤਾ ਲਗਾਇਆ ਜਾ ਸਕਦਾ ਹੈ| ਸੰਪਤੀ ਦੇ ਟੁਕੜੇ ਦਾ ਅਧਿਕਾਰਕ ਖ਼ਿਤਾਬ ਅਤੇ ਜਾਇਦਾਦ ਦੇ ਇਕ ਹਿੱਸੇ ਦੇ ਵੇਰਵੇ ਦਾ ਰਿਕਾਰਡ ਲੱਭਣ ਯੋਗ ਬਣ ਸਕਦਾ ਹੈ| ਸਮਾਜਿਕ-ਆਰਥਿਕ ਵੇਰਵਿਆਂ ਦੀ ਵੀ ਵੰਸ਼ਾਵਲੀ ਰਾਹੀਂ ਪੁੱਛ ਕੀਤੀ ਜਾ ਸਕਦੀ ਹੈ ਅਤੇ ਖਾਸ ਘਟਨਾਵਾਂ ਉੱਤਰ-ਪੂਰਬ ਦੇ ਪਰਿਵਾਰਕ ਇਤਿਹਾਸ ਦੇ ਰਿਕਾਰਡ ਰਾਹੀਂ ਦਰਜ ਕੀਤੀਆਂ ਜਾ ਸਕਦੀਆਂ ਹਨ| ਇਸ ਅਧਿਐਨ ਵਿਚ, ਜ਼ਮੀਨ ਦੇ ਮਾਲਕਾਂ ਦੇ ਮਾਤਾ ਅਤੇ ਪਿਤਾ ਦੀ ਵੰਸ਼ਾਵਲੀ ਦਾ ਮੁਲਾਂਕਣ, ਪਰਿਵਾਰ ਦੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਇਸ ਦੇ ਮੈਂਬਰਾਂ ਦੇ ਰਿਸ਼ਤੇਦਾਰਾਂ ਅਤੇ ਬੇਟੀਆਂ ਨੂੰ ਦਰਸਾਉਣ ਲਈ ਕੀਤਾ ਗਿਆ ਸੀ| ਇਸ ਨੇ ਸੰਪਤੀ ਨੂੰ ਵਾਰਸ ਅਤੇ ਹਿੱਸੇਦਾਰਾਂ ਦੀ ਸੰਖਿਆ ਜਿਹਨਾਂ ਨੇ ਅਸਲ ਵਿੱਚ ਜ਼ਮੀਨ ਤੇ ਅਧਿਕਾਰ ਦਾ ਦਾਅਵਾ ਕੀਤਾ ਹੈ ਅਤੇ ਵਾਰਸ ਜਿਨ੍ਹਾਂ ਨੇ ਜ਼ਮੀਨ ਦਾ ਦਾਅਵਾ ਨਹੀਂ ਕੀਤਾ ਹੈ ਦੇ ਰੂਪ ਵਿੱਚ ਅਸਲ ਸ਼ੇਅਰ ਧਾਰਕਾਂ ਦੀ ਗਿਣਤੀ ਵਰਗੇ ਸਵਾਲਾਂ ਦਾ ਜਵਾਬ ਦੇਣ ਵਿੱਚ ਸਹਾਇਤਾ ਕੀਤੀ ਹੈ|

### vi. ਮੁੱਖ ਸੂਚਕ ਇੰਟਰਵਿਊ

ਇੱਕ ਪ੍ਰਮੁੱਖ ਮੁਖ਼ਾਤਿਬਕ ਜਾਣਕਾਰੀ ਦਾ ਇੱਕ ਮਾਹਰ ਸਰੋਤ ਹੈ| ਮੁੱਖ ਸੂਚਨਾ ਤਕਨੀਕ ਇੱਕ ਨਸਲੀ ਵਿਗਿਆਨ ਖੋਜ ਵਿਧੀ ਹੈ ਜੋ ਮੂਲ ਰੂਪ ਵਿੱਚ ਸੱਭਿਆਚਾਰਕ ਮਾਨਵ ਸ਼ਾਸਤਰ ਦੇ ਖੇਤਰ ਵਿੱਚ ਵਰਤੀ ਗਈ ਸੀ ਅਤੇ ਹੁਣ ਸਮਾਜਿਕ ਵਿਗਿਆਨ ਦੀ ਜਾਂਚ ਦੀਆਂ ਹੋਰ ਸ਼ਾਖਾਵਾਂ ਵਿੱਚ ਜਿਆਦਾ ਵਿਆਪਕ ਰੂਪ ਵਿੱਚ ਵਰਤੀ ਜਾ ਰਹੀ ਹੈ| ਮੁੱਖ ਜਾਣਕਾਰੀ ਦੇਣ ਵਾਲੇ ਇੰਟਰਵਿਊ ਅਜਿਹੇ ਲੋਕਾਂ ਨਾਲ ਗੁਣਾਤਮਕ ਇੰਟਰਵਿਊ ਹੁੰਦੇ ਹਨ ਜੋ ਜਾਣਦੇ ਹਨ ਕਿ ਸਮਾਜ ਵਿੱਚ ਕੀ ਚੱਲ ਰਿਹਾ ਹੈ| ਮੁੱਖ ਸੂਚਨਾ ਦੇਣ ਵਾਲੇ ਇੰਟਰਵਿਊ ਦਾ ਉਦੇਸ਼ ਬਹੁਤ ਸਾਰੇ ਲੋਕਾਂ ਦੀ ਜਾਣਕਾਰੀ ਇਕੱਤਰ ਕਰਨਾ ਹੈ- ਜਿਸ ਵਿੱਚ ਸਮੁਦਾਇਕ ਆਗੂਆਂ, ਪੇਸ਼ੇਵਰਾਂ, ਜਾਂ ਨਿਵਾਸੀ ਸ਼ਾਮਲ ਹਨ- ਜਿਹਨਾਂ ਦਾ ਭਾਈਚਾਰੇ ਬਾਰੇ ਸਭ ਤੋਂ ਪਹਿਲਾਂ ਗਿਆਨ ਹੈ| ਇਸ ਪ੍ਰੋਜੈਕਟ ਵਿਚ ਗ੍ਰਾਮ-ਸਭਾਵਾਂ / ਪੰਚਾਇਤ ਮੈਂਬਰਾਂ / ਸਰਪੰਚ/ ਕਾਉਂਸਲਰ / ਆਂਗਣਵਾੜੀ ਵਰਕਰ/ ਨੰਬਰਦਾਰ ਅਤੇ ਹੋਰ ਜਾਣਕਾਰ ਮੈਂਬਰਾਂ ਦੇ ਇੰਟਰਵਿਊ ਸ਼ਾਮਲ ਸਨ| ਇੱਥੇ ਜ਼ਮੀਨ ਪ੍ਰਾਪਤੀ ਅਧਿਕਾਰੀ, ਯੂ ਟੀ, ਚੰਡੀਗੜ ਅਤੇ ਸ਼ਹਿਰੀ ਯੋਜਨਾਬੰਦੀ ਵਿਭਾਗ ਤੋਂ ਵੀ ਅੰਕੜੇ ਇਕੱਠੇ ਕਿੱਤੇ ਗਏ ਸੀ |



ਤਸਵੀਰ 2.5: ਐਸ.ਆਈ.ਏ. ਟੀਮ ਪਿੰਡ ਦੀ ਆਂਗਣਵਾੜੀ ਵਰਕਰ ਨਾਲ ਗੱਲ ਕਰਦੇ ਹੋਏ

### vii. ਫੋਕਸ ਸਮੂਹ ਚਰਚਾ (ਐਫ.ਜੀ.ਡੀਜ਼)/ ਸਮੂਹਿਕ ਵਿਚਾਰ ਵਟਾਂਦਰਾ

ਇਹ ਗੁਣਾਤਮਕ ਖੋਜ ਦਾ ਇੱਕ ਰੂਪ ਹੈ ਜਿਸ ਵਿੱਚ ਇੰਟਰਵਿਊ ਸ਼ਾਮਲ ਹੁੰਦੇ ਹਨ| ਇਸ ਵਿੱਚ ਇੱਕ ਉਤਪਾਦ, ਸੇਵਾ, ਸੰਕਲਪ, ਇਸ਼ਤਿਹਾਰ, ਵਿਚਾਰ ਜਾਂ ਪੈਕੇਜ ਵੱਲ ਲੋਕਾਂ ਦੇ ਇੱਕ ਸਮੂਹ ਨੂੰ ਉਹਨਾਂ ਦੀਆਂ ਧਾਰਨਾਵਾਂ, ਰਾਏ, ਵਿਸ਼ਵਾਸ ਅਤੇ ਰਵੱਈਏ ਬਾਰੇ ਪੁੱਛਿਆ ਜਾਂਦਾ ਹੈ| ਫੋਕਸ ਸਮੂਹ ਤਕਨੀਕ ਇੱਕ ਵਿਸ਼ੇਸ਼ ਸਿਖਿਆ ਦੇ ਸੰਬੰਧ ਵਿੱਚ ਵਿਅਕਤੀਆਂ ਦੀ ਰਾਏ, ਗਿਆਨ, ਧਾਰਨਾ ਅਤੇ ਚਿੰਤਾਵਾਂ ਦੀ ਖੋਜ ਕਰਨ ਲਈ ਵਰਤੀ ਜਾਂਦੀ ਇੱਕ ਗੁਣਾਤਮਕ ਰਿਸਰਚ ਕਾਰਜਪ੍ਰਣਾਲੀ ਦਾ ਇਕ ਉਦਾਹਰਣ ਹੈ| ਫੋਕਸ ਸਮੂਹ ਵਿਚ ਆਮ ਤੌਰ ਤੇ ਛੇ ਤੋਂ ਦਸ ਵਿਅਕਤੀ ਹੁੰਦੇ ਹਨ ਜਿਨ੍ਹਾਂ ਨੂੰ ਵਿਸ਼ੇ ਬਾਰੇ ਕੁਝ ਜਾਣਕਾਰੀ ਜਾਂ ਅਨੁਭਵ ਹੁੰਦਾ ਹੈ| ਭਾਗੀਦਾਰਾਂ ਦੇ ਸਮੂਹ ਨੂੰ ਇੱਕ ਸੰਚਾਲਕ ਦੁਆਰਾ ਨਿਰਦੇਸ਼ਤ ਕੀਤਾ ਜਾਂਦਾ ਹੈ ਜੋ ਵਿਚਾਰ ਵਟਾਂਦਰੇ ਲਈ ਵਿਸ਼ਿਆਂ ਦੀ ਸ਼ੁਰੂਆਤ ਕਰਦਾ ਹੈ ਅਤੇ ਉਹਨਾਂ ਵਿੱਚ ਇੱਕ ਜੀਵੰਤ ਅਤੇ ਕੁਦਰਤੀ ਚਰਚਾ ਵਿੱਚ ਹਿੱਸਾ ਲੈਣ ਲਈ ਸਮੂਹ ਨੂੰ ਮਦਦ ਕਰਦਾ ਹੈ|



ਤਸਵੀਰ 2.7: ਖੋਜ ਕਰਤਾ ਹਿਸੇਦਾਰਾਂ ਨਾਲ ਸਮੂਹਿਕ ਵਿਚਾਰ ਵਟਾਂਦਰਾ (ਐਫ.ਜੀ.ਡੀ) ਕਰਦੇ ਹੋਏ

ਇਸ ਪ੍ਰੋਜੈਕਟ ਵਿਚ ਸ਼ਾਮਲ ਮਾਡਲ/ ਨਮੂਨੇ ਲਈ ਅਤੇ ਸਿਫਾਰਸ਼ ਕੀਤੀਆਂ ਨਵੀਆਂ ਖੋਜਾਂ ਦਾ ਜਾਇਜ਼ਾ ਲੈਣ ਲਈ ਪ੍ਰੋਜੈਕਟ ਪ੍ਰਭਾਵਿਤ ਵਿਅਕਤੀਆਂ ਦਾ ਪ੍ਰੋਜੈਕਟ ਅਤੇ ਪ੍ਰੋਗ੍ਰਾਮਾਂ ਬਾਰੇ ਵਿਚਾਰ ਅਤੇ ਸਮਝ ਦਾ ਮੁਲਾਂਕਣ ਕਰਨਾ ਮਹੱਤਵਪੂਰਨ ਸੀ| ਜਾਂਚ ਵਿਚ ਪ੍ਰੋਜੈਕਟ ਦੇ ਪ੍ਰਭਾਵ ਦੇ ਮੁੱਦਿਆਂ ਅਤੇ ਮੁਆਵਜ਼ੇ ਦੇ ਮੁੱਦਿਆਂ ਦੇ ਸੰਬੰਧ ਵਿਚ ਚਰਚਾ

ਕਰਨਾ ਸ਼ਾਮਲ ਹੈ| ਪ੍ਰਭਾਵਿਤ ਜ਼ਮੀਨ ਦੇ ਹਿੱਸੇਦਾਰਾਂ ਨਾਲ ਸਮੂਹ ਵਿਚ ਚਰਚਾ ਅੰਤਿਮ ਐਫ.ਜੀ.ਡੀਜ਼ / ਪਿੰਡ ਦੀ ਸਭਾ ਵਿਚ ਜਨਤਕ ਸਲਾਹ-ਮਸ਼ਵਰੇ ਤੋਂ ਪਹਿਲਾਂ ਵੱਖਰੇ ਤੌਰ 'ਤੇ ਕੀਤੀ ਗਈ ਸੀ|

### viii. ਭੂਗੋਲਿਕ ਜਾਣਕਾਰੀ ਸਿਸਟਮ (ਜੀ.ਆਈ.ਐੱਸ.)

ਇਹ ਇੱਕ ਅਜਿਹਾ ਯੰਤਰ ਹੈ ਜਿਸਨੂੰ ਅਧਿਐਨ ਅਧੀਨ ਪ੍ਰੋਜੈਕਟ ਦੇ ਪ੍ਰਭਾਵ ਦੇ ਸਥਾਨਿਕ ਵੰਡ ਦਾ ਮੁਲਾਂਕਣ ਕਰਨ ਲਈ ਵਰਤਿਆ ਜਾ ਸਕਦਾ ਹੈ| ਮੌਜੂਦਾ ਐਸ.ਆਈ.ਏ. ਦੇ ਅਧਿਐਨ ਵਿਚ ਜੀ.ਆਈ.ਐਸ ਦਾ ਜ਼ਮੀਨ ਦੀ ਵਰਤੋਂ / ਜ਼ਮੀਨ ਕਵਰ ਵਿਸ਼ਲੇਸ਼ਣ, ਭਿੱਜ ਜ਼ਮੀਨ ਦੇ ਮੁਲਾਂਕਣ ਅਤੇ ਜ਼ਮੀਨਗਤ ਪਾਣੀ ਦੇ ਮਾਡਲਿੰਗ, ਨਿਵਾਸ ਸਥਾਨਾਂ ਦੀ ਮੈਪਿੰਗ ਆਦਿ ਦੀ ਨਿਗਰਾਨੀ ਕਰਨ ਲਈ ਵਰਤਿਆ ਗਿਆ ਸੀ ਤਾਂ ਕਿ ਜਲ ਸਰੋਤ, ਪਿੰਡਾਂ ਦੀਆਂ ਬਸਤੀਆਂ, ਬੁਨਿਆਦੀ ਢਾਂਚਾ- ਇਮਾਰਤਾਂ, ਬਨਸਪਤੀ ਅਧੀਨ ਜ਼ਮੀਨ ਆਦਿ ਤੇ ਰੇਲਵੇ ਲਾਈਨ ਦੇ ਸੰਭਾਵੀ ਪ੍ਰਭਾਵ ਦਾ ਅੰਦਾਜ਼ਾ ਲਗਾਇਆ ਜਾ ਸਕੇ ਅਤੇ ਵਿਸ਼ਲੇਸ਼ਣ ਕੀਤਾ ਜਾ ਸਕੇ|

### ix. ਪ੍ਰਤੀਭਾਗੀ ਨਿਰੀਖਣ

ਡੇਟਾ ਇਕੱਤਰ ਕਰਨ ਦੀ ਇਹ ਵਿਧੀ ਇਕ ਅਜਿਹੀ ਪ੍ਰਕਿਰਿਆ ਹੈ ਜਿਹੜੀ ਖੋਜ ਟੀਮ ਨੂੰ ਸਿੱਧੇ ਨਿਰੀਖਣ ਦੇ ਨਾਲ ਨਾਲ ਅਧਿਐਨ ਅਧੀਨ ਲੋਕਾਂ ਦੀਆਂ ਗਤੀਵਿਧੀਆਂ ਬਾਰੇ ਜਾਣਨ ਦੇ ਯੋਗ ਬਣਾਉਂਦੀ ਹੈ| ਫੀਲਡ ਦੌਰੇ ਦੇ ਦੌਰਾਨ, ਐਸ.ਆਈ.ਏ. ਦੀ ਟੀਮ ਸਮੁਦਾਏ ਦੇ ਮੈਂਬਰਾਂ ਨਾਲ ਜੁੜੀ ਤਾਂ ਕਿ ਉਹ ਉਨ੍ਹਾਂ ਦੇ ਵਿਹਾਰ ਅਤੇ ਰੋਜ਼ਮਰਾਂ ਦੇ ਕੰਮ ਨੂੰ ਸਮਝ ਸਕਣ | ਇਸ ਤੋਂ ਇਲਾਵਾ, ਖੋਜ ਟੀਮ ਪ੍ਰੋਜੈਕਟ ਪ੍ਰਭਾਵਿਤ ਆਬਾਦੀ ਨਾਲ ਰੁੱਝੀ ਤਾਂ ਕਿ ਉਹ ਉਨ੍ਹਾਂ ਦੇ ਦ੍ਰਿਸ਼ਟੀਕੋਣਾਂ ਅਤੇ ਜ਼ਮੀਨ ਦੀ ਵਰਤੋਂ ਨਾਲ ਸਬੰਧਤ ਸਪੱਸ਼ਟੀਕਰਨ ਨੂੰ ਪ੍ਰਭਾਸ਼ਿਤ ਕਰ ਸਕੇ|

### x. ਵਰਨਣ ਦੀ ਵਰਤੋਂ

ਕਹਾਣੀਆਂ ਦਾ ਵਰਨਣ ਪ੍ਰੋਜੈਕਟ ਪ੍ਰਭਾਵਿਤ ਵਿਅਕਤੀਆਂ ਦੇ ਵਿਸਤ੍ਰਿਤ ਤਜਰਬਿਆਂ ਨੂੰ ਦਰਸਾਉਂਦਾ ਹੈ| ਅਧਿਐਨ ਅਧੀਨ ਸਥਿਤੀ ਨਾਲ ਸੰਬੰਧਤ ਕਹਾਣੀਆਂ ਅਤੇ ਪ੍ਰਗਟਾਵਿਆਂ ਨੇ ਸਥਿਤੀ ਦੇ ਦ੍ਰਿਸ਼ਟੀਕੋਣ ਤੋਂ ਬਹੁਤ

ਸਪੱਸ਼ਟ ਤਸਵੀਰ ਦੇਣ ਵਿੱਚ ਸਹਾਇਤਾ ਕੀਤੀ ਹੈ| ਖੇਤਰੀ ਸਰਵੇਖਣ ਦੌਰਾਨ ਕਰਦੇ ਸਮੇਂ, ਐਸ. ਆਈ. ਏ. ਟੀਮ ਨੇ ਪ੍ਰੋਜੈਕਟ ਪ੍ਰਭਾਵਿਤ ਆਬਾਦੀ ਦੀਆਂ ਲੋੜਾਂ, ਮੰਗਾਂ ਅਤੇ ਤਜਰਬਿਆਂ ਨੂੰ ਰਿਕਾਰਡ ਕੀਤਾ|

**II. ਡੇਟਾ ਸੰਗ੍ਰਹਿ ਦੇ ਸੈਕੰਡਰੀ ਸਰੋਤ-**

ਸੈਕੰਡਰੀ ਅੰਕੜੇ ਸ੍ਰੋਤ ਉਹ ਡੇਟਾ ਹੈ ਜੋ ਉਪਭੋਗਤਾ ਤੋਂ ਇਲਾਵਾ ਕਿਸੇ ਹੋਰ ਦੁਆਰਾ ਇਕੱਤਰ ਕੀਤਾ ਜਾਂਦਾ ਹੈ| ਸਮਾਜਿਕ ਵਿਗਿਆਨ ਲਈ ਸੈਕੰਡਰੀ ਅੰਕੜੇ ਦੇ ਆਮ ਸਰੋਤਾਂ ਵਿੱਚ ਸੰਖੇਪ, ਸਰਕਾਰੀ ਵਿਭਾਗਾਂ ਦੁਆਰਾ ਇਕੱਤਰ ਕੀਤੀ ਜਾਣਕਾਰੀ, ਸੰਸਥਾ ਦੇ ਰਿਕਾਰਡ ਅਤੇ ਉਹ ਡੇਟਾ ਜੋ ਅਸਲ ਵਿੱਚ ਦੂਜੇ ਖੋਜ ਉਦੇਸ਼ਾਂ ਲਈ ਇਕੱਠੇ ਕੀਤੇ ਗਏ ਸਨ, ਸ਼ਾਮਲ ਹਨ| ਸੈਕੰਡਰੀ ਅੰਕੜੇ , ਇਕੱਤਰ ਕੀਤੇ ਪ੍ਰਾਇਮਰੀ ਅੰਕੜੇ ਦੇ ਨਤੀਜਿਆਂ ਦੀ ਤੁਲਨਾ ਕਰਨ ਲਈ ਇੱਕ ਬੇਸਲਾਈਨ ਪ੍ਰਦਾਨ ਕਰ ਸਕਦਾ ਹੈ ਅਤੇ ਇਹ ਖੋਜ ਡਿਜ਼ਾਈਨ ਵਿੱਚ ਵੀ ਉਪਯੋਗੀ ਹੋ ਸਕਦਾ ਹੈ| ਪ੍ਰਾਇਮਰੀ ਸ੍ਰੋਤਾਂ ਨੂੰ ਸੈਕੰਡਰੀ ਸਰੋਤਾਂ ਤੋਂ ਵੱਖ ਕੀਤਾ ਜਾਂਦਾ ਹੈ,

ਇਹ ਪ੍ਰਾਇਮਰੀ ਸ੍ਰੋਤਾਂ ਤੇ ਸੰਕੇਤ ਕਰਦੇ, ਟਿੱਪਣੀਆਂ ਕਰਦੇ ਜਾਂ ਬਣਾਉਂਦੇ ਹਨ|

**i) ਜਨ ਗਣਨਾ-**

ਜਨਗਣਨਾ ਇੱਕ ਦਿੱਤੇ ਗਏ ਆਬਾਦੀ ਦੇ ਮੈਂਬਰਾਂ ਬਾਰੇ ਯੋਜਨਾਬੱਧ ਤਰੀਕੇ ਨਾਲ ਜਾਣਕਾਰੀ ਪ੍ਰਾਪਤ ਅਤੇ ਰਿਕਾਰਡ ਕਰਨ ਦੀ ਪ੍ਰਕਿਰਿਆ ਹੈ| ਇਹ ਇੱਕ ਖਾਸ ਜਨਸੰਖਿਆ ਦੀ ਨਿਯਮਿਤ ਤੌਰ ਤੇ ਹੋਣ ਵਾਲੀ ਅਤੇ ਅਧਿਕਾਰਕ ਗਿਣਤੀ ਹੈ| ਇਹ ਇਕ ਕਿਸਮ ਦਾ ਪ੍ਰਬੰਧਕੀ ਡੇਟਾ ਹੈ ਪਰ ਇਹ ਵਿਸ਼ੇਸ਼ ਅੰਤਰਾਲਾਂ ਤੇ ਖੋਜ ਦੇ ਉਦੇਸ਼ ਲਈ ਇਕੱਤਰ ਕੀਤਾ ਜਾਂਦਾ ਹੈ| ਜ਼ਿਆਦਾਤਰ ਪ੍ਰਸ਼ਾਸਕੀ ਇਹ ਡੇਟਾ ਲੋਕਾਂ ਨੂੰ ਸੇਵਾ ਪ੍ਰਦਾਨ ਕਰਨ ਦੇ ਉਦੇਸ਼ ਲਈ ਇਕੱਤਰ ਕਰਦੇ ਹਨ|

ਭਾਰਤ ਵਿਚ, ਜਨ ਗਣਨਾ ਭਾਰਤ ਦੇ ਗ੍ਰਹਿ ਮਾਮਲਿਆਂ ਬਾਰੇ ਭਾਰਤ ਸਰਕਾਰ ਦੇ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਦੁਆਰਾ ਕੀਤੀ ਜਾਂਦੀ ਹੈ| 1 9 51 ਤੋਂ ਲੈ ਕੇ ਸਾਰੇ ਜਨ ਗਣਨਾ 1 9 48 ਸੈਨਸਸ ਆਫ਼ ਇੰਡੀਆ ਐਕਟ ਦੇ ਕਾਨੂੰਨ ਅਧੀਨ ਕਰਵਾਏ ਗਏ ਹਨ| ਪਿਛਲੀ ਜਨਗਣਨਾ 2011 ਵਿਚ ਹੋਈ ਸੀ ਅਤੇ ਅਗਲੀ

ਜਨਗਣਨਾ 2021 ਵਿਚ ਕੀਤੀ ਜਾਵੇਗੀ| ਜਨਗਣਨਾ ਅੰਕੜੇ ਦੀ ਵਰਤੋਂ ਇਹ ਜਾਣਕਾਰੀ ਇਕੱਠੀ ਕਰਨ ਲਈ ਕੀਤੀ ਗਈ ਸੀ :

- ਆਬਾਦੀ,
- ਲਿੰਗ
- ਧਰਮ
- ਜਾਤ
- ਸਿੱਖਿਆ
- ਪੇਸ਼ੇ, ਆਦਿ|

**ii) ਸਰਕਾਰੀ ਦਸਤਾਵੇਜ਼**

1. ਜ਼ਿਲ੍ਹੇ ਦੇ ਅੰਕੜਿਆਂ ਸਬੰਧੀ ਵੇਰਵਿਆਂ, ਵਿਕਾਸ ਦੇ ਉਪਾਅ ਅਤੇ ਖੇਤਰ ਵਿਚ ਚੱਲ ਰਹੇ ਭਲਾਈ ਸਕੀਮਾਂ ਦੀ ਸਥਿਤੀ ਲਈ ਸਮਾਜਿਕ ਕਲਿਆਣ ਵਿਭਾਗ, ਮੁਢਲੇ ਸਿਹਤ ਸੰਭਾਲ ਕੇਂਦਰਾਂ, ਪੰਚਾਇਤ, ਆਂਗਣਵਾੜੀ ਕੇਂਦਰ, ਪਿੰਡ ਦੇ ਸਕੂਲ ਅਤੇ ਪਿੰਡ ਪੱਧਰ ਦੇ ਕਾਮਿਆਂ ਤੋਂ ਅੰਕੜੇ ਇਕੱਤਰ ਕੀਤੇ ਗਏ |
2. ਵੱਖ ਵੱਖ ਕਿਸਮ ਦੇ ਜ਼ਮੀਨਾਂ ਅਤੇ ਟ੍ਰਾਂਜੈਕਸ਼ਨਾਂ ਦੇ ਰਿਕਾਰਡ; ਰਵਾਇਤੀ ਸੇਵਾਵਾਂ, ਰਵਾਇਤੀ ਅਧਿਕਾਰ ਅਤੇ ਅਮਲ ਆਦਿ, ਪ੍ਰਦਾਨ ਕਰਨ ਵਿਚ ਜ਼ਮੀਨੀ ਰਿਕਾਰਡ ਵੀ ਮਦਦਗਾਰ ਸਨ|
3. ਜ਼ਮੀਨ ਪ੍ਰਾਪਤੀ ਦੇ ਪ੍ਰਭਾਵ ਨੂੰ ਪਛਾਨਣ ਲਈ ਕੁਝ ਡੇਟਾ, ਆਧਿਕਾਰਿਕ ਪ੍ਰਸ਼ਾਸਨਿਕ ਅਤੇ ਨਿੱਜੀ ਰਿਕਾਰਡ ਦੁਆਰਾ ਇਕੱਤਰ ਕੀਤਾ ਗਿਆ ਸੀ|


**iii) ਮੀਡੀਆ ਰਿਪੋਰਟਾਂ, ਪ੍ਰੈਸ ਅਤੇ ਇਲੈਕਟ੍ਰਾਨਿਕ ਮੀਡੀਆ**

ਇਸ ਵਿੱਚ ਪ੍ਰੋਜੈਕਟ ਨਾਲ ਸੰਬੰਧਿਤ ਸੂਚਨਾਵਾਂ ਅਤੇ ਜਾਣਕਾਰੀ ਨੂੰ ਟਰੈਕ ਕਰਨ ਲਈ ਖੋਜਿਆ ਗਿਆ ਸੀ| ਪ੍ਰਸਤਾਵਿਤ ਰੇਲਵੇ ਪ੍ਰੋਜੈਕਟ ਦੇ ਪਿਛਲੇ ਅਤੇ ਮੌਜੂਦਾ ਰੁਤਬੇ ਦੀ ਸੰਖੇਪ ਜਾਣਕਾਰੀ ਪ੍ਰਾਪਤ ਕਰਨ ਲਈ ਲੇਖਾਂ ਦੀ

ਖੋਜ ਕੀਤੀ ਗਈ ਸੀ| ਇੰਟਰਨੈਟ ਤੇ ਉਪਲੱਬਧ ਜਾਣਕਾਰੀ ਵੀ ਨੋਟ ਕੀਤੀ ਗਈ ਸੀ ਅਤੇ ਸ਼ਾਮਿਲ ਕੀਤੀ ਗਈ ਸੀ|

## 2.6. ਜਨਤਕ ਸੁਣਵਾਈ

ਜ਼ਮੀਨ ਗ੍ਰਹਿਣ, ਮੁੜ ਵਸੇਬਾ ਅਤੇ ਪੁਨਰਵਾਸ ਕਾਨੂੰਨ (ਆਰ.ਐਫ.ਸੀ.ਟੀ.ਐਲ.ਆਰ.ਆਰ.), 2013 ਵਿਚ ਉਚਿਤ ਮੁਆਵਜਾ ਅਤੇ ਪਾਰਦਰਸ਼ਤਾ ਦੇ ਹੱਕ ਦੇ ਅਨੁਸਾਰ; ਪ੍ਰਭਾਵਿਤ ਪਰਿਵਾਰਾਂ ਦੇ ਵਿਚਾਰਾਂ ਨੂੰ ਨਿਰਧਾਰਤ ਕਰਨ ਲਈ ਪ੍ਰੋਜੈਕਟ ਖੇਤਰ ਵਿੱਚ ਜਨਤਕ ਸੁਣਵਾਈ ਕਰਵਾਉਣਾ ਲਾਜ਼ਮੀ ਹੈ| ਜਨਤਕ ਸੁਣਵਾਈ 10/9/2018 ਨੂੰ ਗੁਰੂਦੁਆਰਾ ਸਾਹਿਬ, ਪਿੰਡ ਡੱਡੂ ਮਾਜਰਾ ਵਿਖੇ ਸਵੇਰੇ 11:00 ਤੋਂ ਦੁਪਹਿਰ 1:00 ਵਜੇ ਅਤੇ ਉਸੇ ਤਾਰੀਖ਼ ਨੂੰ ਦੁਪਹਿਰ 2:00 ਤੋਂ 4:00 ਵਜੇ ਈ-ਸੰਪਰਕ ਕੇਂਦਰ, ਧਨਾਸ ਵਿਚ ਕੀਤੀ ਗਈ ਸੀ| ਜਨਤਕ ਸੁਣਵਾਈ ਐਸ.ਆਈ.ਏ ਟੀਮ. ਦੁਆਰਾ ਕੀਤੀ ਗਈ ਸੀ, ਸ਼੍ਰੀ. ਅਰਜੁਨ ਸ਼ਰਮਾ; ਆਈ.ਏ.ਐਸ-ਐਲ. ਏ. ਓ. , ਨੇ ਵੀ ਜਨਤਕ ਸੁਣਵਾਈ ਵਿਚ ਸ਼ਾਮਿਲ ਸਨ ਅਤੇ ਉਹਨਾਂ ਨੇ ਸਾਂਝੇਦਾਰਾਂ ਨਾਲ ਗੱਲਬਾਤ ਕੀਤੀ| ਜ਼ਮੀਨ ਪ੍ਰਾਪਤੀ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੁਆਰਾ ਜਨਤਕ ਸੁਣਵਾਈ ਦੀ ਤਾਰੀਖ਼ 10 ਸਤੰਬਰ 2018 ਅਜੀਤ, ਪੰਜਾਬ ਕੇਸਰੀ ਅਤੇ ਦ ਹਿੰਦੁਸਤਾਨ ਟਾਈਮਜ਼ ਅਖ਼ਬਾਰਾਂ ਵਿਚ 24 ਅਗਸਤ 2018 ਨੂੰ ਐਲਾਨੀ ਗਈ ਸੀ|



# ਚੰਡੀਗੜ੍ਹ ਪ੍ਰਸ਼ਾਸਨ

## ਜਨਤਕ ਸੁਣਵਾਈ ਲਈ ਨੋਟਿਸ

ਦਕਸ਼ਨ ਮਾਰਗ ਤੋਂ ਪੀ. ਆਰ. 4 ਰੋਡ ਯੂ. ਟੀ./ਪੰਜਾਬ ਯੂਨੀਵਰਸਿਟੀ ਤੱਕ ਕੁਨੈਕਟੀਵਿਟੀ ਅਤੇ ਨਿਰਮਾਣ ਲਈ ਇਕ ਸ਼ੋਸ਼ਲ ਇੰਪੈਕਟ ਅਸੈਸਮੈਂਟ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਆਯੋਜਿਤ ਕੀਤੀ ਗਈ ਹੈ, ਜੋ ਗ੍ਰਾਮ ਪੰਚਾਇਤ ਧਨਾਸ ਦੇ ਪ੍ਰਤੀਨਿਧੀਆਂ ਅਤੇ ਡੱਡੂ ਮਾਜਰਾ ਦੇ ਮਿਊਂਸੀਪਲ ਕੌਂਸਲਰ ਅਤੇ ਪ੍ਰਭਾਵਿਤ ਲੋਕਾਂ ਨਾਲ ਸਲਾਹ ਕਰ ਕੇ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਐਸ ਆਈ ਏ ਨੋਟੀਫਿਕੇਸ਼ਨ "ਰਾਈਟ ਟੂ ਫੇਅਰ ਕੰਪਨਸੈਸ਼ਨ ਐਂਡ ਟਰਾਂਸਪੇਰੈਂਸੀ ਇਨ ਲੈਂਡ ਐਕਿਓਜ਼ੀਸ਼ਨ ਐਂਡ ਰੀਸੈਟਲਮੈਂਟ ਐਂਡ ਰਿਹੈਬਲੀਟੇਸ਼ਨ ਐਕਟ 2013" ਦੀ ਧਾਰਾ 4 (2) ਦੀ ਵਿਵਸਥਾ ਅਨੁਸਾਰ ਸਥਾਨ 'ਤੇ ਅਤੇ ਅਖ਼ਬਾਰਾਂ ਵਿਚ ਪਹਿਲਾਂ ਹੀ ਪ੍ਰਕਾਸ਼ਿਤ ਕੀਤਾ ਗਿਆ ਹੈ।

ਰਾਈਟ ਟੂ ਫੇਅਰ ਕੰਪਨਸੈਸ਼ਨ ਐਂਡ ਟਰਾਂਸਪੇਰੈਂਸੀ ਇਨ ਲੈਂਡ ਐਕਿਓਜ਼ੀਸ਼ਨ ਐਂਡ ਰੀਸੈਂਟਲਮੈਂਟ ਐਂਡ ਰਿਹੈਬਲੀਟੇਸ਼ਨ 2013 ਦੀ ਧਾਰਾ 5 ਦੀ ਵਿਵਸਥਾ ਅਨੁਸਾਰ ਇਕ ਜਨਤਕ ਸੁਣਵਾਈ ਕੀਤੀ ਜਾਵੇਗੀ। ਸਥਾਨ, ਮਿਤੀ ਅਤੇ ਸਮਾਂ ਦੇ ਵੇਰਵੇ ਹੇਠਾਂ ਦਰਸਾਏ ਗਏ ਹਨ:-

**ਸਥਾਨ, ਮਿਤੀ ਅਤੇ ਸਮਾਂ :-**

1) **ਗੁਰਦੁਆਰਾ ਸਾਹਿਬ ਪਿੰਡ ਡੱਡੂ ਮਾਜਰਾ, ਯੂ. ਟੀ. ਚੰਡੀਗੜ੍ਹ** (**ਮਿਤੀ** 10.09.2018, **ਸਮਾਂ** : 11.00 **ਸਵੇਰੇ**)।
2) **ਗੁਰਦੁਆਰਾ ਸਾਹਿਬ ਪਿੰਡ ਧਨਾਸ, ਯੂ. ਟੀ. ਚੰਡੀਗੜ੍ਹ** (**ਮਿਤੀ** 10.09.2018 **ਸਮਾਂ: ਦੁਪਹਿਰ** 2.00 **ਵਜੇ**)

ਜਨਤਕ ਸੁਣਵਾਈ ਜ਼ਮੀਨ ਦੀ ਪ੍ਰਾਪਤੀ ਦੇ ਸੋਸ਼ਲ ਇੰਪੈਕਟ, ਸੋਸ਼ਲ ਇੰਪੈਕਟ ਮੈਨੇਜਮੈਂਟ ਪਲਾਨ (ਐਸ ਆਈ ਐਮ ਪੀ) ਤਿਆਰ ਕਰਨ ਲਈ ਸੁਧਾਰਾਤਮਿਕ ਉਪਾਅ ਦੇ ਸਬੰਧ ਵਿਚ ਪ੍ਰਭਾਵਿਤ ਪਰਿਵਾਰਾਂ ਦੇ ਵਿਚਾਰਾਂ ਦਾ ਪਤਾ ਲਗਾਏਗੀ। ਪ੍ਰਭਾਵਿਤ ਪਰਿਵਾਰਾਂ ਦੀ ਰਾਇ ਅਤੇ ਤਰਜੀਹ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਵਿਚ ਸ਼ਾਮਿਲ ਅਤੇ ਰਿਕਾਰਡ ਕੀਤੀ ਜਾਵੇਗੀ।

**ਸਹੀ/-ਲੈਂਡ ਐਕਿਓਜੀਸ਼ਨ ਕੁਲੈਕਟਰ,**
**ਯੂ. ਟੀ. ਚੰਡੀਗੜ੍ਹ।**

**No. 6320-22/PRC-53 (Advt.)**

ਤਸਵੀਰ 2.8: ਜਨਤਕ ਸੁਣਵਾਈ ਦੇ ਸੰਬੰਧ ਵਿਚ ਨੋਟੀਫਿਕੇਸ਼ਨ



ਤਸਵੀਰ 2.9: ਪਿੰਡ ਡੱਡੂ ਮਾਜਰਾ ਵਿਚ ਜਨਤਕ ਸੁਣਵਾਈ

## 2.7 ਡਾਟਾ ਦਾ ਵਿਸ਼ਲੇਸ਼ਣ-

ਐਮ. ਐਸ. ਐਕਸਲ, SPSS ਵਰਜਨ 19.0 ਦਾ ਇਸਤੇਮਾਲ ਕਰਕੇ ਡਾਟਾ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ|

ਤੱਥ ਇਕੱਠੇ ਕੀਤੇ ਗਏ ਸਨ ਅਤੇ ਰਿਪੋਰਟ ਲਿਖੀ ਗਈ ਸੀ|



ਤਸਵੀਰ 2.10: ਐਸ.ਆਈ.ਏ ਟੀਮ. ਪ੍ਰਭਾਵਿਤ ਪਰਿਵਾਰਾਂ ਨਾਲ ਗੱਲ ਬਾਤ ਕਰਦੇ ਹੋਏ



ਤਸਵੀਰ 2.11: ਐਸ.ਆਈ.ਏ ਟੀਮ. ਦੋਵੇਂ ਪਿੰਡਾਂ ਦੇ ਪ੍ਰਭਾਵਿਤ ਪਰਿਵਾਰਾਂ ਨਾਲ ਗੱਲ ਬਾਤ ਕਰਦੇ ਹੋਏ

ਅਗਲੇ ਅਧਿਆਇ ਪ੍ਰੋਜੈਕਟ ਪ੍ਰਭਾਵਿਤ ਪਿੰਡਾਂ ਦੇ ਭੂਗੋਲਿਕ ਪ੍ਰੋਫਾਈਲ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ ਹੈ|

# ਅਧਿਆਇ-3

## ਖੇਤਰ ਦਾ ਭੂਗੋਲਿਕ ਵਰਨਣ

ਸਮਾਜਿਕ ਪ੍ਰਭਾਵ ਮੁਲਾਂਕਣ ਇੱਕ ਤਰੀਕਾ ਹੈ ਜੋ ਨੀਤੀਕਾਰਾਂ ਨੂੰ ਉਹਨਾਂ ਦੀਆ ਨੀਤੀਆਂ ਕਾਰਨ ਪੈਣ ਵਾਲੇ ਪ੍ਰਭਾਵਾਂ ਨੂੰ ਪਹਿਲਾਂ ਹੀ ਜਾਨਣ ਦਾ ਅਵਸਰ ਪ੍ਰਦਾਨ ਕਰਦਾ ਹੈ| ਤਾਂ ਜੋ ਨਾਕਾਰਾਤਮਕ ਪ੍ਰਭਾਵਾਂ ਨੂੰ ਰੋਕਣ ਜਾ ਘੱਟ ਕਰਨ ਅਤੇ ਸਕਾਰਾਤਮਕ ਪ੍ਰਭਾਵਾਂ ਨੂੰ ਵਧਾਉਣ ਲਈ ਜਰੂਰੀ ਕਦਮ ਚੁੱਕੇ ਜਾ ਸਕਣ| ਪ੍ਰਭਾਵਿਤ ਖੇਤਰ ਵਿਚ ਰਹਿੰਦੇ ਲੋਕਾਂ ਤੇ ਪੈਣ ਵਾਲੇ ਸਿੱਧੇ ਜਾਂ ਅਸਿੱਧੇ ਪ੍ਰਭਾਵਾਂ ਸੰਬੰਧੀ ਫੈਸਲਾ ਲੈਣ ਸਮੇਂ ਧਿਆਨ ਵਿਚ ਰੱਖਣ ਵਾਲੇ ਸਮਾਜਿਕ ਅਤੇ ਸੱਭਿਆਚਾਰਕ ਮੁੱਦਿਆਂ ਬਾਰੇ ਜਾਣਕਾਰੀ ਇੱਕ ਸਹਾਇਕ ਵਜੋਂ ਐੱਸ.ਆਈ.ਏ ਦੁਆਰਾ ਦਿੱਤੀ ਜਾਂਦੀ ਹੈ| ਇਸਦੇ ਨਾਲ ਹੀ ਐੱਸ.ਆਈ.ਏ ਪ੍ਰਭਾਵਿਤ ਖੇਤਰ ਦੀ ਵਿਸਤ੍ਰਿਤ ਭੂਗੋਲਿਕ ਜਾਣਕਾਰੀ ਵੀ ਦਿੰਦਾ ਹੈ| ਪ੍ਰਭਾਵਾਂ ਦੀ ਪਹਿਲਾਂ ਜਾਣਕਾਰੀ ਹੋਣ ਕਾਰਣ ਨੀਤੀਕਾਰਾਂ ਨੂੰ ਇਹ ਪਤਾ ਚਲਦਾ ਹੈ ਕਿ ਪ੍ਰੋਜੈਕਟ ਚਲਣਾ ਚਾਹੀਂਦਾ ਹੈ ਜਾਂ ਉਸ ਵਿਚ ਬਦਲਾਵ ਹੋਣੇ ਚਾਹਿੰਦੇ ਹਨ ਜਾਂ ਫਿਰ ਉਸ ਨੂੰ ਪੂਰੀ ਬੰਦ ਕਰ ਦੇਣਾ ਚਾਹੀਂਦਾ ਹੈ| ਐੱਸ.ਆਈ.ਏ ਦਾ ਪ੍ਰਮੁੱਖ ਫਾਇਦਾ ਸਮਾਜਿਕ,ਸਮੂਹਿਕ ਅਤੇ ਵਿਅਕਤੀਗਤ ਰੂਪ ਵਿਚ ਪੈਣ ਵਾਲੇ ਨਾਕਾਰਾਤਮਕ ਪ੍ਰਭਾਵਾਂ ਲਈ ਬਚਾਵ ਯੋਜਨਾ ਤਿਆਰ ਕਰਨਾ ਹੈ|

ਮੌਜੂਦਾ ਅਧਿਐਨ ਦੋ ਪਿੰਡਾਂ ਡੱਡੂ ਮਾਜਰਾ ਅਤੇ ਧਨਾਸ (ਯੂ.ਟੀ.ਚੰਡੀਗੜ੍ਹ) ਵਿਚ ਕੀਤਾ ਗਿਆ| ਇਸ ਅਧਿਐਨ ਦਾ ਮਕਸਦ ਪ੍ਰੋਜੈਕਟ ਹਾਈਵੇ ਨੰਬਰ 21 ਤੋਂ ਸੈਕਟਰ 39, ਚੰਡੀਗੜ੍ਹ (PR-4) ਤਕ ਬਣਨ ਵਾਲੇ ਬਾਈਪਾਸ ਦੇ ਨਿਰਮਾਣ ਕਾਰਣ ਪਿੰਡ ਵਾਸੀਆਂ ਤੇ ਹੋਣ ਵਾਲੇ ਸਮਾਜਿਕ ਪ੍ਰਭਾਵਾਂ ਦਾ ਮੁਲਾਂਕਣ ਕਰਨਾ ਹੈ| ਇਸ ਬਾਈਪਾਸ ਦੇ ਨਿਰਮਾਣ ਲਈ ਪ੍ਰਾਪਤ ਕੀਤੀ ਜਾਣ ਵਾਲੀ ਜਮੀਨ ਦੇ ਮਾਲਿਕਾਂ ਕੋਲੋਂ ਅੰਕੜੇ ਇਕੱਠੇ ਕੀਤੇ ਗਏ ਸੀ| ਇਸ ਅਧਿਆਇ ਵਿਚ ਪ੍ਰਭਾਵਿਤ ਖੇਤਰ ਦੀ ਸਮਾਜਿਕ ਭੂਗੋਲਿਕ ਸਥਿਤੀ ਜਿਵੇ ਕਿ ਪਿੰਡਾਂ ਦੇ ਜਨ-ਅੰਕੜੇ, ਸਥਿਤੀ, ਭੂਗੋਲ, ਮੌਸਮ, ਫਸਲਾਂ ਅਤੇ ਜੰਗਲੀ ਜੀਵਾਂ ਆਦਿ ਬਾਰੇ ਜਾਣਕਾਰੀ ਦਿੱਤੀ ਗਈ ਹੈ|

ਸਰੋਤ:(https://www.researchgate.net/.../258185744_Social_Impact_Assessment_A_Tool_for_PI)

### 3.1. ਚੰਡੀਗੜ੍ਹ ਦਾ ਵੇਰਵਾ

ਚੰਡੀਗੜ੍ਹ ਫ੍ਰੈਂਚ ਅਰਟੀਟੈਕਟ ਲਾ ਕੋਰਬੂਸੀਅਰ ਦੁਆਰਾ ਡਿਜ਼ਾਈਨ ਕੀਤਾ ਭਾਰਤ ਦੇਸ਼ ਦਾ ਪਹਿਲਾ ਆਧੁਨਿੱਕ ਯੋਜਨਾਬੱਧ ਤਰੀਕਾ ਨਾਲ ਬਣਾਇਆ ਗਿਆ ਸ਼ਹਿਰ ਹੈ| ਚੰਡੀਗੜ੍ਹ ਅਤੇ ਉਸਦੇ ਨਾਲ ਲੱਗਦੇ ਖੇਤਰ ਨੂੰ 1 ਨਵੰਬਰ 1966 ਨੂੰ ਯੂ.ਟੀ. ਵਜੋਂ ਦਰਜਾ ਦਿੱਤਾ ਗਿਆ ਸੀ| ਚੰਡੀਗੜ੍ਹ ਉੱਤਰੀ ਭਾਰਤ ਵਿਚ ਸਥਿਤ ਹੈ ਅਤੇ ਇਹ ਹਰਿਆਣਾ ਤੇ ਪੰਜਾਬ ਦੀ ਸੰਯੁਕਤ ਰਾਜਧਾਨੀ ਹੈ| ਚੰਡੀਗੜ੍ਹ ਦੀ ਪੱਛਮ ਅਤੇ ਉੱਤਰ ਵਿਚ ਹੱਦ ਪੰਜਾਬ ਨਾਲ ਅਤੇ ਪੂਰਬ ਤੇ ਦੱਖਣ ਵੱਲ ਹਰਿਆਣੇ ਨਾਲ ਲੱਗਦੀ ਹੈ| ਕੁੱਲ ਖੇਤਰਫਲ 114 ਵਰਗ ਕਿਲੀਮੇਟਰ ਹੈ| ਚੰਡੀਗੜ੍ਹ ਸ਼ਹਿਰ ਸ਼ਿਵਾਲਿਕ ਪਹਾੜੀਆਂ ਦੀ ਜੜ ਵਿਚ ਸਮੁੰਦਰੀ ਤਲ ਤੋਂ 365 ਮੀਟਰ ਉਚਾਈ ਤੇ ਵਸਿਆ ਹੋਇਆ ਹੈ| ਭੂਗੋਲਿਕ ਤੌਰ ਤੇ ਇਸ ਦੀ ਹੱਦ ਦੋ ਮੌਸਮੀ ਨਦੀਆਂ ਪਟਿਆਲਾ ਕੀ ਰਾਓ ਅਤੇ ਸੁਖਣਾ ਚੋਅ ਦੁਆਰਾ ਤਹਿ ਕੀਤੀ ਗਈ ਹੈ|

**ਸਰੋਤ: (Source:https://www.wtca.org/world-trade-center-chandigarh)**

#### 3.1.1. ਭੂਗੋਲ

ਭੂਗੋਲ ਕਿਸੇ ਖੇਤਰ ਦੇ ਪਦਾਰਥਕ ਜਾਂ ਭੌਤਿਕ ਚਿਨ੍ਹਾ ਦੇ ਵੇਰਵੇ ਅਤੇ ਪੜ੍ਹਾਈ ਨੂੰ ਕਿਹਾ ਜਾਂਦਾ ਹੈ ਜਿਵੇ ਕਿ ਉਦਹਾਰਣ ਦੇ ਤੌਰ ਤੇ ਪਹਾੜੀ,ਘਾਟੀ ਅਤੇ ਦਰਿਆ ਜਾਂ ਉਸ ਖੇਤਰ ਦਾ ਨਕਸ਼ੇ ਤੇ ਪ੍ਰਤੀਨਿਧ ਕਰਦੇ ਚਿਨ੍ਹ ਆਦਿ |

ਇਹ ਖੇਤਰ ਉੱਤਰ ਵਿਚ ਸ਼ਿਵਾਲਿਕ ਪਹਾੜੀਆਂ ਦੀ ਤਲਹਟੀ ਤੇ ਸਥਿਤ ਹੈ|ਜੋ ਕਿ ਮਿਲਦੇ ਜੁਲਦੇ ਕਮਜ਼ੋਰ ਹਿਮਾਲਿਅਨ ਵਾਤਾਵਰਣ ਨੂੰ ਬਣਾਉਂਦਾ ਹੈ| ਇਸਦੇ ਉੱਤਰ ਪੂਰਬ ਵਿਚ ਕੰਢੀ(ਭਾਬਰ) ਅਤੇ ਬਾਕੀ ਬਚਦੇ ਹਿੱਸੇ ਨਾਲ ਸਿਰੋਵਾਲ(ਟਰਾਈ) ਅਤੇ ਅੱਲੂਵੀਅਲ ਦੇ ਮੈਦਾਨ ਲੱਗੇ ਹੋਏ ਹਨ| ਇਸ ਖੇਤਰ ਦੀ ਸਤਹਿ ਪੱਥਰਾਂ ਦੀ ਤਹਿ,ਰੋੜੀ,ਬਜਰੀ,ਰੇਤ,ਗਾਰ ਅਤੇ ਕੰਕਰਾਂ ਦੀ ਬਣੀ ਹੋਈ ਹੈ| ਉੱਤਰ ਵਿਚ ਸ਼ਿਵਾਲਿਕ ਪਹਾੜੀਆਂ ਦੇ ਨਿਚਲੇ

ਹਿੱਸੇ ਨੂੰ ਛੱਡ ਕੇ ਬਾਕੀ ਪੂਰਾ ਸ਼ਹਿਰ ਮੈਦਾਨੀ ਹੈ| ਇਸ ਖੇਤਰ ਦੀ ਨਿਕਾਸੀ ਦੋ ਮੌਸਮੀ ਨਦੀਆਂ ਜਿਵੇਂ ਕਿ ਪੂਰਬ ਵਿਚ ਸੁਖਨਾ ਚੋਅ ਅਤੇ ਪੱਛਮ ਵਿਚ ਪੰਜਾਬ ਪਟਿਆਲਾ ਕੀ ਰਾਓ ਦੁਆਰਾ ਕੀਤੀ ਜਾਂਦੀ ਹੈ| ਸ਼ਹਿਰ ਦੇ ਉੱਤਰ-ਪੂਰਬ ਵਿਚ ਸਥਿਤ ਸੁਖਨਾ ਝੀਲ, ਸ਼ਹਿਰ ਦਾ ਇਕ ਮਹੱਤਵਪੂਰਣ ਪਾਣੀ ਦਾ ਸੋਮਾ ਹੈ| ਕੇਂਦਰੀ ਭਾਗ ਸਤਹ ਦੇ ਪਾਣੀ ਨੂੰ ਵੰਡਦਾ ਹੈ ਅਤੇ ਇਸ ਦੀਆਂ ਦੋ ਛੋਟੀਆਂ ਨਦੀਆਂ ਹਨ| ਕੇਂਦਰੀ ਹਿੱਸੇ ਵਿਚੋਂ ਲੰਘਦੇ ਨਾਲੇ ਨੂੰ ਐਨ-ਚੋਅ ਕਿਹਾ ਜਾਂਦਾ ਹੈ ਅਤੇ ਦੂਸਰਾ ਚੋਅ ਨਾਲਾ ਜੋ ਸੈਕਟਰ 29 ਤੋਂ ਸ਼ੁਰੂ ਹੁੰਦਾ ਹੈ| ਉਹ ਸਪੰਜ ਦੀ ਤਰਾਂ ਕੰਮ ਕਰਦੇ ਹਨ ਅਤੇ ਬਾਰਸ਼ ਦੇ ਪਾਣੀ ਨੂੰ ਇਕੱਠਾ ਕਰਕੇ ਧਰਤੀ ਹੇਠਲੇ ਪਾਣੀ ਨੂੰ ਰਿਚਾਰਜ ਕਰਨ ਲਈ ਸਹਾਇਕ ਹਨ|

**ਸਰੋਤ: (apnashahar-chandigarh.blogspot.com/)**

### 3.1.2. ਸਥਾਨਕ ਮੌਸਮ

ਚੰਡੀਗੜ੍ਹ ਵਿਚ ਖੁਸ਼ਕ ਠੰਡੀਆਂ ਸਰਦੀਆਂ, ਗਰਮਾਇਸ਼ ਭਰੀਆਂ ਗਰਮੀਆਂ ਅਤੇ ਉਪ-ਖੰਡੀ ਮਾਨਸੂਨ ਹੁੰਦੇ ਹਨ| ਆਮ ਤੌਰ ਤੇ ਵਰਖਾ ਜਿਆਦਾ ਹੁੰਦੀ ਹੈ ਅਤੇ ਮੌਸਮ ਖੁਸ਼ਕ ਰਹਿੰਦਾ ਹੈ| ਚੰਡੀਗੜ੍ਹ ਵਿਚ ਮੁਖ ਤੌਰ ਤੇ ਚਾਰ ਸੀਜ਼ਨ ਹੁੰਦੇ ਹਨ: 1. ਗਰਮੀਆਂ (ਮੱਧ ਮਾਰਚ ਤੋਂ ਮੱਧ ਜੂਨ ਤਕ) 2.ਬਰਸਾਤਾਂ (ਜੂਨ ਅਖੀਰ ਤੋਂ ਮੱਧ ਸਤੰਬਰ ਤਕ)3.ਪਤਝੜ(ਮੱਧ ਸਤੰਬਰ ਤੋਂ ਮੱਧ ਨਵੰਬਰ ਤਕ )4.ਸਰਦੀਆਂ (ਮੱਧ ਨਵੰਬਰ ਤੋਂ ਮੱਧ ਮਾਰਚ ਤਕ )| ਮਈ ਅਤੇ ਜੂਨ ਸਾਲ ਦੇ ਸਭ ਤੋਂ ਵੱਧ ਗਰਮ ਮਹੀਨੇ ਹੁੰਦੇ ਹਨ ਇੰਨਾ ਵਿਚ ਔਸਤਨ ਵੱਧ ਤੋਂ ਵੱਧ ਤਾਪਮਾਨ 37 ਸੈਲਸੀਅਸ ਅਤੇ ਘੱਟ ਤੋਂ ਘੱਟ 25 ਸੈਲਸੀਅਸ ਹੁੰਦਾ ਹੈ| ਦੱਖਣ-ਪੱਛਮੀ ਮਾਨਸੂਨ ਤੇਜ ਬਾਰਿਸ਼ਾਂ ਲੈ ਕੇ ਜੂਨ ਦੇ ਅਖੀਰ ਤਕ ਖੇਤਰ ਵਿਚ ਪਹੁੰਚਦੇ ਹਨ| ਉਸ ਸਮੇਂ ਮੌਸਮ ਗਰਮ ਅਤੇ ਨਮੀ ਭਰਿਆ ਹੁੰਦਾ ਹੈ| ਸਾਲਾਨਾ ਬਰਖਾ ਦਰ ਦੇ ਸਾਲ ਦਰ ਸਾਲ ਪਰਿਵਰਤਨ ਵਧੀਆ ਹਨ ਜੋ ਕਿ 700-1200 mm ਦੇ ਵਿਚਕਾਰ ਹਨ| ਪਿਛਲੇ 20 ਸਾਲਾਂ ਦੀ ਚੰਡੀਗੜ੍ਹ ਵਿਚ ਬਰਖਾ ਦੀ ਦਰ 1100.7 mm ਹੈ| ਸਾਲ ਦਾ ਸਭ ਤੋਂ ਸਰਦ ਮਹੀਨਾ ਜਨਵਰੀ ਹੁੰਦਾ ਹੈ ਜਿਸ ਵਿਚ ਔਸਤਨ ਤਾਪਮਾਨ 23 ਸੈਲਸੀਅਸ ਅਤੇ ਘੱਟ ਤੋਂ ਘੱਟ ਤਾਪਮਾਨ 3.6 ਸੈਲਸੀਅਸ ਪਾਇਆ ਜਾਂਦਾ

ਹੈ| ਖੇਤਰ ਵਿਚ ਜ਼ਿਆਦਾਤਰ ਨਰਮ ਹਵਾਵਾਂ ਚਲਦਿਆਂ ਹਨ ਪਰੰਤੂ ਗਰਮੀਆਂ ਦੇ ਕੁਝ ਦਿਨਾਂ ਵਿਚ ਤੇਜ਼ ਪੂਰਬੀ ਹਵਾਵਾਂ ਵੀ ਚਲਦਿਆਂ ਹਨ|

**ਸਰੋਤ: (chandigarh.gov.in/knowchd_general.htm)**

### 3.1.3. ਵਰਖਾ ਦਰ

ਚੰਡੀਗੜ੍ਹ ਵਿਚ ਔਸਤਨ 60-70% ਬਾਰਿਸ਼ ਮਾਨਸੂਨ ਦੇ ਦੌਰਾਨ ਹੁੰਦੀ ਹੈ ਜੋ ਕਿ ਜੁਲਾਈ ਤੋਂ ਸਤੰਬਰ ਮਹੀਨੇ ਤੱਕ ਰਹਿੰਦਾ ਹੈ | ਸਾਲ ਦੌਰਾਨ ਸਭ ਤੋਂ ਜ਼ਿਆਦਾ ਬਾਰਿਸ਼ ਅਗਸਤ ਮਹੀਨੇ ਵਿਚ ਹੁੰਦੀ ਹੈ ਅਤੇ ਇਸ ਮਹੀਨੇ ਦੌਰਾਨ ਆਸਮਾਨ ਬੱਦਲਾਂ ਨਾਲ ਘਿਰਿਆ ਰਹਿੰਦਾ ਹੈ| ਘੱਟ ਬਾਰਿਸ਼ ਅਕਤੂਬਰ, ਨਵੰਬਰ ਅਤੇ ਦਸੰਬਰ ਦੇ ਮਹੀਨੇ ਭਾਵ ਸਾਲ ਦੀ ਆਖਰੀ ਤਿਮਾਹੀ ਦੌਰਾਨ ਹੁੰਦੀ ਹੈ ਇੰਨਾ ਤਿੰਨ ਮਹੀਨਿਆਂ ਦੇ ਦੌਰਾਨ ਬਾਰਿਸ਼ ਦੀ ਸੰਭਾਵਨਾ ਬਹੁਤ ਹੀ ਘੱਟ ਰਹਿੰਦੀ ਹੈ|

**ਸਰੋਤ: (www.punjabdata.com/Average-Rainfall-In-Chandigarh.aspx)**

### 3.1.4. ਮਿੱਟੀ ਦੀ ਕਿਸਮ

ਖੇਤਰ ਦੇ ਜ਼ਿਆਦਾਤਰ ਸੈਕਟਰਾਂ ਦੀ ਮਿੱਟੀ ਦੀ ਸਤਹਿ ਉੱਪਰ ਤੋਂ ਮਿੱਟੀ ਵਾਲੀ ਗਾਰ ਅਤੇ ਨਿਚਲੀ ਤਹਿ ਰੇਤਲੀ ਗਾਰ ਦੀ ਬਣੀ ਹੋਈ ਹੈ|

ਉੱਤਰੀ ਹਿੱਸੇ ਵਿਚ ਰੇਤਲੀ ਤੋਂ ਰੇਤਲੀ ਲੋਅਮ ਅਤੇ ਦੱਖਣੀ ਹਿੱਸੇ ਵਿਚ ਲੋਅਮ ਤੋਂ ਗਾਰ ਲੋਅਮ ਮਿੱਟੀ ਦੀ ਕਿਸਮ ਪੈ ਜਾਂਦੀ ਹੈ| ਕੰਦਪਾਲ ਏਟ ਆਲ (2009)ਦੁਆਰਾ ਕੀਤੇ ਅਧਿਐਨ ਅਨੁਸਾਰ ਖੇਤਰ ਵਿਚ ਜ਼ਿਆਦਾਤਰ ਚੀਕਣੀ ਮਿੱਟੀ,ਰੇਤ,ਪਥਰੀਲੀ ਰੇਤ ਅਤੇ ਪਥਰੀਲੀਆਂ ਤੇਹਾਂ ਪਾਇਆ ਜਾਂਦੀਆਂ ਹਨ| ਚੰਡੀਗੜ੍ਹ ਵਿਚ ਕੀਤੇ ਗਏ ਜ਼ਿਆਦਾਤਰ ਬੋਰ ਹੋਲਸ ਤੋਂ ਪਤਾ ਚੱਲੀਆਂ ਕਿ ਕ੍ਰਮਵਾਰ  ਚੀਕਣੀ ਅਤੇ ਰੇਤਲੀ ਮਿੱਟੀ ਦੀਆ ਤੇਹਾਂ ਬਣਿਆ ਹੋਇਆ ਸਨ|

ਸਰੋਤ: (://www.cseindia.org/soil-of-chandigarh-4470)

### 3.1.5. ਮੁਖ ਅਤੇ ਹੋਰ ਫ਼ਸਲਾਂ

ਚੰਡੀਗੜ੍ਹ ਦਾ ਕੁੱਲ ਖੇਤਰ 114 ਵਰਗ ਕਿਲੋਮੀਟਰ ਹੈ| ਯੂ.ਟੀ. ਬਣਨ ਸਮੇਂ(1966) ਖੇਤੀ ਅਧੀਨ ਖੇਤਰ 5441 ਹੈਕਟੇਅਰ ਸੀ| ਜਿਹੜਾ ਕਿ ਚੰਡੀਗੜ੍ਹ ਦੇ ਸ਼ਹਿਰੀਕਰਨ ਲਈ ਜਮੀਨ ਪ੍ਰਾਪਤੀ ਕਾਰਣ ਘੱਟ ਕੇ 1250 ਹੈਕਟੇਅਰ ਰਹਿ ਗਿਆ| ਚੰਡੀਗੜ੍ਹ ਵਿਚ ਦੁੱਧ ਦੀ ਜ਼ਿਆਦਾ ਖਪਤ ਹੋਣ ਕਾਰਣ ਇਥੋਂ ਦੇ ਕਿਸਾਨਾਂ ਨੇ ਦੁਧਾਰੂ ਪਸ਼ੂ ਰੱਖੇ ਹੋਏ ਸਨ| ਇਸ ਕਰਕੇ ਚੰਡੀਗੜ੍ਹ ਦੇ ਕਿਸਾਨ ਦੁਧਾਰੂ ਪਸ਼ੂਆਂ ਦੀ ਲੋੜ ਪੂਰੀ ਕਰਨ ਲਈ ਵੱਡੇ ਪੈਮਾਨੇ 'ਚ ਚਾਰਾ ਪ੍ਰੋਜੈਕਟ ਪ੍ਰਭਾਵਿਤ ਖੇਤਾਂ ਵਿਚ ਬੀਜਦੇ ਹਨ| ਖੇਤੀਬਾੜੀ ਅਧੀਨ ਖੇਤਰ ਘੱਟ ਕੇ ਬਹੁਤ ਥੋੜਾ ਰਹਿ ਗਿਆ ਹੈ ਜਿਸ ਕਰਕੇ ਪਸ਼ੂਆਂ ਦੇ ਚਾਰੇ ਦੀ ਸਮੱਸਿਆ ਖੇਤਰ ਵਿਚ ਆ ਗਈ ਹੈ|

ਸਰੋਤ:(Source:www.chenvis.nic.in/index4.aspx?ssslid=96&subsubsublinkid=24&langid=1)

### 3.1.6. ਜੰਗਲੀ ਜੀਵਨ

ਚੰਡੀਗੜ੍ਹ ਸ਼ਹਿਰ ਵਿਚ ਸਿਰਫ ਇਕ ਪ੍ਰਮੁੱਖ ਵਾਈਲਡਲਾਈਫ ਸੈਂਕਚੂਰੀ ਹੈ ਜਿਸ ਨੂੰ ਸੁਖਨਾ ਵਾਈਲਡਲਾਈਫ ਸੈਂਕਚੂਰੀ ਕਿਹਾ ਜਾਂਦਾ ਹੈ ਅਤੇ ਇਕ ਛੋਟਾ ਚਿੜੀਆਘਰ ਹੈ ਜਿਸ ਨੂੰ ਛੱਤਬੀਰ ਚਿੜੀਆਘਰ ਕਿਹਾ ਜਾਂਦਾ ਹੈ| ਵਾਈਲਡਲਾਈਫ ਸੈਂਕਚੂਰੀ ਸਥਾਪਤ ਕਰਨ ਦਾ ਮੁੱਖ ਮੰਤਵ ਜਾਨਵਰਾਂ ਦਾ ਰੱਖ-ਰਖਾਅ ਅਤੇ ਸਾਂਭ ਸੰਭਾਲ ਕਰਨਾ ਹੈ| ਇਹ ਉਸ ਵਿਚ ਰਹਿਣ ਵਾਲੇ ਜਾਨਵਰਾਂ ਤੇ ਉਸ ਸਥਾਨ ਦੀ ਭੂਗੋਲਿਕ ਸਥਿਤੀ ਕਾਰਣ ਪੈਣ ਵਾਲੇ ਪ੍ਰਭਾਵਾਂ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਜਾਂਦੀਆਂ ਹਨ| ਚੰਡੀਗੜ੍ਹ ਦੀ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਇਥੇ ਬਹੁਤ ਪ੍ਰਕਾਰ ਦੇ ਜਾਨਵਰਾਂ ਦੀਆ ਕਿਸਮਾਂ ਦੇਖਣ ਨੂੰ ਮਿਲਦੀਆਂ ਹਨ| ਇਥੇ ਦੇਖੇ ਜਾਣ ਵਾਲੇ ਜਾਨਵਰਾਂ ਦੀ ਸੂਚੀ ਬਹੁਤ ਲੰਬੀ ਹੈ| ਚੰਡੀਗੜ੍ਹ ਵਿਚ ਬਨਸਪਤੀ ਅਤੇ ਜੀਵ ਦੋਨੋ ਬਹੁਤ ਅੱਛੀ ਹਾਲਤ ਦੇ ਹਨ| ਇਥੇ ਘਾਹ,ਪੌਦੇ,ਜੜੀ ਬੂਟਿਆਂ ਅਤੇ ਬੜੇ ਦਰਖ਼ਤ ਮਿਲਦੇ ਹਨ |ਸੈਂਕਚੂਰੀ ਵਿਚ ਜਾਨਵਰ ਕਾਫੀ ਤਾਦਾਦ ਵਿਚ ਹਨ| ਜਿੰਨਾ ਵਿਚ ਸੱਪ, ਮਗਰਮੱਛ, ਪੰਛੀ, ਥੰਨਧਾਰੀ ਜਾਨਵਰ ਅਤੇ ਤਿਤਲੀਆਂ ਆਦਿ ਹਨ| ਥੰਨਧਾਰੀ ਜਾਨਵਰਾਂ ਵਿਚ ਸਾਂਬਰ, ਬਾਂਦਰ,

ਭਾਲੂ, ਮੰਗੌਸ, ਖੱਚਰ ਅਤੇ ਗਿਲਹਾਰੀ ਆਦਿ ਮਿਲਦੇ ਹਨ| ਸੁਖਨਾ ਵਾਈਲਡਲਾਈਫ ਸੈਂਕਚੂਰੀ ਵਿਚ ਮਿਲਣ ਵਾਲੇ ਪੰਛੀਆਂ ਵਿਚ ਮੋਰ, ਬਾਜ, ਕੋਇਲ, ਬੱਤਖਾਂ, ਚੱਕੀਰੋਣੇ, ਬੁਲਬੁਲ, ਕਿੰਗਫਿਸ਼ਰ, ਹੰਸ ਆਦਿ ਹਨ| ਸੱਪਾਂ ਵਿਚ ਵਾਈਪਰ, ਰੈਟ ਸਨੈਕ, ਕੋਬਰਾ, ਪਾਈਥਨ ਆਦਿ ਮਿਲਦੇ ਹਨ ਅਤੇ ਤਿਤਲੀਆਂ ਤੇ ਮਧੂਮੱਖੀਆਂ ਵੀ ਬਹੁਤਾਂਤ ਮਾਤਰਾ ਵਿਚ ਸੁਖਨਾ ਵਾਈਲਡਲਾਈਫ ਸੈਂਕਚੂਰੀ ਵਿਚ ਮਿਲਦੀਆਂ ਹਨ|

**ਸਰੋਤ:( www.discoveredindia.com/chandigarh/attractions/wildlife/)**

### 3.1.7. ਬਨਸਪਤੀ

ਬਨਸਪਤੀ ਤੋਂ ਭਾਵ ਖੇਤਰ ਵਿਚ ਕੁਦਰਤੀ ਤੌਰ ਤੇ ਹੋਣ ਵਾਲੇ ਪੇੜ ਪੌਦਿਆਂ ਤੋਂ ਹੈ| ਕਿਸੇ ਖੇਤਰ ਵਿਚ ਪੈਦਾ ਹੋਣ ਵਾਲੀ ਬਨਸਪਤੀ ਉਥੋਂ ਦੀ ਭੌਤਿਕ ਸਥਿਤੀ, ਮੌਸਮ ਅਤੇ ਪਾਣੀ ਦੀ ਉਪਲੱਬਧਤਾ ਤੇ ਨਿਰਭਰ ਕਰਦੀ ਹੈ|ਇਸ ਖੇਤਰ ਵਿਚ ਮਿਲਣ ਵਾਲੀ ਬਨਸਪਤੀ ਨੂੰ ਚਾਰ ਪ੍ਰਮੁੱਖ ਸ੍ਰੇਣੀਆਂ ਵਿਚ ਵੰਡੀਆਂ ਗਿਆ ਹੈ –

### 3.1.7.1. ਫਲਦਾਰ ਦਰਖਤ

ਅੰਬ, ਅਮਰੂਦ ਅਤੇ ਸ਼ਹਿਤੂਤ ਇਥੇ ਜ਼ਿਆਦਾ ਮਿਲਦੇ ਹਨ|

### 3.1.7.2 ਲੱਕੜ ਵਾਲੇ ਦਰਖਤ

ਬਾਂਸ ਅਤੇ ਸ਼ਿਸ਼ਮ ਇਥੋਂ ਦੇ ਲੋਕਾਂ ਲਈ ਫਾਇਦੇਮੰਦ ਹਨ ਕਿਉਂਕਿ ਇੰਨਾ ਨੂੰ ਅਣ ਉਪਜਾਊ ਜਮੀਨ ਤੇ ਵੀ ਬੀਜਿਆ ਅਤੇ ਉਗਾਇਆ ਜਾ ਸਕਦਾ ਹੈ| ਅੰਬ ਅਤੇ ਸ਼ਿਸ਼ਮ ਦੀ ਲੱਕੜੀ ਸਖਤ ਹੁੰਦੀ ਹੈ ਜੋ ਫਰਨੀਚਰ ਬਣਾਉਣ ਦੇ ਕੰਮ ਆਉਂਦੀ ਹੈ|

### 3.1.7.3 ਚਾਰੇ ਵਾਲੇ ਦਰਖਤ

ਕੁਝ ਦਰਖਤ ਜਿਵੇ ਕਿ ਬਹੇੜਾ ਨੂੰ ਪਸ਼ੂਆਂ ਦੇ ਚਾਰੇ ਲਈ ਉਗਾਇਆ ਜਾਂਦਾ ਹੈ ਇੰਨਾ ਦੇ ਪੱਤਿਆਂ ਨੂੰ ਦੁਧਾਰੂ ਪਸ਼ੂਆਂ ਨੂੰ ਖੁਆਇਆ ਜਾਂਦਾ ਹੈ|

### 3.1.7.4 ਹੋਰ ਦਰੱਖਤ

ਚਿਕਿਤਸਕ ਮਹੱਤਤਾ ਵਾਲੇ ਦਰੱਖਤ ਜਿਵੇ ਕੀ ਨਿੱਮ ਆਦਿ ਵੀ ਇਸ ਖੇਤਰ ਵਿਚ ਮਿਲਦੇ ਹਨ|

## 3.2 ਚੰਡੀਗੜ੍ਹ ਦੇ ਪਿੰਡਾਂ ਦਾ ਵੇਰਵਾ

ਪੰਜਾਬ ਨਿਊ ਕੈਪੀਟਲ (ਪੇਰੀਫਰੀ) ਕੰਟਰੋਲ ਐਕਟ, 1952 ਬਣਾਉਣ ਲਈ ਇੱਕ ਮਾਸਟਰ ਪਲਾਨ ਲਿਆਂਦਾ ਗਿਆ| ਇਸ ਐਕਟ ਅਧੀਨ ਸ਼ਹਿਰ ਦੇ ਆਲੇ ਦੁਆਲੇ ਦੀ 16 ਕਿਲੋਮੀਟਰ ਦੀ ਬੈਲਟ ਵਿਚ ਕੋਈ ਗੈਰ ਖੇਤੀਬਾੜੀ ਮੰਤਵ ਇਮਾਰਤ ਉਸਾਰੀ ਤੇ ਰੋਕ ਲਗਾਈ ਗਈ ਹੈ ਤਾਂ ਜੋ ਇਸ ਬੈਲਟ ਨੂੰ ਹਰਾ ਭਰਾ ਰੱਖਿਆ ਜਾਂ ਸਕੇ| ਹਾਲਾਂਕਿ ਪਿੰਡਾਂ ਦੇ ਅਬਾਦੀ ਦੇਹ ਖੇਤਰ ਜੋ ਇਸ ਕ਼ਾਨੂਨ ਅੰਤਰਗਤ ਆ ਰਹੇ ਸਨ ਨੂੰ ਇਸ ਐਕਟ ਤੋਂ ਕੁਝ ਬੰਦਿਸ਼ਾ ਸਮੇਤ ਛੋਟ ਦਿੱਤੀ ਗਈ ਹੈ| ਪੰਜਾਬ ਰਾਜ ਦੇ ਵਿਭਾਜਨ ਸਮੇਂ ਇਸ ਐਕਟ ਅਧੀਨ ਖੇਤਰ ਨੂੰ ਪੰਜਾਬ,ਹਰਿਆਣਾ ਅਤੇ ਚੰਡੀਗੜ੍ਹ ਵਿਚ ਵੰਡਿਆ ਗਿਆ| ਇਸਦਾ ਜ਼ਿਆਦਾਤਰ ਹਿੱਸਾ ਪੰਜਾਬ ਕੋਲ ਗਿਆ|ਬਾਅਦ ਵਿਚ ਹਰਿਆਣਾ ਨੇ ਇਸ ਐਕਟ ਵਿਚ ਸੋਧ ਕਰਦੇ ਹੋਏ ਅਬਾਦੀ ਦੇਹ ਵਾਲੇ ਪਿੰਡਾਂ ਵਿਚ 11 ਮੀਟਰ ਤਕ ਉਸਾਰੀ ਕਰਨ ਦੀ ਆਗਿਆ ਦਿੱਤੀ ਅਤੇ ਨਾਲ ਹੀ ਇਸ ਉਸਾਰੀ ਦੀ ਵਪਾਰਕ ਵਰਤੋਂ ਤੇ ਰੋਕ ਲਗਾ ਦਿੱਤੀ| ਦੂਜੇ ਪਾਸੇ ਪੰਜਾਬ ਨੇ ਇਸ ਜਮੀਨ ਤੇ ਬਣਿਆ ਇਮਾਰਤਾਂ ਦੀ ਰਿਹਾਇਸ਼ੀ ਕਲੋਨੀਆਂ ਅਤੇ ਸੰਸਥਾਨ ਬਣਾਉਣ ਲਈ ਛੋਟ ਦੇ ਦਿੱਤੀ| ਸ਼ੁਰੂਆਤ ਵਿਚ ਮੋਹਾਲੀ ਅਤੇ ਪੰਚਕੂਲਾ ਤੋਂ ਲੈ ਕੇ ਦੋਨਾਂ ਰਾਜਾ ਨੇ ਇਸ ਖੇਤਰ ਦੇ ਸ਼ਹਿਰੀਕਰਨ ਦੀ ਖੁਲੀ ਛੋਟ ਦੇ ਦਿੱਤੀ|

ਮੌਜੂਦਾ ਸਮੇਂ ਤੇ ਚੰਡੀਗੜ੍ਹ ਵਿਚ 23 ਪਿੰਡ ਹਨ| ਮਨੀਮਾਜਰਾ ਸ਼ਹਿਰ ਦੇ ਪੂਰਬੀ ਕੋਨੇ ਤੇ ਸਥਿਤ ਹੈ ਜੋ ਕਿ ਮਾਸਟਰ ਪਲਾਨ ਬਣਾਉਣ ਸਮੇਂ ਇਕ ਛੋਟਾ ਪਿੰਡ ਸੀ ਅਤੇ ਹੁਣ ਇੱਕ ਕਸਬੇ ਵਜੋਂ ਵਿਕਸਿਤ ਹੋ ਚੁੱਕਿਆ ਹੈ|

ਚੰਡੀਗੜ੍ਹ ਦੇ ਪਿੰਡਾਂ ਨੂੰ ਮੁਖ ਤੌਰ ਦੋ ਭਾਗਾਂ ਵਿਚ ਵੰਡੀਆਂ ਗਿਆ ਹੈ-

- ਸੇਕਟ੍ਰਲ ਪਿੰਡ

- ਨੌਨ ਸੇਕਟ੍ਰਲ ਪਿੰਡ

ਪਿੰਡ ਡੱਡੂ ਮਾਜਰਾ ਅਤੇ ਧਨਾਸ ਨੌਨ ਸੇਕਟ੍ਰਲ ਪਿੰਡ ਹਨ ਜੋ ਕਿ ਸ਼ਹਿਰ ਦੇ ਪੱਛਮੀ ਕੋਨੇ ਤੇ ਸਥਿਤ ਹਨ| ਧਨਾਸ ਪਤਿਆਲੀ ਕੀ ਰਾਓ ਦੇ ਨਾਲ ਲੱਗਦਾ ਪਿੰਡ ਹੈ ਅਤੇ ਡੱਡੂ ਮਾਜਰਾ ਸ਼ਾਂਤੀ ਪੱਥ ਤੋਂ ਅੱਗੇ ਜਾ ਕੇ ਪੱਛਮੀ ਦਿਸ਼ਾ ਵਿਚ ਪਟਿਆਲਾ ਕੀ ਰਾਓ ਦੇ ਨਜਦੀਕ ਸਥਿਤ ਹੈ| ਚੰਡੀਗੜ੍ਹ ਵਿਚ ਜੁਲਾਈ 1994 ਵਿਚ ਮਿਉਂਸਿਪਲ ਕਾਰਪੋਰੇਸ਼ਨ (ਐਮ.ਸੀ.ਸੀ.) ਬਣਨ ਦੇ ਬਾਅਦ 9 ਪਿੰਡਾਂ ਨੂੰ ਐਮ.ਸੀ.ਸੀ. ਦੇ ਅੰਤਰਗਤ ਲੈ ਲਿਆ ਗਿਆ ਜਦਕਿ ਬਾਕੀ ਬਚਦੇ ਪਿੰਡਾਂ ਵਿਚ ਹਜੇ ਵੀ ਗ੍ਰਾਮ ਪੰਚਾਇਤਾਂ ਬਣਦੀਆਂ ਹਨ| ਡੱਡੂ ਮਾਜਰਾ ਦੇ ਐਮ.ਸੀ.ਸੀ. ਅਧੀਨ ਹੈ ਜਦਕਿ ਧਨਾਸ ਵਿਚ ਪੰਚਾਇਤੀ ਰਾਜ ਹੈ|

**ਸਰੋਤ:Chandigarh.gov.in/cmp2031/villages**

ਐੱਸ.ਆਈ.ਏ ਟੀਮ ਵੱਲੋ ਕੌਂਸਲਰ ਨੂੰ ਵਿਅਕਤੀਗਤ ਤੌਰ ਤੇ ਅਤੇ ਟੈਲੀਫੋਨ ਕਰਕੇ ਕਈ ਬਾਰ ਮਿਲਣ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਕੋਈ ਜਵਾਬ ਨਹੀਂ ਮਿਲਿਆ| ਇਸ ਲਈ ਪਿੰਡ ਡੱਡੂ ਮਾਜਰਾ ਦੀ ਆਂਗਣਵਾੜੀ ਕੋਲੋਂ ਅੰਕੜੇ ਇਕੱਠੇ ਕੀਤੇ ਗਏ ਹਨ ਜੋ ਕਿ ਮੂਲ ਅੰਕੜਿਆਂ ਨਾਲੋਂ ਵੱਖ ਹੋ ਸਕਦੇ ਹਨ|

### 3.2.1 ਪਿੰਡਾਂ ਦੀ ਭੂਗੋਲਿਕ ਸਥਿਤੀ

ਦੋਨੋ ਪਿੰਡ ਭੂਗੋਲਿਕ ਤੌਰ ਤੇ ਅਕਸ਼ਾਂਸ਼ 30.74°N ਅਤੇ ਲੰਬਕਾਰ 76.79°E ਤੇ ਸਥਿਤ ਹਨ|ਪਿੰਡਾਂ ਦੀ ਸਮੁੰਦਰ ਤਲ ਤੋਂ ਉਚਾਈ 321 ਮੀਟਰ ਹੈ|

### 3.2.2 ਜਨ ਅੰਕੜਿਆਂ ਅਨੁਸਾਰ ਡੱਡੂ ਮਾਜਰਾ ਪਿੰਡ ਦਾ ਵੇਰਵਾ

ਪਿੰਡ ਡੱਡੂ ਮਾਜਰਾ ਚੰਡੀਗੜ੍ਹ ਦੇ ਵਾਰਡ ਨੰਬਰ 6 ਅਧੀਨ ਪੈਂਦਾ ਹੈ| ਡੱਡੂ ਮਾਜਰਾ ਪਿੰਡ ਦੇ ਨਾਲ ਲੱਗਦੇ ਖੇਤਰ ਡੱਡੂ ਮਾਜਰਾ ਕਲੋਨੀ, ਡੱਡੂ ਮਾਜਰਾ, ਤੋਗਾਂ, ਮਲੋਇਆ, ਪਲਾਸੋਰਾ, ਸੈਕਟਰ 25 ਵੇਸਟ ਅਤੇ ਸੈਕਟਰ 38 ਹਨ| ਮੌਜੂਦਾ ਕੌਂਸਲਰ ਸ੍ਰੀਮਤੀ ਫਰਮਿਲਾ ਜੀ ਹਨ ਅਤੇ ਪੰਜਾਬੀ ਮੁਖ ਬੋਲੀ ਜਾਣ ਵਾਲੀ ਭਾਸ਼ਾ ਹੈ| ਪਿੰਡ ਦੀ ਜਨ ਸੰਖਿਆ 27,654 ਹੈ ਜਿਸ ਵਿੱਚੋ 54% ਮਰਦ ਅਤੇ 46% ਮਹਿਲਾਵਾਂ ਹਨ| ਸਾਰਣੀ 3.1 ਵਿਚ ਡੱਡੂਮਾਜਰਾ ਪਿੰਡ ਦੇ ਜਨ ਅੰਕੜੇ ਦਰਸਾਏ ਗਏ ਹਨ|ਪਿੰਡ ਵਿਚ ਸਿੱਖ ਅਤੇ ਹਿੰਦੂ ਮੁਖ ਧਰਮ ਸਨ ਅਤੇ ਸੈਣੀ ਤੇ ਰਾਜਪੂਤ ਮੁਖ

ਜਾਤੀਆਂ ਸਨ| ਪਿੰਡ ਵਿਚ ਹੋਰ ਭਾਈਚਾਰੇ ਜਿਵੇ ਕਿ ਬ੍ਰਾਹਮਣ, ਬਾਣੀਏ, ਮਿਸਤਰੀ, ਨਾਈ, ਬਾਲਮੀਕੀ, ਰਾਮਦਾਸੀਏ ਅਤੇ ਲੋਹਾਰ ਵੀ ਰਹਿ ਰਹੇ ਸਨ| ਜ਼ਿਆਦਾਤਰ ਕਮਜ਼ੋਰ ਵਰਗ ਦੇ ਲੋਕਾਂ ਕੋਲ ਕੋਈ ਜਮੀਨ ਨਹੀਂ ਸੀ ਉਹ ਜਮੀਨ ਤੇ ਮਜਦੂਰੀ ਕਰਕੇ ਆਪਣੀ ਰੋਜ਼ੀ ਰੋਟੀ ਚਲਾ ਰਹੇ ਸਨ| ਕੇਵਲ ਰਾਮਦਾਸੀਆ ਭਾਈਚਾਰੇ ਦੇ ਕੁਝ ਲੋਕਾਂ ਕੋਲ ਜਮੀਨ ਸੀ| ਪਿੰਡ ਵਿਚ ਦੋ ਗੁਰੂਦੁਆਰਾ ਸਾਹਿਬ, ਇੱਕ ਮੰਦਿਰ ਅਤੇ ਇੱਕ ਮਸਜਿਦ ਸੀ| ਪਿੰਡ ਵਿਚ ਤਿੰਨ ਆਂਗਣਵਾੜੀ ਕੇਂਦਰ, ਸਰਕਾਰੀ ਡਿਸਪੈਂਸਰੀ ਅਤੇ ਕੁਝ ਪ੍ਰਾਈਵੇਟ ਡਾਕਟਰ ਵੀ ਮੌਜੂਦ ਸਨ| ਪਿੰਡ ਵਾਸੀਆਂ ਨੇ ਦੱਸਿਆ ਕਿ ਉੱਚ ਸਿਹਤ ਸੰਬੰਧੀ ਸਹੂਲਤਾਂ ਲਈ PGI ਵੀ ਜਾਂਦੇ ਹਨ| ਪਿੰਡ ਵਿਚ ਇੱਕ ਸਰਕਾਰੀ ਅਤੇ ਪੰਜ ਪ੍ਰਾਈਵੇਟ ਸਕੂਲ ਸਨ|

### 3.2.3 ਧਨਾਸ ਪਿੰਡ ਦੇ ਜਨ ਅੰਕੜਿਆਂ ਦੇ ਵੇਰਵਾ

ਧਨਾਸ ਚੰਡੀਗੜ੍ਹ ਅਧੀਨ ਇੱਕ ਪੰਚਾਇਤੀ ਪਿੰਡ ਹੈ| ਪਿੰਡ ਵਿਚ 1,845 ਪਰਿਵਾਰ ਰਹਿ ਰਹੇ ਸਨ| ਧਨਾਸ ਦਾ ਕੁੱਲ ਖੇਤਰ 5 ਵਰਗ ਕਿਲੋਮੀਟਰ ਹੈ| ਸੈਕਟਰ 25 ਵੇਸਟ, ਗਾਂਧੀ ਕਲੋਨੀ, ਡੱਡੂਮਾਜਰਾ, ਸੈਕਟਰ 38, ਡੱਡੂ ਮਜਾਰਾ ਕਲੋਨੀ ਅਤੇ ਮਿਲਕ ਕਲੋਨੀ ਧਨਾਸ ਪਿੰਡ ਦੇ ਨਾਲ ਲੱਗਦੇ ਖੇਤਰ ਹਨ| ਪੰਜਾਬੀ ਇਥੋਂ ਦੀ ਮੁਖ ਬੋਲੀ ਜਾਣ ਵਾਲੀ ਭਾਸ਼ਾ ਹੈ| ਭਾਰਤ ਦੇ ਸੰਵਿਧਾਨ ਅਤੇ ਪੰਚਾਇਤੀ ਰਾਜ ਐਕਟ ਅਨੁਸਾਰ ਪਿੰਡ ਦੀ ਪ੍ਰਧਾਨਗੀ ਸਰਪੰਚ ਸਰਦਾਰ ਕੁਲਜੀਤ ਸਿੰਘ ਸੰਧੂ ਦੁਆਰਾ ਕੀਤੀ ਜਾ ਰਹੀ ਸੀ ਜੋ ਕਿ ਲੋਕਾਂ ਦੁਆਰੇ ਚੁਣੇ ਗਏ ਸਨ| ਚੋਣ ਪ੍ਰਕਿਰਿਆ ਨੂੰ ਸੁਖਾਲਾ ਕਰਨ ਲਈ ਪਿੰਡ ਨੂੰ ਵਾਰਡਾਂ ਵਿਚ ਵੰਡਿਆ ਗਿਆ ਹੈ| ਮੌਜੂਦਾ ਸਮੇਂ ਵਿਚ ਪਿੰਡ ਵਿਚ ਇੱਕ ਸਰਪੰਚ ਅਤੇ 11 ਪੰਚ(7 ਮਰਦ, 4 ਮਹਿਲਾ) ਸਨ| ਪੰਚਾਂ ਵਿੱਚੋ ਇੱਕ ਮਹਿਲਾ ਅਤੇ ਇੱਕ ਮਰਦ ਪੰਚ ਅਨੁਸੂਚਿਤ ਜਾਤੀ ਨਾਲ ਸੰਬੰਧਿਤ ਸਨ| ਪਿੰਡ ਦੀ ਜਨ ਸੰਖਿਆ ਘਣਤਾ 1,418 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਸੀ|

ਜਨ ਅੰਕੜੇ 2011 ਅਨੁਸਾਰ ਪਿੰਡ ਦੀ ਜਨ ਸੰਖਿਆ 7,094 ਸੀ ਜਿਸ ਤੋਂ ਪਤਾ ਚਲਦਾ ਹੈ ਇਹ ਪਿੰਡ ਚੰਡੀਗੜ੍ਹ ਦਾ ਦੂਸਰਾ ਸਭ ਤੋਂ ਜ਼ਿਆਦਾ ਜਨ ਸੰਖਿਆ ਵਾਲਾ ਪਿੰਡ ਹੈ| ਪਿੰਡ ਵਿਚ 4,258 ਮਰਦ ਅਤੇ 2,836 ਮਹਿਲਾਵਾਂ ਸਨ| ਪਿੰਡ ਵਿਚ ਮਹਿਲਾਵਾਂ ਦੀ ਗਿਣਤੀ 666 ਪ੍ਰਤੀ 1000 ਮਰਦ ਸੀ| ਲਿੰਗ ਅਨੁਪਾਤ ਜਨਰਲ ਵਰਗ ਵਿਚ 644 ਅਤੇ ਅਨੁਸੂਚਿਤ ਜਾਤੀ ਵਰਗ ਵਿਚ 805 ਸੀ| 6 ਸਾਲ ਤੋਂ ਘੱਟ ਉੱਮਰ ਦੇ ਬੱਚਿਆਂ ਵਿਚ ਲਿੰਗ ਅਨੁਪਾਤ 825 ਕੁੜੀਆਂ ਪ੍ਰਤੀ 1000 ਮੁੰਡੇ ਸੀ| 2001 ਤੋਂ2011 ਸਾਲ ਦੇ ਵਿਚਕਾਰ ਪਿੰਡ ਦਾ ਲਿੰਗ ਅਨੁਪਾਤ 62 ਮਹਿਲਾ ਪ੍ਰਤੀ 1000 ਮਰਦ ਘਟਿਆ ਹੈ| ਇਸੇ ਸਮੇਂ ਦੌਰਾਨ ਬੱਚਾ ਲਿੰਗ ਅਨੁਪਾਤ 167 ਕੁੜੀਆਂ ਪ੍ਰਤੀ 1000

ਮੁੰਡੇ ਘਟਿਆ ਹੈ| ਪਿੰਡ ਦੇ ਸਰਪੰਚ ਅਨੁਸਾਰ ਕਿਰਾਏਦਾਰਾਂ ਅਤੇ ਪ੍ਰਵਾਸੀਆਂ ਨੂੰ ਮਿਲਾ ਕੇ ਪਿੰਡ ਦੀ ਜਨ ਸੰਖਿਆ 20,000 ਹੈ|

ਸਾਰਣੀ 3.1 ਵਿਚ ਅਧਿਐਨ ਅਧੀਨ ਦੋਨਾਂ ਪਿੰਡਾਂ ਦੇ ਜਨ ਅੰਕੜੇ ਦਿੱਤੇ ਗਏ ਹਨ| ਅੰਕੜਿਆਂ ਤੋਂ ਪਤਾ ਚਲਦਾ ਹੈ 27,654 ਜਨਸੰਖਿਆ ਨਾਲ ਡੱਡੂ ਮਾਜਰਾ ਵੱਧ ਜਨਸੰਖਿਆ ਵਾਲਾ ਪਿੰਡ ਹੈ| ਜਨ ਅੰਕੜੇ 2011 ਅਨੁਸਾਰ ਖੇਤਰ ਅਤੇ ਜਨਸੰਖਿਆ ਦੇ ਮਾਮਲੇ ਵਿਚ ਧਨਾਸ ਪਿੰਡ ਡੱਡੂ ਮਾਜਰਾ ਤੋਂ ਬਾਅਦ ਦੂਸਰੇ ਨੰਬਰ ਤੇ ਆਉਂਦਾ ਹੈ| ਸਾਰਣੀ ਤੋਂ ਇਹ ਵੀ ਪਤਾ ਚਲਦਾ ਹੈ ਕਿ ਧਨਾਸ ਦੀ ਸਾਖਰਤਾ ਦਰ 80%, ਹੈ ਜੋ ਕਿ ਪੰਜਾਬ ਦੀ ਸਾਖਰਤਾ ਦਰ 75.84 % ਤੋਂ ਜ਼ਿਆਦਾ ਹੈ| ਜਦਕਿ ਡੱਡੂ ਮਾਜਰਾ ਵਿਚ ਸਾਖਰਤਾ ਦਰ 70% ਸੀ ਜੋ ਕਿ ਪੰਜਾਬ ਦੀ ਸਾਖਰਤਾ ਦਰ 75.84 % ਨਾਲੋਂ ਘੱਟ ਸੀ| ਦੋਨਾਂ ਪਿੰਡਾਂ ਵਿਚ ਮਰਦ ਸਾਖਰਤਾ ਦਰ ਮਹਿਲਾ ਸਾਖਰਤਾ ਦਰ ਨਾਲੋਂ ਜ਼ਿਆਦਾ ਸੀ|

**ਸਾਰਣੀ 3.1 ਦੋਨਾਂ ਪਿੰਡਾਂ ਦੇ ਜਨ ਅੰਕੜੇ**

| ਲੜੀਵਾਰ ਨੰਬਰ | ਪਿੰਡ ਦਾ ਵੇਰਵਾ | ਪਿੰਡ ਡੱਡੂ ਮਾਜਰਾ | ਪਿੰਡ ਧਨਾਸ |
|---|---|---|---|
| 1 | ਕੁੱਲ ਜਨ ਸੰਖਿਆ | 27,654 | 7,094 |
| 2 | ਮਰਦ | 14946 | 4,258 |
| 3 | ਮਹਿਲਾ | 12708 | 2,361 |
| 4 | ਘਰ | - | 1845 |
| 5 | ਕੁੱਲ ਅਨੁਸੂਚਿਤ ਜਾਤੀ ਜਨ ਸੰਖਿਆ | - | 1,065 |
| 6 | ਮਰਦ (ਅਨੁਸੂਚਿਤ ਜਾਤੀ) | - | 590 |
| 7 | ਮਹਿਲਾ (ਅਨੁਸੂਚਿਤ ਜਾਤੀ) | - | 275 |
| 8 | ਸਾਖਰ ਜਨ ਸੰਖਿਆ | 69.8% | 85.4% |
| 9 | ਮਰਦ ਸਾਖਰਤਾ | 40.8% | 89.4% |
| 10 | ਮਹਿਲਾ ਸਾਖਰਤਾ | 29.06% | 79.3% |

**ਸਰੋਤ: ਜਨ ਅੰਕੜੇ 2011**

### 3.2.4 ਆਵਾਜਾਈ ਅਤੇ ਸੰਚਾਰ ਸਹੂਲਤਾਂ

ਕੁਝ ਦੂਰੀ ਤੋਂ ਦੋਨਾਂ ਪਿੰਡਾਂ ਲਈ ਦੋਨੋ ਸਰਕਾਰੀ/ਪ੍ਰਾਈਵੇਟ ਆਵਾਜਾਈ ਸਹੂਲਤਾਂ ਉਪਲੱਬਧ ਸਨ | ਨੇੜੇ ਦਾ ਰੇਲਵੇ ਸਟੇਸ਼ਨ 9 ਤੋਂ 14 ਕਿਲੋਮੀਟਰ ਦੀ ਦੂਰੀ ਤੇ ਸੀ | ਸਾਰਣੀ 3.2 ਪਿੰਡਾਂ ਵਿਚ ਆਵਾਜਾਈ ਸਹੂਲਤਾਂ ਦੀ ਉਪਲੱਬਧਤਾ ਬਾਰੇ ਦੱਸਦੀ ਹੈ|

| ਲੜੀਵਾਰ ਨੰਬਰ | ਆਵਾਜਾਈ ਪ੍ਰਕਾਰ | ਪਿੰਡ ਡੱਡੂ ਮਾਜਰਾ | ਪਿੰਡ ਧਨਾਸ |
|---|---|---|---|
| 1 | ਸਰਕਾਰੀ ਬੱਸ ਸੇਵਾ | ਕੁਝ ਦੂਰੀ ਤੇ ਉਪਲੱਬਧ | ਕੁਝ ਦੂਰੀ ਤੇ ਉਪਲੱਬਧ |
| 2 | ਪ੍ਰਾਈਵੇਟ ਬੱਸ ਸੇਵਾ | ਕੁਝ ਦੂਰੀ ਤੇ ਉਪਲੱਬਧ | ਕੁਝ ਦੂਰੀ ਤੇ ਉਪਲੱਬਧ |
| 3 | ਰੇਲਵੇ ਸਟੇਸ਼ਨ | ਉਪਲੱਬਧ (9 ਕਿਲੋਮੀਟਰ ਦੇ ਅੰਦਰ) | ਉਪਲੱਬਧ (14 ਕਿਲੋਮੀਟਰ ਦੇ ਅੰਦਰ) |

ਜ਼ਿਆਦਾਤਰ ਪਿੰਡ ਵਾਸੀਆਂ ਕੋਲ ਆਵਾਜਾਈ ਲਈ ਆਪਣੇ ਨਿੱਜੀ ਵਾਹਨ ਸਨ| ਪਿੰਡ ਵਿਚ ਜਨਤਕ ਆਵਾਜਾਈ ਦੀਆ ਹੋਰ ਸਹੂਲਤਾਂ ਜਿਵੇ ਕਿ ਕੈਬ, ਆਟੋ, ਰਿਕਸ਼ਾ ਆਦਿ ਵੀ ਮੌਜੂਦ ਸਨ| ਉੱਤਰਦਾਤਾਵਾਂ ਅਨੁਸਾਰ ਪਹਿਲਾਂ ਪਿੰਡ ਵਿਚ ਬੱਸ ਸੇਵਾ ਸੀ ਜੋ ਕਿ ਹੁਣ ਬੰਦ ਕਰ ਦਿੱਤੀ ਗਈ ਹੈ| ਪਿੰਡ ਵਾਸੀਆਂ ਦੀ ਮੰਗ ਹੈ ਕਿ ਇਹ ਬੱਸ ਸੇਵਾ ਮੁੜ ਤੋਂ ਬਹਾਲ ਕੀਤੀ ਜਾਵੇ ਅਤੇ ਪਿੰਡ ਨੂੰ ਨੇੜੇ ਦੇ ਖੇਤਰ (ਪੀ.ਜੀ.ਆਈ, ਸੈਕਟਰ 17, ਸੈਕਟਰ 43, ਸੈਕਟਰ 16) ਨਾਲ ਬੱਸ ਸੇਵਾ ਦੁਆਰਾ ਜੋੜਿਆ ਜਾਵੇ|

### 3.2.5 ਆਰਥਿਕ ਗਤੀਵਿਧੀਆਂ

ਪਿੰਡ ਡੱਡੂ ਮਾਜਰਾ ਅਤੇ ਧਨਾਸ ਵਿਚ ਗੁਜਾਰੇ ਦਾ ਮੁਖ ਸਰੋਤ ਖੇਤੀਬਾੜੀ ਸੀ| ਖੇਤਰ ਵਿਚ ਮੁਖ ਉਗਾਈਆਂ ਜਾਣ ਵਾਲੀਆਂ ਫ਼ਸਲਾਂ ਕਣਕ, ਮੱਕੀ ਅਤੇ ਚੋਲ ਸਨ| ਜਦਕਿ ਫਲਦਾਰ ਦਰੱਖਤ ਵਿਚ ਅੰਬ, ਅਮਰੂਦ ਅਤੇ ਸ਼ਹਿਤੂਤ

ਉਗਾਏ ਜਾਂਦੇ ਹਨ| ਖੇਤਾਂ ਵਿਚ ਲੋਕ ਫਲਦਾਰ ਦਰੱਖਤਾਂ ਨੂੰ ਆਪਣੀ ਨਿੱਜੀ ਖਪਤ ਜਾ ਵੇਚਣ ਲਈ ਉਗਾਉਂਦੇ ਹਨ| ਉੱਤਰਦਾਤਾ ਨਿਮਨਲਿਖਤ ਕੀਮਤਾਂ ਤੇ ਮੌਸਮੀ ਫ਼ਸਲਾਂ ਅਤੇ ਫਲ ਵੇਚਦੇ ਹਨ-

1. ਅੰਬ 25 ਰੁਪਏ ਪ੍ਰਤੀ ਕਿਲੋ
2. ਅਮਰੂਦ 15 ਰੁਪਏ ਪ੍ਰਤੀ ਕਿਲੋ
3. ਕਣਕ 1800 ਰੁਪਏ ਪ੍ਰਤੀ ਕੁਇੰਟਲ

ਜ਼ਿਆਦਾ ਪੈਦਾਵਾਰ ਲੈਣ ਲਈ ਕਿਸਾਨ ਖੇਤੀਬਾੜੀ ਔਜਾਰਾਂ ਅਤੇ ਮਸ਼ੀਨਾਂ ਦਾ ਇਸਤੇਮਾਲ ਕਰ ਰਹੇ ਸਨ ਜਿਵੇ ਕਿ ਟਰੈਕਟਰ, ਟਰਾਲੀ, ਹੈਰੋਂ, ਲੈਵਲਰ ਆਦਿ| ਕੁਝ ਜ਼ਿਆਦਾ ਜਮੀਨ ਵਾਲੇ ਕਿਸਾਨਾਂ ਕੋਲ ਇਹ ਮਸ਼ੀਨਾਂ ਨਿੱਜੀ ਸਨ ਜਦਕਿ ਘੱਟ ਜਮੀਨ ਵਾਲੇ ਕਿਸਾਨ ਸੀਜ਼ਨ ਅਨੁਸਾਰ ਇੰਨਾ ਮਸ਼ੀਨਾਂ ਨੂੰ ਕਿਰਾਏ ਤੇ ਲੈ ਕੇ ਖੇਤੀ ਕਰ ਰਹੇ ਸਨ| ਕੁਝ ਉੱਤਰਦਾਤਾ ਨੇ ਖੇਤੀਬਾੜੀ ਲਈ ਮਜਦੂਰ ਦਿਹਾੜੀ ਤੇ ਰੱਖੇ ਹੋਏ ਸਨ|

ਖੇਤੀਬਾੜੀ ਦੇ ਨਾਲ ਪਿੰਡ ਵਿਚ ਲੋਕ ਪਸ਼ੂਪਾਲਨ ਵੀ ਕਰ ਰਹੇ ਸਨ| ਇਸ ਲਈ ਦੁੱਧ ਉਤਪਾਦਨ ਉਹਨਾਂ ਦੀ ਆਮਦਨੀ ਮੁਖ ਸਰੋਤਾਂ ਵਿੱਚੋ ਇੱਕ ਹੈ| ਦੁੱਧ ਉਤਪਾਦਨ ਲਈ ਮੱਝਾਂ ਅਤੇ ਗਾਵਾਂ ਨੂੰ ਪਾਲਿਆ ਜਾ ਰਿਹਾ ਸੀ| ਦੁੱਧ ਦੀ ਵਿਕਰੀ ਨੇੜੇ ਦੇ ਪਿੰਡਾਂ, ਕਸਬਿਆਂ ਅਤੇ ਨੇੜੇ ਦੇ ਦੁੱਧ ਵਿਕਰੀ ਕੇਂਦਰਾਂ ਵਿਚ ਕੀਤੀ ਜਾ ਰਹੀ ਸੀ|

ਵੱਧ ਰਹੀ ਸਾਖਰਤਾ ਦਰ ਪਿੰਡਾਂ ਦੇ ਨੌਜਵਾਨਾਂ ਨੂੰ ਪਿੰਡ ਤੋਂ ਬਾਹਰ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਗੁਜਾਰੇ ਲਈ ਰੋਜਗਾਰ ਹਾਸਿਲ ਕਰਨ ਵਿਚ ਮਦਦ ਕਰ ਰਹੀ ਸੀ|

### 3.2.6 ਪਿੰਡ ਦੇ ਤਾਲਾਬ

ਤਾਲਾਬ ਪਿੰਡਾਂ ਦਾ ਅਭਿੰਨ ਹਿੱਸਾ ਹਨ| ਪਿਛਲੇ ਕਈ ਸਾਲਾਂ ਤੋਂ ਕਈ ਪਿੰਡਾਂ ਦੀ ਤਾਲਾਬਾਂ ਵਾਲੀ ਜਗਾਹ ਨੂੰ ਪਾਰਕਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ| ਮਿਉਂਸਿਪਲ ਕਾਰਪੋਰੇਸ਼ਨ ਅਧੀਨ ਆਉਂਦਾ ਪਿੰਡ ਡੱਡੂ ਮਾਜਰਾ ਆਪਣਾ ਤਾਲਾਬ ਬਚਾਉਣ ਵਿਚ ਕਾਮਯਾਬ ਰਿਹਾ ਹੈ|

ਡੱਡੂ ਮਾਜਰਾ ਪਿੰਡ ਦਾ ਤਾਲਾਬ ਜੋ ਕਿ ਪਹਿਲਾਂ ਮੱਛੀ ਪਾਲਣ ਅਤੇ ਆਨੰਦਕ ਗਤਿਵਿਧਿਆਂ (ਬੋਟਿੰਗ) ਲਈ ਵਰਤਿਆ ਜਾ ਰਿਹਾ ਸੀ ਹੁਣ ਮੱਛਰਾਂ ਦੇ ਪੈਦਾ ਹੋਣ ਦਾ ਸਥਾਨ ਬਣ ਕੇ ਰਹਿ ਗਿਆ ਹੈ| ਖੇਤਰੀ ਦੌਰੇ ਦੌਰਾਨ ਦੇਖਿਆ ਗਿਆ ਕਿ ਤਾਲਾਬ ਬਹੁਤ ਹੀ ਤਰਸਯੋਗ ਹਾਲਤ ਵਿਚ ਸੀ |ਆਂਗਣਵਾੜੀ ਵਰਕਰ ਨੇ ਦੱਸਿਆ ਕਿ ਤਾਲਾਬ ਤੋਂ ਪੈਦਾ ਹੋਣ ਵਾਲੇ ਮੱਛਰ ਆਂਗਣਵਾੜੀ ਵਿਚ ਪੜ੍ਹਨ ਵਾਲੇ ਬੱਚਿਆਂ ਦੀ ਸਿਹਤ ਲਈ ਖ਼ਤਰਾ ਬਣ ਚੁੱਕੇ ਹਨ|



**ਤਸਵੀਰ 3.1 ਡੱਡੂ ਮਾਜਰਾ ਪਿੰਡ ਦਾ ਤਾਲਾਬ**

ਪਿੰਡ ਧਨਾਸ ਵਿਚ ਵੀ ਇੱਕ ਤਾਲਾਬ ਹੈ ਜੋ ਕਿ ਪਿੰਡ ਦੇ ਦੋ ਮੁਖ ਸੈਲਾਨੀ ਆਕਰਸ਼ਕ ਕੇਂਦਰਾਂ ਵਿੱਚੋ ਇੱਕ ਹੈ| **Chandigarh Renewal Energy and Science & Technology Promotion Society (CREST)** ਦੀ ਕੋਸ਼ਿਸ਼ ਸਦਕਾ ਇਥੇ ਤੈਰਦਾ ਸੋਲਰ **Photovoltaic** ਪਾਵਰ ਪਲਾਂਟ ਲਗਾਇਆ ਗਿਆ ਹੈ| ਇਹ ਪਲਾਂਟ ਪਾਇਲਟ ਪ੍ਰੋਜੈਕਟ ਵਜੋਂ 12 ਲੱਖ ਰੁਪਏ ਖਰਚ ਕਰਕੇ ਬਣਾਇਆ ਗਿਆ ਸੀ |



**ਤਸਵੀਰ 3.2 ਸੈਲਾਨੀ ਆਕਰਸ਼ਕ ਕੇਦਰ ਵਿਚ ਤਬਦੀਲ ਕੀਤਾ ਗਿਆ ਧਨਾਸ ਪਿੰਡ ਦਾ ਤਾਲਾਬ**

ਅਗਲੇ ਅਧਿਆਇ ਵਿਚ ਪ੍ਰਭਾਵਿਤ ਖੇਤਰ ਦੀ ਸਮਾਜਿਕ ਬਣਤਰ ਬਾਰੇ ਚਰਚਾ ਕੀਤੀ ਗਈ ਹੈ|

# ਅਧਿਆਇ -4

## ਸਮਾਜਿਕ ਬਣਤਰ

ਸਮਾਜਿਕ ਬਣਤਰ ਜਾਂਚ ਕਿਸੇ ਵਿਕਾਸ ਪ੍ਰੋਗਰਾਮ ਦੇ ਪ੍ਰਭਾਵਾਂ ਦੇ ਵਿਸ਼ਲੇਸ਼ਣ ਦਾ ਮੁੱਖ ਤਰੀਕਾ ਹੈ|ਇਹ ਪ੍ਰੋਜੈਕਟ ਅਧੀਨ ਖੇਤਰ ਦੀ ਸੰਪਤੀ,ਤਾਕਤ,ਸਮਾਜਿਕ ਬਣਤਰ ਅਤੇ ਸੰਸਥਾਨਾਂ ਬਾਰੇ ਜਾਣਕਾਰੀ ਜੁਟਾਉਂਦਾ ਹੈ |ਇਹ ਜ਼ਿਆਦਾ ਵੱਡੇ ਅੰਕੜਿਆਂ ਦਾ ਵਰਨਣ ਕਰਨ ਵਿਚ ਸਹਾਇਤਾ ਕਰਦਾ ਹੈ| ਵਿਸ਼ਵ ਬੈਂਕ ਦੇ ਅਨੁਸਾਰ "ਸਮਾਜਿਕ ਬਣਤਰ ਜਾਂਚ" ਕਿਸੇ ਖੇਤਰ ਦੇ ਸਮਾਜਿਕ ਢਾਂਚੇ ਵਿਚ ਰਹਿੰਦੇ ਵੱਖ ਵੱਖ ਲੋਕਾਂ (ਮਰਦ, ਔਰਤ, ਬਾਲਗ, ਬੱਚੇ, ਜਮੀਨਧਾਰਕ, ਬੇਜ਼ਮੀਨੇ, ਪੜ੍ਹੇ ਲਿਖੇ, ਅਤੇ ਅਨਪੜ੍ਹ) ਅਤੇ ਓਹਨਾ ਦੇ ਘਰਾਂ ਦੀ ਸਥਿਤੀ ਨੂੰ ਦਰਸਾਉਣ ਦਾ ਤਰੀਕਾ ਹੈ |

**ਸਰੋਤ:(siteresources.worldbank.org/EXTTOPPSISOU/Resources/.../3_Social_mapping.pdf).**

ਇਹ ਵਿਕਾਸ ਪ੍ਰੋਜੈਕਟ ਦੇ ਸਮਾਜ ਤੇ ਪੈਣ ਵਾਲੇ ਪ੍ਰਭਾਵਾਂ ਦੇ ਵਿਸ਼ਲੇਸ਼ਣ ਵਿਚ ਸਹਾਇਤਾ ਕਰਦਾ ਹੈ|ਇਸ ਪਾਠ ਵਿਚ ਸਮਾਜਿਕ ਆਰਥਿਕ ਸਥਿਤੀ ਸੰਬੰਧੀ ਪਹਿਲਾਂ ਤੋਂ ਤਹਿ ਕੀਤੇ ਸੂਚਕਾਂ ਦੇ ਅਧਾਰ ਤੇ ਧਨਾਸ ਅਤੇ ਡੱਡੂ ਮਾਜਰਾ ਪਿੰਡਾਂ ਦੀ ਸਮਾਜਿਕ ਬਣਤਰ ਬਾਰੇ ਚਰਚਾ ਕੀਤੀ ਗਈ ਹੈ| ਇਸ ਪਾਠ ਵਿਚ ਪਿੰਡਾਂ ਦੇ ਅੰਕੜੇ, ਨਸਲੀ ਬਣਤਰ, ਢਾਂਚੇ, ਸਿਹਤ ਸਹੂਲਤਾਂ ਅਤੇ ਹੋਰ ਸਰੋਤਾਂ ਦੇ ਉਪਲੱਬਧਤਾ ਬਾਰੇ ਵੀ ਵਰਨਣ ਕੀਤਾ ਗਿਆ ਹੈ|

**ਸਰੋਤ:(://samagra.itschool.gov.in/uploads/12/sociology/1040/.../12_Ch1040_23799.odp)**

## 4.1 ਨਸਲੀ ਬਣਤਰ

ਨਸਲੀ ਸਮੂਹ ਜਾ ਨਸਲ ਉਸ ਸ੍ਰੇਣੀ ਦੇ ਲੋਕਾਂ ਨੂੰ ਕਿਹਾ ਜਾਂਦਾ ਹੈ ਜਿੰਨਾ ਵਿਚ ਸਾਂਝਾ ਵੰਸ, ਭਾਸ਼ਾ, ਇਤਿਹਾਸ, ਸਮਾਜ, ਸੱਭਿਆਚਾਰ ਅਤੇ ਦੇਸ਼ ਆਦਿ ਸਮਾਨਤਾਵਾਂ ਹੁੰਦੀਆਂ ਹਨ|

ਨਸਲੀ ਸਮੂਹਾਂ ਦੀ ਪਹਿਚਾਣ ਸਾਂਝੇ ਸੱਭਿਆਚਾਰ, ਵਰਤਾਵ,ਭਾਸ਼ਾ ਅਤੇ ਧਾਰਮਿਕ ਰੀਤੀਆਂ ਤੋਂ ਹੁੰਦੀ ਹੈ | ਅਧਿਐਨ ਅਧੀਨ ਖੇਤਰ ਦੀ ਜਨ ਸੰਖਿਆ ਦੀ ਨਸਲੀ ਬਣਤਰ ਦਾ ਵਰਨਣ ਧਰਮ, ਗੋਤਰ ਅਤੇ ਸੱਭਿਆਚਾਰਕ ਸਮਾਨਤਾਵਾਂ ਦੇ ਅਧਾਰ ਤੇ ਕੀਤਾ ਗਿਆ ਹੈ| ਨਸਲੀ ਬਣਤਰ ਨੂੰ ਸਮਝਣ ਤੇ ਨਸਲੀ ਸਮੂਹਾਂ ਦੀ ਭੂਮਿਕਾ ਅਤੇ ਸਥਿਤੀ ,ਸਮਾਜਿਕ-ਆਰਥਿਕ ਹਾਲਾਤਾਂ ਅਨੁਸਾਰ ਪਿੰਡ ਦੀ ਸਥਿਤੀ,ਸਿੱਖਿਆ ਤੇ ਰਾਜਨੀਤਕ ਸਥਿਤੀ ਆਦਿ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ|

**ਸਰੋਤ: (https://en.wikipedia.org/wiki/Ethnic_group)**

### 4.1.1 ਧਰਮ

ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੀ ਧਾਰਮਿਕ ਬਣਤਰ ਦੇਖਣ ਤੇ ਪਤਾ ਚੱਲਿਆ ਕਿ ਜ਼ਿਆਦਾਤਰ ਉੱਤਰਦਾਤਾ ਸਿੱਖ (85.1%) ਧਰਮ ਨਾਲ ਸੰਬੰਧਿਤ ਸਨ, ਉਸਤੋਂ ਬਾਅਦ ਗਿਣਤੀ ਵਿੱਚ ਹਿੰਦੂ (13.1%)ਉੱਤਰਦਾਤਾ ਸਨ| ਸਾਰਣੀ 4.1 ਉੱਤਰਦਤਾਵਾਂ ਦੀ ਧਰਮ ਅਨੁਸਾਰ ਵੰਡ ਨੂੰ ਦਰਸਾਉਂਦੀ ਹੈ|

### ਸਾਰਣੀ 4.1 ਉੱਤਰਦਤਾਵਾਂ ਦੀ ਧਰਮ ਅਨੁਸਾਰ ਵੰਡ

| ਲੜੀਵਾਰ ਨੰਬਰ | ਪਿੰਡ ਦਾ ਨਾਮ | ਧਰਮ<br>ਗਿਣਤੀ (%)*<br>(%)** | | ਕੁੱਲ |
|---|---|---|---|---|
| | | ਸਿੱਖ | ਹਿੰਦੂ | |
| 1. | ਡੱਡੂ ਮਾਜਰਾ | 57 (85.1%)<br>(81.4%) | 10 (14.9%)<br>(90.9%) | 67 (100%)<br>(82.7%) |
| 2. | ਧਨਾਸ | 13 (92.8%)<br>(18.6%) | 1 (7.2%)<br>(9.1%) | 14 (100%)<br>(17.3%) |
| ਕੁੱਲ | | 70 (86.4%)<br>(100%) | 11 (13.6%)<br>(100%) | 81 (100%)<br>(100%) |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਉਪਰੋਕਤ ਸਾਰਣੀ ਤੋਂ ਪਤਾ ਚਲਦਾ ਹੈ ਕਿ ਡੱਡੂ ਮਾਜਰਾ ਵਿਚ ਜ਼ਿਆਦਾਤਰ 57 (85.1%) ਉੱਤਰਦਾਤਾ ਸਿੱਖ ਧਰਮ ਦੇ ਸਨ ਜਦਕਿ ਧਨਾਸ ਵਿਚ 13 (92.8%) ਸਿੱਖ ਤੇ ਕੇਵਲ ਇੱਕ ਉੱਤਰਦਾਤਾ (7.2%) ਹਿੰਦੂ ਧਰਮ ਦਾ ਸੀ|

ਇਸ ਤੋਂ ਪਤਾ ਚਲਦਾ ਹੈ ਕਿ ਪ੍ਰਾਪਤ ਕੀਤੀ ਜਾਣ ਵਾਲੇ ਜਮੀਨ ਦੇ ਮਲਿਕ ਜ਼ਿਆਦਾਤਰ ਸਿੱਖ ਧਰਮ ਦੇ ਸਨ|

### 4.1.2 ਪ੍ਰੋਜੈਕਟ ਅਧੀਨ ਪਰਿਵਾਰਾਂ ਵਿਚ ਪ੍ਰਭਾਵੀ ਗੋਤਰ

ਡੱਡੂ ਮਾਜਰਾ ਪਿੰਡ ਦੇ ਸਿੱਖ ਭਾਈਚਾਰੇ ਵਿਚ ਢਿੱਲੋਂ ਅਤੇ ਸੰਧੂ ਗੋਤਰ ਬਹੁਤਾਂਤ ਵਿਚ ਸਨ ਜਦ ਕਿ ਧਨਾਸ ਵਿਚ ਸੰਧੂ ਗੋਤਰ ਜ਼ਿਆਦਾ ਸੀ| ਦੋਨਾਂ ਪਿੰਡਾਂ ਵਿਚ ਜ਼ਿਆਦਾ ਪਾਏ ਜਾਣ ਵਾਲੇ ਹੋਰ ਗੋਤਰ ਧਮਰੈਟ, ਗੂਹੁੰਨੀਆ, ਦੌੜਕਾ ਤੇ ਤਲਤਨ ਸਨ|

### 4.1.3 ਸਮਾਜਿਕ ਸ੍ਰੇਣੀ

ਦੋਨਾਂ ਪਿੰਡਾਂ ਵਿਚ ਜਾਤੀ ਦੇ ਅਧਾਰ ਤੇ ਕੋਈ ਭੇਦਭਾਵ ਨਹੀਂ ਸੀ| ਪਿੰਡ ਡੱਡੂ ਮਾਜਰਾ ਦੇ ਉੱਤਰਦਾਤਾਵਾਂ ਅਨੁਸਾਰ ਜ਼ਿਆਦਾਤਰ ਕਮਜ਼ੋਰ ਵਰਗ ਦੇ ਲੋਕਾਂ ਕੋਲ ਜਮੀਨ ਨਹੀਂ ਸੀ | ਕੇਵਲ ਰਾਮਦਾਸੀਆ ਭਾਈਚਾਰੇ ਦੇ ਕੁਝ ਲੋਕਾਂ ਕੋਲ ਜਮੀਨ ਸੀ| ਇਸੇ ਤਰਾਂ ਧਨਾਸ ਵਿਚ ਵੀ ਕਮਜ਼ੋਰ ਵਰਗ ਦੇ ਲੋਕ ਬੇ-ਜਮੀਨੇ ਸਨ ਅਤੇ ਹੋਰ ਲੋਕਾਂ ਦੀ ਜਮੀਨ ਤੇ ਮਜਦੂਰੀ ਕਰਕੇ ਆਪਣਾ ਗੁਜਾਰਾ ਕਰ ਰਹੇ ਸਨ|

ਜ਼ਿਆਦਾਤਰ ਪ੍ਰੋਜੈਕਟ ਪ੍ਰਭਾਵਿਤ ਪਰਿਵਾਰ ਜਨਰਲ ਵਰਗ (ਜੱਟ ਸਿੱਖ,ਸੈਣੀ) ਦੇ ਸਨ ਉਸਤੋਂ ਬਾਅਦ ਹੋਰ ਪੱਛੜੇ ਵਰਗ ਦੇ ਸਨ| ਸਾਰਣੀ 4.2 ਦੋਨਾਂ ਪਿੰਡਾਂ ਦੇ ਉੱਤਰਦਾਤਾਵਾਂ ਦੀ ਸਮਾਜਿਕ ਸ੍ਰੇਣੀ ਅਨੁਸਾਰ ਵੰਡ ਨੂੰ ਦਰਸਾਉਂਦੀ ਹੈ| ਸਾਰਣੀ ਤੋਂ ਪਤਾ ਚੱਲਦਾ ਹੈ ਕਿ ਦੋਨਾਂ ਪਿੰਡਾਂ ਦੇ ਉੱਤਰਦਾਤਾਵਾਂ ਵਿੱਚੋ ਸਭ ਤੋਂ ਜ਼ਿਆਦਾ ਜਨਰਲ ਸ੍ਰੇਣੀ (86.8%) ਅਤੇ ਫਿਰ ਹੋਰ ਪੱਛੜੀ ਸ੍ਰੇਣੀ (13.1%). ਦੇ ਉੱਤਰਦਾਤਾ ਸਨ|

**ਸਾਰਣੀ 4.2 ਪਿੰਡਾਂ ਦੇ ਉੱਤਰਦਾਤਾਵਾਂ ਦੀ ਸਮਾਜਿਕ ਸ੍ਰੇਣੀ ਅਨੁਸਾਰ ਵੰਡ**

| ਲੜੀਵਾਰ ਨੰਬਰ | ਪਿੰਡ ਦਾ ਨਾਮ | ਸਮਾਜਿਕ ਸ੍ਰੇਣੀ ਗਿਣਤੀ (%)* (%)** | | ਕੁੱਲ |
|---|---|---|---|---|
| | | ਜਨਰਲ ਵਰਗ | ਹੋਰ ਪੱਛੜੇ ਵਰਗ | |
| 1. | ਡੱਡੂ ਮਾਜਰਾ | 56 (83.6%) (80%) | 11 (16.4%) (100%) | 67 (100%) (82.8%) |
| 2. | ਧਨਾਸ | 14 (100%) (20%) | 0 (0.0) (0.0) | 14 (100%) (17.2%) |
| ਕੁੱਲ | | 70 (86.8%) (100%) | 11 (13.1%) (100%) | 81 (100%) (100%) |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ ਤੋਂ ਪਤਾ ਚੱਲਦਾ ਹੈ ਹੈ ਕਿ ਡੱਡੂਮਾਜਰਾ ਪਿੰਡ ਵਿਚ 56 (83.6%) ਉੱਤਰਦਾਤਾ ਜਨਰਲ ਵਰਗ ਅਤੇ 11 (16.4%) ਪੱਛੜੇ ਵਰਗ ਦੇ ਸਨ ਜਦਕਿ ਧਨਾਸ ਵਿਚ ਸਾਰੇ ਦੇ ਸਾਰੇ 14 (100%) ਉੱਤਰਦਾਤਾ ਜਨਰਲ ਵਰਗ ਦੇ ਸਨ| ਇਸ ਤੋਂ ਪਤਾ ਚਲਦਾ ਹੈ ਦੋਨਾਂ ਪਿੰਡਾਂ ਵਿਚ ਜਨਰਲ ਵਰਗ ਦੇ ਲੋਕਾਂ ਦੀ ਬਹੁਤਾਂਤ ਸੀ|

### 4.2 ਰੋਜ਼ਾਨਾ ਦੀਆਂ ਜਰੂਰਤਾਂ / ਸਹੂਲਤਾਂ ਦੀ ਉਪਲੱਬਧਤਾ

ਇਹਨਾਂ ਸਹੂਲਤਾਂ ਵਿਚ ਸਿੱਖਿਆ ਸੰਸਥਾਨ, ਸਿਹਤ ਸੰਭਾਲ ਕੇਂਦਰ, ਪ੍ਰਬੰਧਕੀ ਕੇਂਦਰ, ਆਵਾਜਾਈ ਸਹੂਲਤਾਂ ਅਤੇ ਮਾਰਕੀਟ ਆਦਿ ਸ਼ਾਮਿਲ ਹਨ|

### 4.2.1 ਸਿੱਖਿਆ ਸੰਸਥਾਨ

ਦੋਨਾਂ ਪਿੰਡਾਂ ਦੇ ਸਿੱਖਿਆ ਸੰਸਥਾਨਾਂ ਦੀ ਸੂਚੀ ਸਾਰਣੀ 4.3 ਵਿਚ ਦਿੱਤੀ ਗਈ ਹੈ|

**ਸਾਰਣੀ 4.3 ਡੱਡੂ ਮਾਜਰਾ ਅਤੇ ਧਨਾਸ ਵਿਚ ਸਥਿਤ ਸਿੱਖਿਆ ਸੰਸਥਾਨ**

| **ਲੜੀ ਵਾਰ ਨੰਬਰ** | **ਪਿੰਡ ਦਾ ਨਾਮ** | ਪ੍ਰਾਇਮਰੀ ਸਕੂਲ | ਮਿਡਲ ਸਕੂਲ | ਸੈਕੰਡਰੀ ਸਕੂਲ | ਸੀਨੀਅਰ ਸੈਕੰਡਰੀ ਸਕੂਲ | ਪ੍ਰਾਈਵੇਟ ਸਕੂਲ | ਆਂਗਣਵਾੜੀ | ਕਾਲਜ |
|---|---|---|---|---|---|---|---|---|
| 1. | **ਡੱਡੂ ਮਾਜਰਾ** | - | - | 1 | - | 5 | 4 | - |
| 2. | **ਧਨਾਸ** | 8 | 8 | 1 | 1 | - | 6 | - |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਉਪਰੋਕਤ ਸੂਚੀ ਵਿਚ ਦਰਜ ਸੰਸਥਾਨਾਂ ਦੀ ਜਾਣਕਾਰੀ ਪਿੰਡ ਡੱਡੂ ਮਾਜਰਾ ਦੇ ਉੱਤਰਦਾਤਾਵਾਂ ਤੋਂ ਪ੍ਰਾਪਤ ਕੀਤੀ ਗਈ ਸੀ ਜਦਕਿ ਧਨਾਸ ਪਿੰਡ ਵਿਚ ਇਹ ਜਾਣਕਾਰੀ ਪੰਚਾਇਤ ਕੋਲੋਂ ਪ੍ਰਾਪਤ ਕੀਤੀ ਗਈ| ਡੱਡੂ ਮਾਜਰਾ ਵਿਚ 6 ਜਦਕਿ ਪਿੰਡ ਧਨਾਸ ਵਿਚ 18 ਸਕੂਲ ਸਨ | ਆਂਗਣਵਾੜੀ ਵਰਕਰ ਅਤੇ ਉੱਤਰਦਾਤਾਵਾਂ ਅਨੁਸਾਰ ਦੋਨਾਂ ਪਿੰਡਾਂ ਵਿਚ ਕੋਈ ਵੀ ਕਾਲਜ ਨਹੀਂ ਸੀ|




**ਤਸਵੀਰ 4.1 ਪਿੰਡ ਡੱਡੂ ਮਾਜਰਾ ਪਿੰਡ ਦਾ ਹਾਈ ਸਕੂਲ**

ਪਿੰਡ ਡੱਡੂ ਮਾਜਰਾ ਵਿਚ 4 ਅਤੇ ਧਨਾਸ ਪਿੰਡ ਵਿਚ 6 ਆਂਗਣਵਾੜੀ ਕੇਂਦਰ ਸਨ| ਦੋਨਾਂ ਪਿੰਡਾਂ ਦੀਆ ਆਂਗਣਵਾੜੀ ਵਰਕਰਾ ਨੇ ਆਂਗਣਵਾੜੀ ਲਈ ਜਗ੍ਹਾ ਦੀ ਤੰਗੀ ਦੀ ਗੱਲ ਕਹੀ| ਆਂਗਣਵਾੜੀ ਦੀ ਇਮਾਰਤ ਕਿਰਾਏ ਉੱਤੇ ਲੈ ਕੇ ਆਂਗਣਵਾੜੀ ਕੇਂਦਰ ਚਲਾਏ ਜਾ ਰਹੇ ਸਨ| ਇਥੇ ਤੱਕ ਕਿ ਕਿਰਾਇਆ ਵੀ ਆਂਗਣਵਾੜੀ ਵਰਕਰ ਆਪਣੀ ਜੇਬ ਵਿੱਚੋ ਦੇ ਰਹੀਆਂ ਸਨ| ਉਹਨਾਂ ਨੇ ਇਹ ਵੀ ਕਿਹਾ ਕਿ ਉਹਨਾਂ ਤੇ ਕੰਮ ਦਾ ਜ਼ਿਆਦਾ ਬੋਝ ਹੋਣ ਦੇ ਬਾਵਜੂਦ ਉਹਨਾਂ ਨੂੰ ਬਹੁਤ ਘੱਟ ਤਨਖਾਹ ਮਿਲਦੀ ਹੈ|





**ਤਸਵੀਰ 4.2 ਪਿੰਡ ਡੱਡੂ ਮਾਜਰਾ ਦੀ ਆਂਗਣਵਾੜੀ**




**ਤਸਵੀਰ 4.3 ਪਿੰਡ ਧਨਾਸ ਦੀ ਆਂਗਣਵਾੜੀ**

### 4.2.2 ਸਿਹਤ ਕੇਂਦਰ

ਪਿੰਡ ਡੱਡੂ ਮਾਜਰਾ ਵਿਚ ਕੋਈ ਸਿਹਤ ਕੇਂਦਰ ਨਹੀਂ ਸੀ| ਉਹ ਸਿਹਤ ਸੰਬੰਧੀ ਸੁਵਿਧਾਵਾਂ ਲਈ ਡੱਡੂ ਮਾਜਰਾ ਕਲੋਨੀ ਵਿਚ ਸਥਿਤ ਸਰਕਾਰੀ ਡਿਸਪੈਂਸਰੀ ਵਿਚ ਜਾਂਦੇ ਸਨ| ਵਿਸ਼ੇਸ਼ ਸਿਹਤ ਸੇਵਾਵਾਂ ਲਈ ਪਿੰਡ ਵਾਸੀ PGIMER,ਚੰਡੀਗੜ੍ਹ ਵਿਖੇ ਵੀ ਜਾ ਰਹੇ ਸਨ|



**ਤਸਵੀਰ 4.4 ਡੱਡੂ ਮਾਜਰਾ ਕਲੋਨੀ ਵਿਖੇ ਸਥਿਤ ਸਰਕਾਰੀ ਡਿਸਪੈਂਸਰੀ**

ਪਿੰਡ ਧਨਾਸ ਵਿਚ ਇੱਕ ਮੁੱਢਲਾ ਸਿਹਤ ਕੇਂਦਰ, ਇੱਕ ਸਬ ਸੈਂਟਰ ਅਤੇ ਇੱਕ ਚਲਦਾ-ਫਿਰਦਾ ਸਿਹਤ ਕਲੀਨਿਕ ਸੀ|ਇਸ ਤੋਂ ਇਲਾਵਾ ਪਿੰਡ ਵਿਚ ਵੱਖ-ਵੱਖ ਡਿਗਰੀਆਂ ਵਾਲੇ 6 ਡਾਕਟਰ ਵੀ ਲੋਕਾਂ ਦਾ ਇਲਾਜ ਕਰ ਰਹੇ ਸਨ| ਪਿੰਡ ਵਿਚ ਇੱਕ ਆਯੂਸ਼ਮਾਨ ਹੈਲਥ ਅਤੇ ਵੈੱਲਨੈੱਸ ਕੇਂਦਰ ਵੀ ਸੀ| ਜਿਸ ਵਿਚ ਰੋਜਾਨਾ ਇੱਕ ਡਾਕਟਰ ਔਰਤਾਂ ਦੇ ਰੋਗਾਂ ਅਤੇ ਜੱਚਾ ਬੱਚਾ ਸੰਭਾਲ ਲਈ ਆਉਂਦਾ ਸੀ|




**ਤਸਵੀਰ 4.5 ਪਿੰਡ ਧਨਾਸ ਵਿਚ ਆਯੂਸ਼ਮਾਨ ਹੈਲਥ ਅਤੇ ਵੈੱਲਨੈੱਸ ਕੇਂਦਰ**

### 4.2.3 ਪ੍ਰਬੰਧਕੀ ਕੇਂਦਰ

ਪਿੰਡ ਡੱਡੂ ਮਾਜਰਾ ਵਿਚ ਪ੍ਰਬੰਧਕੀ ਦੇਖ-ਰੇਖ ਮਿਉਂਸਿਪਲ ਕਾਰਪੋਰੇਸ਼ਨ ਚੰਡੀਗੜ੍ਹ ਦੁਆਰਾ ਕੀਤੀ ਜਾ ਰਹੀ ਸੀ| ਕੌਂਸਲਰ ਦਾ ਦਫਤਰ ਪਿੰਡ ਡੱਡੂ ਮਾਜਰਾ ਕਲੋਨੀ ਵਿਚ ਸਥਿਤ ਸੀ| ਮੌਜੂਦਾ ਸਮੇਂ ਤੇ ਸ੍ਰੀਮਤੀ ਫਰਮਿਲਾ ਡੱਡੂ ਮਾਜਰਾ ਦੀ ਕੌਂਸਲਰ ਸਨ|



**ਤਸਵੀਰ 4.6 ਡੱਡੂ ਮਾਜਰਾ ਕਲੋਨੀ ਵਿਖੇ ਸਥਿਤ ਕੌਂਸਲਰ ਦਫਤਰ**

ਧਨਾਸ ਪਿੰਡ ਦਾ ਪੰਚਾਇਤ ਘਰ ਬਹੁਤ ਪੁਰਾਣਾ ਅਤੇ ਖਸਤਾ ਹਾਲਤ ਵਿਚ ਸਨ | ਮੌਜੂਦਾ ਸਮੇਂ ਤੇ ਉਸਦੀ ਵਰਤੋਂ ਨਹੀਂ ਹੋ ਰਹੀ ਸੀ| ਪੰਚਾਇਤੀ ਕੰਮ ਪਿੰਡ ਦੇ ਸਰਪੰਚ ਸਰਦਾਰ ਕੁਲਜੀਤ ਸਿੰਘ ਸੰਧੂ ਆਪਣੇ ਘਰ ਤੋਂ ਹੀ ਕਰ ਰਹੇ ਸਨ|

### 4.2.4 ਆਵਾਜਾਈ ਸਹੂਲਤਾਂ

ਆਵਾਜਾਈ ਲਈ ਜ਼ਿਆਦਾਤਰ ਪ੍ਰਭਾਵਿਤ ਪਰਿਵਾਰ ਆਪਣੇ ਨਿੱਜੀ ਵਾਹਨਾਂ (ਕਾਰ,ਦੋ ਪਹੀਆ) ਦੀ ਹੀ ਵਰਤੋਂ ਕਰ ਰਹੇ ਸਨ| ਜਨਤਕ ਆਵਾਜਾਈ ਸਹੂਲਤਾਂ ਜਿਵੇ ਕਿ ਕੈਬ, ਆਟੋ, ਰਿਕਸ਼ਾ ਆਦਿ ਵੀ ਪਿੰਡ ਵਿਚ ਉਪਲੱਬਧ

ਸਨ|ਜਨਤਕ ਬੱਸ ਸੇਵਾ ਕੁਝ ਸਾਲ ਪਹਿਲਾ ਬੰਦ ਕਰ ਦਿੱਤੀ ਗਈ ਸੀ ਜਿਸ ਲਈ ਪਿੰਡ ਵਾਸੀ ਮੰਗ ਕਰ ਰਹੇ ਸਨ ਕਿ ਉਸਨੂੰ ਦੁਬਾਰਾ ਤੋਂ ਸ਼ੁਰੂ ਕੀਤਾ ਜਾਵੇ|

### 4.2.5 ਮਾਰਕੀਟ

ਦੋਨਾਂ ਪਿੰਡਾਂ ਵਿਚ ਰੋਜਾਨਾ ਦੀਆ ਜਰੂਰਤਾਂ ਲਈ ਛੋਟੀ ਮਾਰਕੀਟ ਬਣੀ ਹੋਈ ਸੀ| ਇਥੇ ਫਲ ਸਬਜ਼ੀਆਂ ਅਤੇ ਦਵਾਈਆਂ ਆਦਿ ਉਪਲੱਬਧ ਸਨ|




**ਤਸਵੀਰ 4.7 ਡੱਡੂ ਮਾਜਰਾ ਪਿੰਡ ਦੀ ਮਾਰਕੀਟ**

## 4.3 ਮੁੱਢਲੀਆਂ ਸਹੂਲਤਾਂ ਤਕ ਪਹੁੰਚ

ਮੁੱਢਲੀਆਂ ਸਹੂਲਤਾਂ ਵਿਚ ਪਾਣੀ ਦੀ ਉਪਲੱਬਧਤਾ,ਬਿਜਲੀ,ਸਾਫ ਸਫਾਈ ਅਤੇ ਨਿਕਾਸ ਦਾ ਤਰੀਕਾ ਆਦਿ ਸ਼ਾਮਿਲ ਕੀਤੇ ਗਏ ਹਨ|

### 4.3.1 ਪੀਣ ਵਾਲ਼ੇ ਪਾਣੀ ਦੀ ਸਪਲਾਈ

ਪੀਣ ਵਾਲੇ ਪਾਣੀ ਦੀ ਸਪਲਾਈ ਸਰਕਾਰੀ ਟੂਟੀ ਦੁਆਰਾ ਦੋਨਾਂ ਪਿੰਡਾਂ ਵਿਚ ਉਪਲੱਬਧ ਸੀ| ਕੁਝ ਲੋਕ ਖੂਹ ਦਾ ਪਾਣੀ ਵੀ ਇਸਤੇਮਾਲ ਕਰ ਰਹੇ ਸਨ| ਪਾਣੀ ਦੀ ਉਪਲੱਬਧਤਾ ਸੰਬੰਧੀ ਕੋਈ ਵੀ ਸਮੱਸਿਆ ਟੀਮ ਨੇ ਦਰਜ ਨਹੀਂ ਕੀਤੀ ਗਈ|

### 4.3.2 ਸਿੰਚਾਈ ਲਈ ਪਾਣੀ

ਦੋਨਾਂ ਪਿੰਡਾਂ ਵਿਚ ਜਮੀਨ ਦੀ ਸਿੰਚਾਈ ਦੀਆ ਸਹੂਲਤਾਂ ਉਪਲੱਬਧ ਸਨ| ਉੱਤਰਦਾਤਾਵਾਂ ਨੇ ਦੱਸਿਆ ਕਿ ਉਹਨਾਂ ਨੇ ਪ੍ਰੋਜੈਕਟ ਪ੍ਰਭਾਵਿਤ ਜ਼ਮੀਨ ਤੇ ਕਾਫੀ ਪੈਸਾ ਸਿੰਚਾਈ ਲਈ ਸਾਧਨਾ ਜਿਵੇ ਕਿ ਪਾਈਪ ਲਾਈਨਾਂ ਵਿਛਾਉਣਾ ਅਤੇ ਟਿਊਬ ਵੈੱਲ ਲਗਾਉਣਾ ਆਦਿ ਤੇ ਖਰਚ ਕੀਤਾ ਹੋਇਆ ਹੈ| ਮੁਆਵਜ਼ੇ ਦੀ ਰਕਮ ਵਿੱਚ ਇਸ ਖਰਚੇ ਨੂੰ ਵੀ ਜੋੜੀਆ ਜਾਣਾ ਚਾਹੀਦਾ ਹੈ ।

### 4.3.3 ਬਿਜਲੀ

ਦੋਨਾਂ ਪਿੰਡਾਂ ਵਿਚ ਬਿਜਲੀ ਦੀ ਸਹੂਲਤ ਉਪਲੱਬਧ ਸੀ| ਬਿਜਲੀ ਗੁਲ ਹੋਣ ਦੀ ਸੂਰਤ ਵਿਚ ਉਹ ਮੋਮਬੱਤੀਆਂ, ਇਨਵਰਟਰ, ਜਨਰੇਟਰ ਆਦਿ ਦਾ ਇਸਤੇਮਾਲ ਕਰ ਰਹੇ ਸਨ|

### 4.3.4 ਨਿਕਾਸ ਅਤੇ ਸਾਫ ਸਫਾਈ

ਦੋਨਾਂ ਪਿੰਡਾਂ ਦੇ ਪ੍ਰਭਾਵਿਤ ਲੋਕਾਂ ਦੇ ਘਰਾਂ ਵਿਚ ਸੌਚਾਲਿਆ ਬਣੇ ਹੋਏ ਸਨ | ਦੋਨਾਂ ਪਿੰਡਾਂ ਦੇ 61 ਉੱਤਰਦਾਤਾਵਾਂ ਦੇ ਘਰ ਵਿਚ ਪੌਰ ਫਲੱਸ਼ ਲੈਟਰੀਨਾਂ ਜਦਕਿ 20 ਉੱਤਰਦਾਤਾਵਾਂ ਦੇ ਘਰ ਵਾਟਰ ਸੀਲ ਲੈਟਰੀਨਾਂ ਬਣੀਆਂ ਹੋਈਆਂ ਸਨ|



**ਤਸਵੀਰ 4.8 ਪਿੰਡ ਡੱਡੂ ਮਾਜਰਾ ਵਿਚ ਬਣੀਆ ਸੁਲਭ ਸੌਚਾਲਿਆ**

### 4.3.5 ਖਾਣਾ ਪਕਾਉਣ ਦੇ ਸਾਧਨ

ਦੋਨਾਂ ਪਿੰਡਾਂ ਵਿਚ ਜ਼ਿਆਦਾਤਰ ਲੋਕ ਖਾਣਾ ਪਕਾਉਣ ਲਈ ਐਲ.ਪੀ.ਜੀ ਤੇ ਨਿਰਭਰ ਸਨ|ਕੁਝ ਲੋਕ ਇਸ ਲਈ ਚੁੱਲ੍ਹੇ ਦਾ ਇਸਤੇਮਾਲ ਵੀ ਕਰ ਰਹੇ ਸਨ| ਖਾਣਾ ਪਕਾਉਣ ਲਈ ਬਾਲਣ ਪ੍ਰੋਜੈਕਟ ਪ੍ਰਭਾਵਿਤ ਜਮੀਨ ਤੇ ਲੱਗੇ ਦਰੱਖਤਾਂ ਤੋਂ ਲਿਆਂਦੀ ਜਾਂਦੀ ਸੀ|

### 4.3.6 ਘਰੇਲੂ ਸੰਪਤੀ

ਘਰੇਲੂ ਸੰਪਤਿਆਂ ਵਿਚ ਉਹਨਾਂ ਸੰਪਤਿਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿੰਨਾ ਉੱਤੇ ਘਰ ਦਾ ਮਾਲੀਕਾਨਾ ਹੱਕ ਹੋਵੇ ਅਤੇ ਉਹਨਾਂ ਦੀ ਪੈਸੇ/ਰੁਪਏ ਵਿਚ ਕੀਮਤ ਹੋਵੇ| ਭੌਤਿਕ ਸੰਪਤਿਆਂ ਵਿਚ ਜਮੀਨ,ਇਮਾਰਤਾਂ ਪਸ਼ੂ,ਖੇਤੀਬਾੜੀ ਮਸ਼ੀਨਰੀ,ਗੈਰ-ਖੇਤੀਬਾੜੀ ਵਪਾਰ ਸੰਦ,ਆਵਾਜਾਈ ਸੰਦ,ਘਰੇਲੂ ਵਸਤੂਆਂ ਅਤੇ ਵਿੱਤੀ ਸੰਪਤੀ ਆਦਿ ਹੁੰਦੇ ਹਨ| ਕਈ ਅਮੀਰ ਪਰਿਵਾਰਾਂ ਕੋਲ ਏਅਰ ਕੈਂਡੀਸਨਰ ਵੀ ਸਨ| ਸਾਰਣੀ 4.5 ਉੱਤਰਦਾਤਾਵਾਂ ਦੀ ਘਰੇਲੂ ਸੰਪਤਿਆਂ ਦੀ ਵੰਡ ਬਾਰੇ ਦੱਸਦੀ ਹੈ | ਸਾਰਣੀ ਤੋਂ ਪਤਾ ਚਲਦਾ ਹੈ ਕਿ ਤਕਰੀਬਨ ਸਾਰੇ ਹੀ ਪ੍ਰਭਾਵਿਤ ਪਰਿਵਾਰਾਂ ਕੋਲ ਮੁੱਢਲੀਆਂ ਘਰੇਲੂ ਸਹੂਲਤਾਂ ਜਿਵੇ ਕਿ ਟੀ.ਵੀ.,ਫਰਿਜ,ਕੱਪੜੇ ਧੋਣ ਵਾਲੀ ਮਸੀਨ, ਮੋਬਾਈਲ, ਕੂਲਰ ਅਤੇ ਨਿੱਜੀ

ਵਾਹਨ ਮੌਜੂਦ ਸਨ| ਕੇਵਲ 28 (36.84%) ਉੱਤਰਦਾਤਾਵਾਂ ਕੋਲ ਕੰਪਿਊਟਰ/ਲੈਪਟਾਪ ਸੀ ਅਤੇ 18 (23.68%) ਉੱਤਰਦਾਤਾਵਾਂ ਕੋਲ ਏਅਰ ਕੰਡੀਸ਼ਨਰ ਸੀ| ਲਗਭਗ ਸਾਰੇ ਉੱਤਰਦਾਤਾਵਾਂ ਕੋਲ ਟੀ ਵੀ ਚਲਾਉਣ ਲਈ ਕੇਬਲ ਸੇਵਾ,ਖਾਣਾ ਬਣਾਉਣ ਲਈ ਗੈਸ,ਫਰਿਜ ਅਤੇ ਹੋਰ ਬਿਜਲੀ ਨਾਲ ਚਲਣ ਵਾਲੇ ਸੰਦ ਸਨ|

**ਸਾਰਣੀ 4.5 ਉੱਤਰਦਾਤਾਵਾਂ ਦੀ ਘਰੇਲੂ ਸੰਪਤਿਆਂ ਦੀ ਵੰਡ**

| ਲੜੀਵਾਰ ਨੰਬਰ | ਘਰੇਲੂ ਸੰਪਤੀ | ਪਿੰਡ ਦਾ ਨਾਮ | | ਕੁੱਲ |
|---|---|---|---|---|
| | | ਡੱਡੂ ਮਾਜਰਾ (ਗਿਣਤੀ) | ਧਨਾਸ (ਗਿਣਤੀ) | |
| 1. | ਟੀ.ਵੀ | 67 | 14 | 81 |
| 2. | ਫਰਿਜ | 67 | 14 | 81 |
| 3. | ਕੱਪੜੇ ਧੋਣ ਵਾਲੀ ਮਸ਼ੀਨ | 67 | 14 | 81 |
| 4. | ਮੋਬਾਈਲ | 67 | 14 | 81 |
| 5. | ਸਾਈਕਲ/ਰਿਕਸ਼ਾ | 3 | 0 | 3 |
| 6. | ਦੋ ਪਹੀਆ/ਤਿੰਨ ਪਹੀਆ ਵਾਹਨ | 51 | 14 | 70 |
| 7. | 4 ਪਹੀਆ ਵਾਹਨ | 7 | 4 | 11 |
| 8. | ਬਲਦ ਗੱਡੀ | 0 | 0 | 0 |
| 9. | ਟ੍ਰੈਕਟਰ | 2 | 0 | 2 |
| 10. | ਮਿਕਸਰ/ਗਰੈਂਡਰ | 67 | 14 | 81 |
| 11. | ਕੰਪਿਊਟਰ/ਲੈਪਟਾਪ | 23 | 5 | 28 |
| 12. | ਪੱਖਾਂ/ਕੂਲਰ | 67 | 14 | 81 |
| 13. | ਏਅਰ ਕੰਡੀਸ਼ਨਰ | 14 | 4 | 18 |
| 14. | ਗਹਿਣੇ | 1 | - | 1 |
| 15. | ਹੋਰ ਸਾਮਾਨ | - | - | - |

## 4.4 ਲੋਕਾਂ/ਗੋਤ੍ਰ/ਸਮੂਹਾਂ ਵਿਚ ਸਮਾਜਿਕ-ਰਾਜਨੀਤਿਕ ਸ਼ਕਤੀ ਦੀ ਵੰਡ

ਜਿਵੇਂ ਕਿ ਪਹਿਲਾ ਦੱਸਿਆ ਜਾ ਚੁੱਕਾ ਹੈ ਕਿ ਸਿੱਖ ਧਰਮ ਇਸ ਖੇਤਰ ਵਿਚ ਸਭ ਤੋਂ ਵੱਧ ਪਾਇਆ ਜਾਣ ਵਾਲਾ ਧਰਮ ਸੀ, ਉਸਤੋਂ ਬਾਅਦ ਹਿੰਦੂ ਧਰਮ ਸੀ| ਸੈਣੀ ਅਤੇ ਜੱਟ ਸਿੱਖ ਜ਼ਿਆਦਾ ਪਾਈਆਂ ਜਾਣ ਵਾਲਿਆਂ ਜਾਤਾਂ ਸਨ| ਘੱਟ ਗਿਣਤੀ ਵਰਗ ਵਿਚ ਅਨੁਸੂਚਿਤ ਜਾਤੀ ਅਤੇ ਹੋਰ ਪੱਛੜੀਆਂ ਸ੍ਰੇਣੀਆਂ ਸਨ | ਪਿੰਡ ਡੱਡੂ ਮਾਜਰਾ ਅਤੇ ਧਨਾਸ ਵਿਚ ਹੋਰ ਭਾਈਚਾਰੇ ਜਿਵੇ ਕਿ ਬ੍ਰਾਹਮਣ, ਬਾਣੀਏ ਬਾਲਮੀਕੀ, ਰਾਮਦਾਸੀਏ, ਲੋਹਾਰ, ਮਿਸਤਰੀ ਅਤੇ ਨਾਈ ਆਦਿ ਦੇ ਲੋਕ ਵੀ ਰਹਿ ਰਹੇ ਸਨ|

ਵੰਸ਼ਜ ਰਵਾਇਤ ਅਨੁਸਾਰ ਜਮੀਨ ਦੀ ਮਲਕੀਅਤ ਪਿਤਾ ਤੋਂ ਪੁੱਤਰ ਨੂੰ ਮਿਲਦੀ ਹੈ ਪਰੰਤੂ ਕੁਝ ਮਾਮਲਿਆਂ ਵਿਚ ਜਿਵੇ ਕਿ ਔਰਤ (ਵਿਧਵਾ) ਪ੍ਰਧਾਨ ਘਰਾਂ ਵਿਚ ਜਮੀਨ ਦੀ ਮਲਕੀਅਤ ਔਰਤਾਂ ਕੋਲ ਸੀ| ਘਰ ਦੇ ਜਰੂਰੀ ਫੈਸਲਿਆਂ ਵਿਚ ਘਰ ਦੇ ਬਜ਼ੁਰਗ/ਮੁਖੀ ਦਾ ਮੁਖ ਪ੍ਰਭਾਵ ਹੁੰਦਾ ਹੈ|ਉਦਹਾਰਣ ਦੇ ਤੌਰ ਤੇ ਮੌਜੂਦਾ ਅਧਿਐਨ ਵਿਚ ਦੇਖਿਆ ਗਿਆ ਕਿ ਘਰ ਦੇ ਜ਼ਿਆਦਾਤਰ ਫੈਸਲੇ ਘਰ ਦੇ ਮੁਖੀ ਦੁਆਰਾ ਹੀ ਲਏ ਜਾਂਦੇ ਸਨ| ਘਰ ਦੇ ਫੈਸਲੇ ਲੈਣ ਦੀ ਸ਼ਕਤੀ ਪਤੀ ਕੋਲ ਸੀ ਪਰੰਤੂ ਕੁਝ ਮਾਮਲਿਆਂ ਵਿਚ ਪਤਨੀਆਂ ਸਾਰੇ ਫੈਸਲੇ ਲੈ ਰਹੀਆਂ ਸਨ|

ਪਿੰਡ ਡੱਡੂ ਮਾਜਰਾ ਵਿਚ ਕਾਫੀ ਉੱਤਰਦਾਤਾਵਾਂ ਨੇ ਦੱਸਿਆ ਕਿ ਜਮੀਨ ਸੰਬੰਧੀ ਕੋਈ ਮਤਭੇਦ ਹੋਣ ਤੇ ਸਭ ਤੋਂ ਪਹਿਲਾਂ ਉਹ ਕੌਂਸਲਰ ਦੇ ਦਫਤਰ ਹੀ ਜਾਂਦੇ ਸਨ| ਧਨਾਸ ਪਿੰਡ ਵਿਚ ਪੰਚਾਇਤੀ ਰਾਜ ਹੋਣ ਕਰਕੇ ਓਥੋਂ ਦੇ ਉੱਤਰਦਾਤਾ ਇਸ ਸੂਰਤ ਵਿਚ ਪਹਿਲਾਂ ਪੰਚਾਇਤ ਕੋਲ ਪਹੁੰਚ ਕਰਦੇ ਸਨ|

## 4.5 ਸੱਭਿਆਚਾਰਕ ਰੀਤੀ ਰਿਵਾਜ

ਕਿਸੇ ਪਿੰਡ ਦੇ ਜੀਵਨ ਦੇ ਢੰਗ ਨੂੰ ਸਮਝਣ ਲਈ ਸਭਿਆਚਾਰਕ ਪ੍ਰਥਾਵਾਂ ਅਤੇ ਧਾਰਮਿਕ ਵਿਸ਼ਵਾਸਾਂ ਦੀ ਖੋਜ ਅਤੇ ਸਮਝ ਮਹੱਤਵਪੂਰਣ ਹੈ। ਜ਼ਿਆਦਾਤਰ ਸਮਾਜਿਕ ਸਮੂਹਾਂ ਲਈ, ਸੱਭਿਆਚਾਰਕ ਅਭਿਆਸ ਉਨ੍ਹਾਂ ਦੇ ਧਾਰਮਿਕ

ਵਿਸ਼ਵਾਸਾਂ ਨਾਲ ਨੇੜਲੇ ਸਬੰਧ ਰਖਦੇ ਹਨ| ਦੋਨਾਂ ਪਿੰਡਾਂ ਵਿਚ ਸਿੱਖ ਜਨਸੰਖਿਆ ਸਭ ਜੋ ਜ਼ਿਆਦਾ ਅਤੇ ਫਿਰ ਹਿੰਦੂ ਜਨਸੰਖਿਆ ਸੀ ਜਦਕਿ ਦੋਨਾਂ ਪਿੰਡਾਂ ਦੇ ਪ੍ਰਭਾਵਿਤ ਪਰਿਵਾਰਾਂ ਵਿਚ ਕੋਈ ਮੁਸਲਿਮ ਪਰਿਵਾਰ ਨਹੀਂ ਸੀ|

ਪਿੰਡ ਡੱਡੂ ਮਾਜਰਾ -

ਜਿਵੇਂ ਕਿ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਪਿੰਡ ਡੱਡੂ ਮਾਜਰਾ ਸਿੱਖ ਬਹੁਤਾਂਤ ਪਿੰਡ ਹੈ| ਪਿੰਡ ਵਿਚ ਦੋ ਗੁਰੂਦੁਆਰਾ ਸਾਹਿਬ,ਇੱਕ ਸ਼ਿਵ ਮੰਦਿਰ,ਇੱਕ ਗੁੱਗਾ ਮਾੜੀ ਅਤੇ ਇੱਕ ਮਸਜਿਦ ਸੀ|




**ਤਸਵੀਰ 4.9: ਡੱਡੂ ਮਾਜਰਾ ਪਿੰਡ ਵਿਚ ਸਥਿਤ ਗੁੱਗਾ ਮਾੜੀ**



**ਤਸਵੀਰ 4.10: ਡੱਡੂ ਮਾਜਰਾ ਪਿੰਡ ਵਿਚ ਸਥਿਤ ਗੁਰੂਦੁਆਰਾ ਸਾਹਿਬ**

**ਧਨਾਸ ਪਿੰਡ-**

ਧਨਾਸ ਪਿੰਡ ਵਿਚ ਗੁਰੂਦੁਆਰਾ ਸਾਹਿਬ,ਮੰਦਿਰ,ਇੱਕ ਚਰਚ ਅਤੇ ਇੱਕ ਗੁੱਗਾ ਮਾੜੀ ਸੀ | ਪਿੰਡ ਵਿਚ ਸਿੱਖ ਅਤੇ ਹਿੰਦੂ ਰੀਤੀ ਰਿਵਾਜਾਂ ਅਨੁਸਾਰ ਸੱਭਿਆਚਾਰ ਗਤਿਵਿਧਿਆਂ(ਜਨਮ, ਵਿਆਹ, ਮੌਤ) ਅਤੇ ਤਿਓਹਾਰ ਮਨਾਏ ਜਾਂਦੇ ਸਨ|




**ਤਸਵੀਰ 4.11: ਧਨਾਸ ਪਿੰਡ ਵਿਚ ਸਥਿਤ ਗੁਰੂਦੁਆਰਾ ਸਾਹਿਬ**

ਇੰਨਾ ਪਿੰਡਾਂ ਵਿਚ ਸਿੱਖਾਂ ਅਤੇ ਹਿੰਦੂਆਂ ਦੇ ਕਾਫੀ ਤਿਓਹਾਰ ਮਨਾਏ ਜਾਂਦੇ ਹਨ| ਤਿਉਹਾਰ ਜਿਵੇਂ ਵਿਸਾਖੀ, ਗੁਰੂਪੁਰਬ , ਸ਼ਹੀਦੀ ਦਿਵਸ, ਮਕਰ ਸੰਕ੍ਰਾਂਤੀ, ਬਸੰਤ ਪੰਚਮੀ ਅਤੇ ਲੋਹੜੀ, ਦੀਵਾਲੀ, ਦੁਸਹਿਰਾ, ਹੋਲੀ ਅਤੇ ਰਖੜੀ ਆਦਿ ਵੀ ਬੜੇ ਉਤਸ਼ਾਹ ਨਾਲ ਮਨਾਏ ਜਾਂਦੇ ਸਨ। "ਲੰਗਰ" ਦਾ ਪ੍ਰਬੰਧ ਗੁਰਦੁਆਰੇ ਵਿਚ ਕੀਤਾ ਜਾਂਦਾ ਸੀ ਜਿੱਥੇ ਕਿਸੇ ਵੀ ਵਿਤਕਰੇ ਤੋਂ ਬਿਨਾਂ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕਾਂ ਨੂੰ ਮੁਫਤ ਭੋਜਨ ਛਕਾਇਆ ਜਾਂਦਾ ਸੀ। ਨੌਰਾਤਿਆਂ ਦੇ ਦਿੰਨਾ ਵਿਚ ਜਗਰਾਤੇ ਅਤੇ ਜਾਗਰਣ ਵੀ ਕਰਵਾਏ ਜਾਂਦੇ ਸਨ। ਸਾਰੀਆਂ ਹੀ ਸੱਭਿਆਚਾਰਕ ਰੀਤੀ ਰਿਵਾਜਾਂ ਅਤੇ ਤਿਓਹਾਰਾਂ ਦੀ ਪਿੰਡ ਵਾਸੀਆਂ ਦੇ ਜੀਵਨ ਨਾਲ ਕਾਫੀ ਨੇੜਤਾ ਅਤੇ ਲਗਾਵ ਸੀ |

## 4.6 ਮੌਲਿਕ/ਮੁੱਢਲੇ ਅਤੇ ਹੋਰ ਅਧਿਕਾਰ

ਪਿੰਡ ਦੇ ਲੋਕ ਮੌਲਿਕ ਰੂਪ ਵਿਚ ਜਮੀਨਾਂ ਦੇ ਮਾਲਿਕ ਸਨ | ਜਮੀਨ ਦੀ ਵਰਤੋਂ ਖੇਤੀਬਾੜੀ ਲਈ ਕੀਤੀ ਜਾ ਰਹੀ ਸੀ ਜਿਸ ਨਾਲ ਨਿੱਜੀ ਅਤੇ ਆਰਥਿਕ ਲਾਭ ਹੋ ਰਿਹਾ ਸੀ| ਜ਼ਿਆਦਾਤਰ ਉੱਤਰਦਾਤਾ ਆਪਣੇ ਹੱਥੀਂ ਖੇਤੀਬਾੜੀ ਦਾ ਕੰਮ ਕਰ ਰਹੇ ਸਨ ਜਦਕਿ ਕੁਝ ਤਾਕਤਵਰ ਪਰਿਵਾਰ ਟਰੈਕਟਰ ਦੁਆਰਾ ਅਤੇ ਮਜਦੂਰਾਂ ਤੋਂ ਖੇਤੀਬਾੜੀ ਦੇ ਬਿਜਾਈ ਅਤੇ ਕਟਾਈ ਸੰਬੰਧੀ ਕੰਮ ਕਰਵਾ ਰਹੇ ਸਨ| ਹੋਰ ਅਧਿਕਾਰਾਂ ਦੇ ਸੰਬੰਧ ਵਿਚ ਦੱਸਣਾ ਜਰੂਰੀ ਹੈ ਕਿ ਕੁਝ ਪਿੰਡ ਵਾਸੀਆਂ ਨੇ ਖੇਤੀਬਾੜੀ ਲਈ ਜਮੀਨ ਠੇਕੇ ਉੱਤੇ ਦਿੱਤੀ ਹੋਈ ਸੀ|

ਹਾਲਾਂਕਿ ਪਿੰਡਾਂ ਵਿਚ ਕਾਫੀ ਢਾਂਚਾਗਤ ਸਹੂਲਤਾਂ ਮੌਜੂਦ ਸਨ ਪਰੰਤੂ ਫਿਰ ਵੀ ਸੜਕਾਂ, ਆਵਾਜਾਈ,ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਸੁਧਾਰ ਦੀ ਕਾਫੀ ਗੁੰਜਾਇਸ਼ ਹੈ|

ਅਗਲੇ ਪਾਠ ਵਿਚ ਪ੍ਰਭਾਵਿਤ ਜਨਸੰਖਿਆ ਦੇ ਅੰਕੜਿਆਂ ਅਤੇ ਸਮਾਜਿਕ-ਆਰਥਿਕ ਸਥਿਤੀ ਬਾਰੇ ਚਰਚਾ ਕੀਤੀ ਜਾਵੇਗੀ|

# ਅਧਿਆਇ 5

## ਪ੍ਰਭਾਵਿਤ ਜਨਸੰਖਿਆ: ਜਨਅੰਕੜੇ (ਡੈਮੋਗੈਰਾਫਿਕ) ਅਤੇ ਸਮਾਜਿਕ- ਆਰਥਿਕ ਪ੍ਰੋਫਾਈਲ

### 5.1. ਆਮ ਜਾਣਕਾਰੀ

ਮੌਜੂਦਾ ਅਧਿਆਇ ਵਿੱਚ "ਪ੍ਰੋਜੈਕਟ- "ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ -39 ਚੰਡੀਗੜ (ਪੀ.ਆਰ. - 4)" ਭੂਮੀ ਪ੍ਰਾਪਤੀ ਦੇ ਸਮਾਜਿਕ ਪ੍ਰਭਾਵ ਅਤੇ ਪ੍ਰਭਾਵਿਤ ਪਿੰਡਾਂ ਦੀ ਸਮਾਜਿਕ-ਆਰਥਿਕ ਹਾਲਤਾਂ ਦਾ ਮੁਲਾਂਕਣ ਕੀਤਾ ਗਿਆ ਹੈ| ਮੁਆਵਜ਼ੇ ਅਤੇ ਪ੍ਰਭਾਵਿਤ ਆਬਾਦੀ ਦੇ ਪੁਨਰਵਾਸ ਲਈ ਇੱਕ ਬਿਹਤਰ ਯੋਜਨਾ ਲਈ ਤੱਥਾਂ ਅਤੇ ਅੰਕੜਿਆਂ ਦੇ ਆਧਾਰ ਤੇ ਜਾਣਕਾਰੀ, ਰਾਏ ਅਤੇ ਨਿਰਪੱਖ ਧਾਰਨਾਵਾਂ ਨੂੰ ਇਕੱਤਰ ਕਰਨ ਲਈ ਇਕ ਵਿਆਪਕ ਅਧਿਐਨ ਕੀਤਾ ਗਿਆ ਹੈ| ਯੋਜਨਾਬੱਧ ਪਰਿਵਾਰਾਂ ਦੇ ਸਮਾਜਿਕ-ਆਰਥਿਕ ਅਤੇ ਸਮਾਜਿਕ-ਜਨ ਅੰਕੜਾ ਵੇਰਵੇ ਇੱਕ ਸੰਗਠਿਤ ਇੰਟਰਵਿਊ ਅਨੁਸੂਚੀ ਦੁਆਰਾ ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ.) ਦੇ ਇਕ ਭਾਗ ਵਜੋਂ ਇਕੱਠੇ ਕੀਤੇ ਗਏ ਸਨ| ਇਹ ਅਧਿਆਇ ਪ੍ਰੋਜੈਕਟ ਪ੍ਰਭਾਵਿਤ ਖੇਤਰ ਅਤੇ ਪਰਿਵਾਰਾਂ ਦੀ ਵਿਆਪਕ ਪ੍ਰੋਫਾਈਲ ਪੇਸ਼ ਕਰਦਾ ਹੈ| ਜ਼ਮੀਨ ਦਾ ਵੇਰਵਾ ਵੱਖਰੇ ਅਧਿਆਇ ਵਿਚ ਦਰਜ ਕੀਤਾ ਗਿਆ ਹੈ|

### 5.2. ਪ੍ਰਜੈਕਟ ਪ੍ਰਭਾਵਿਤ ਪਿੰਡਾਂ ਦੇ ਉਤਾਰਦਾਤਾਵਾਂ (ਪੀ.ਏ.ਐੱਫ) ਦੀ ਪਿੰਡਾਂ ਅਨੁਸਾਰ ਵੰਡ|

ਸਾਰਣੀ 5.1. ਉਤਾਰਦਾਤਾਵਾਂ (ਪੀ.ਏ.ਐੱਫ) ਦੀ ਪਿੰਡ- ਅਧਾਰਿਤ ਵੰਡ (ਨ = 110)

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਕੁੱਲ ਪ੍ਰੋਜੈਕਟ ਪ੍ਰਭਾਵਿਤ ਪਰਿਵਾਰ | ਉੱਤਰਦਾਤਾ, ਨ (%) |
|---|---|---|---|
| 1. | ਡੱਡੂ ਮਾਜਰਾ | 93 | 67 (72%)<br>(82.7%) |
| 2. | ਧਨਾਸ | 17 | 14 (82.3%)<br>(17.3%) |
| ਕੁੱਲ | | 110 | 81 (74%)*<br>(100%) ** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.1 ਵਿੱਚ ਉੱਤਰਦਾਤਾਵਾਂ ਦੀ ਪਿੰਡਾਂ ਅਨੁਸਾਰ ਵੰਡ ਦਰਸਾਈ ਗਈ ਹੈ| ਪਿੰਡ ਡੱਡੂ ਮਾਜਰਾ ਤੋਂ ਕੁੱਲ 67 (72%) ਵਿਅਕਤੀਆਂ ਦੀ ਇੰਟਰਵਿਊ ਕੀਤੀ ਗਈ ਸੀ| ਪਿੰਡ ਧਨਾਸ ਤੋਂ ਕੁੱਲ 14 (82.3%) ਵਿਅਕਤੀਆਂ ਦੀ ਇੰਟਰਵਿਊ ਕੀਤੀ ਗਈ ਸੀ|

ਕੁੱਲ 110 ਉੱਤਰਦਾਤਾਵਾਂ ਵਿਚੋਂ 83% ਪਿੰਡ ਡੱਡੂ ਮਾਜਰਾ ਤੋਂ ਅਤੇ 17% ਉੱਤਰਦਾਤਾ ਪਿੰਡ ਧਨਾਸ ਤੋਂ ਸਨ|

5.3. **ਉੱਤਰਦਾਤਾਵਾਂ ਦੀ ਪਰਿਵਾਰਿਕ ਜਾਣਕਾਰੀ:** ਉੱਤਰਦਾਤਾਵਾਂ ਦੀ ਪਰਿਵਾਰਿਕ ਜਾਣਕਾਰੀ, ਉਮਰ ਅਤੇ ਲਿੰਗ ਅਨੁਸਾਰ ਵੰਡ, ਪਰਿਵਾਰਿਕ ਆਕਾਰ, ਪਰਿਵਾਰਿਕ ਪ੍ਰਕਾਰ ਆਦਿ ਨੂੰ ਪ੍ਰਸਾਰਿਤ ਕਰਨ ਲਈ ਹਰੇਕ ਉੱਤਰਦਾਤਾ ਦੀ ਪਰਿਵਾਰਿਕ ਜਾਣਕਾਰੀ ਦਾ ਮੁਲਾਂਕਣ ਕੀਤਾ ਗਿਆ ਸੀ|

5.3.1 ਉੱਤਰਦਾਤਾਵਾਂ ਦੀ ਉਮਰ ਅਨੁਸਾਰ ਵੰਡ

ਸਾਰਣੀ 5.3 ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੀ ਉਮਰ ਅਨੁਸਾਰ ਵੰਡ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ ਦੇ ਉਮਰ ਸਮੂਹ (ਸਾਲ ਵਿੱਚ), ਨ (%) | | | | | | |
|---|---|---|---|---|---|---|---|---|
| | | <30 | 31 ਤੋਂ 40 | 41 ਤੋਂ 50 | 51 ਤੋਂ 60 | 61 ਤੋਂ 70 | 71 ਦੇ ਉੱਪਰ | ਕੁੱਲ |
| 1. | ਡੱਡੂ ਮਾਜਰਾ | 1(1.4%) (33.3%) | 8 (11.9%) (80%) | 8 (11.9%) (80%) | 24 (35.8%) (88.8%) | 15 (22.3%) (78.9%) | 11(16.4%) (91.7%) | 67 (100%) (82.7%) |
| 2. | ਧਨਾਸ | 2 (12.3%) (66.7%) | 2 (12.3%) (20%) | 2 (12.3%) (20%) | 3 (21.4%) (12.2%) | 4 (28.5%) (21.1%) | 1(7.2%) (8.3%) | 14 (100) (17.3%) |
| ਕੁੱਲ | | 3 (3.8%) (100) | 10(12.3%) (100) | 10(12.3%) (100) | 27(33.3%) (100) | 19 (23.4%) (100) | 12 (14.8%) (100) | 81(100)* (100)** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.2 ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ ਦੀ ਉਮਰ-ਅਨੁਸਾਰ ਵੰਡ ਨੂੰ ਦਰਸਾਉਂਦਾ ਹੈ| ਪਿੰਡ ਡੱਡੂ ਮਾਜਰਾ ਦੇ ਕੁੱਲ 67 ਉੱਤਰਦਾਤਾਵਾਂ ਵਿਚੋਂ ਜ਼ਿਆਦਾਤਰ ਉੱਤਰਦਾਤਾ 51-60 ਸਾਲ (35.8%) ਅਤੇ 61-70 ਸਾਲ (22.3%) ਉਮਰ ਦੇ ਸਨ| ਜਾਣਕਾਰੀ ਦੇਣ ਵਾਲੇ ਉੱਤਰਦਾਤਾਵਾਂ ਦੀ ਉਮਰ 19-102 ਸਾਲ ਤਕ ਸੀ| ਇੱਥੇ ਉੱਤਰਦਾਤਾਵਾਂ ਦੀ ਔਸਤ ਉਮਰ 58 ਸਾਲ ਸੀ|

ਪਿੰਡ ਧਨਾਸ ਦੇ ਕੁੱਲ 14 ਉੱਤਰਦਾਤਾਵਾਂ ਵਿਚੋਂ ਜ਼ਿਆਦਾਤਰ ਉੱਤਰਦਾਤਾ 61-70 ਸਾਲ (28.5%) ਅਤੇ ਇਸ ਤੋਂ ਬਾਅਦ 21.4% ਉੱਤਰਦਾਤਾ 51-60 ਸਾਲ ਉਮਰ ਦੇ ਸਨ| ਜਾਣਕਾਰੀ ਦੇਣ ਵਾਲੇ ਉੱਤਰਦਾਤਾਵਾਂ ਦੀ ਉਮਰ 29-84 ਸਾਲ ਤਕ ਸੀ| ਇੱਥੇ ਉੱਤਰਦਾਤਾਵਾਂ ਦੀ ਔਸਤ ਉਮਰ 54 ਸਾਲ ਸੀ| ਇਕੱਠੇ ਦੋਵੇਂ ਪਿੰਡਾਂ ਵਿੱਚ ਵੱਧ ਤੋਂ ਵੱਧ ਉੱਤਰਦਾਤਾ (33.3%) 51-60 ਸਾਲ ਦੀ ਉਮਰ ਦੇ ਸਨ|

### 5.3.2 ਉੱਤਰਦਾਤਾਵਾਂ ਦੀ ਲਿੰਗ ਅਨੁਸਾਰ ਵੰਡ

ਸਾਰਣੀ 5.3 ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ (ਪੀ.ਏ.ਐਫ. ) ਦੀ ਲਿੰਗ-ਆਧਾਰਿਤ ਵੰਡ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ ਦੀ ਲਿੰਗ ਰਚਨਾ, ਨ (%) | | ਕੁੱਲ |
|---|---|---|---|---|
| | | ਮਰਦ | ਔਰਤ | |
| 1. | ਡੱਡੂ ਮਾਜਰਾ | 58 (86.6%) (80.5%) | 9 (13.5%) (100%) | 67(100%) (82.7%) |
| 2. | ਧਨਾਸ | 14 (100%) (19.5%) | 0 | 14 (100) (17.3%) |
| ਕੁੱਲ | | 72 (88.8%) (100%) | 9 (2.2%) (100%) | 81 (100)* (100)** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.3 ਵਿੱਚ ਦੋਵੇਂ ਪਿੰਡਾਂ ਦੇ ਉੱਤਰਦਾਤਾਵਾਂ ਦੇ ਲਿੰਗ ਆਧਾਰਿਤ ਵੰਡ ਦਾ ਪਤਾ ਲੱਗਦਾ ਹੈ| ਦੋਵੇਂ ਪਿੰਡਾਂ ਦੇ ਜ਼ਿਆਦਾਤਰ (88.9%) ਉੱਤਰਦਾਤਾ ਪੁਰਸ਼ ਸਨ| ਪਿੰਡ ਡੱਡੂ ਮਾਜਰਾ ਤੋਂ ਕੁੱਲ 88.8% ਉੱਤਰਦਾਤਾ ਪੁਰਸ਼ ਸਨ| ਪਿੰਡ ਧਨਾਸ ਦੇ ਸਾਰੇ ਉੱਤਰਦਾਤਾ ਪੁਰੁਸ਼ ਸਨ| ਇਹ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਜ਼ਿਆਦਾਤਰ ਪੀ.ਏ.ਐਫ. ਵਿਚ ਪਰਿਵਾਰ ਦੇ ਮੁਖੀ ਪੁਰਸ਼ ਸਨ (ਜ਼ਿਆਦਾਤਰ ਪੀ.ਏ.ਐਫ. ਵਿਚ ਪੁਸ਼ਤੈਨੀ ਪ੍ਰਣਾਲੀ ਆਮ ਸੀ)|

### **5.3.3 ਪ੍ਰਭਾਵਿਤ ਪਿੰਡਾਂ ਤੋਂ ਉੱਤਰਦਾਤਾਵਾਂ ਦੀ ਵਿਵਾਹਿਕ ਸਥਿਤੀ**

**ਸਾਰਣੀ 5.4 ਪ੍ਰਭਾਵਿਤ ਪਿੰਡਾਂ ਤੋਂ ਉੱਤਰਦਾਤਾਵਾਂ ਦੀ ਵਿਵਾਹਿਕ ਸਥਿਤੀ**

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ ਦੀ ਵਿਵਾਹਿਕ ਸਥਿਤੀ ਨ (%) | | | | ਕੁੱਲ |
|---|---|---|---|---|---|---|
| | | ਵਿਵਾਹਿਤ | ਅਣਵਿਆਹੇ | ਵਿਧਵਾ | ਤਲਾਕ ਦਿੱਤਾ | |
| 1. | ਡੱਡੂ ਮਾਜਰਾ | 62 (92.5%) (81.5%) | 1(1.5%) (100%) | 4 (6%) (100%) | 0 | 67(100%) (82.7%) |
| 2. | ਧਨਾਸ | 14 (100%) (18.5%) | 0 | 0 | 0 | 14 (100) (17.3%) |
| ਕੁੱਲ | | 76 (93.8%) (100%) | 1 (1.2%) (100%) | 4 (4.9%) (100%) | 0 | 81 (100)* (100)** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.4 ਪ੍ਰੋਜੈਕਟ ਪ੍ਰਭਾਵਿਤ ਪਿੰਡਾਂ ਦੇ ਉੱਤਰਦਾਤਾਵਾਂ ਦੀ ਵਿਆਹੁਤਾ ਸਥਿਤੀ ਦਰਸਾਉਂਦੀ ਹੈ | ਦੋਵੇਂ ਪਿੰਡਾਂ ਦੇ ਬਹੁਤੇ ਉੱਤਰਦਾਤਾ (93.8%) ਵਿਆਹੇ ਹੋਏ ਸਨ|

ਪਿੰਡ ਡੱਡੂ ਮਾਜਰਾ ਵਿਚ 92.5% ਉੱਤਰਦਾਤਾ ਵਿਆਹੇ ਹੋਏ ਸੀ ਅਤੇ ਇਕ ਅਣਵਿਆਹਿਤ ਅਤੇ ਚਾਰ ਵਿਧਵਾ ਉੱਤਰਦਾਤਾ ਸੀ| ਪਿੰਡ ਧਨਾਸ ਦੇ ਸਾਰੇ ਉੱਤਰਦਾਤਾ ਵਿਆਹੇ ਹੋਏ ਸਨ|

ਪਿੰਡ ਡੱਡੂ ਮਾਜਰਾ ਤੋਂ ਉੱਤਰਦਾਤਾਵਾਂ ਦੀ ਵਿਆਹ ਦੀ ਔਸਤਨ ਉਮਰ 25 ਸਾਲ ਸੀ ਅਤੇ ਪਿੰਡ ਧਨਾਸ ਵਿਚ 24 ਸਾਲ ਸੀ| ਇੱਥੇ ਸਾਰੇ ਉੱਤਰਦਾਤਾ ਬਾਹਰਲੇ ਸਮੂਹ ਵਿੱਚ ਵਿਆਹੇ ਹੋਏ ਸਨ|

## 5.4 ਉੱਤਰਦਾਤਾਵਾਂ ਦੀ ਪਰਿਵਾਰਿਕ ਕਿਸਮ ਅਤੇ ਪਰਿਵਾਰਿਕ ਆਕਾਰ

### 5.4.1 ਪਰਿਵਾਰਿਕ ਕਿਸਮ

ਸਾਰਣੀ 5.5 ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਪਰਿਵਾਰਿਕ ਢਾਂਚੇ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ ਦੇ ਪਰਿਵਾਰਿਕ ਢਾਂਚੇ ਨ (%) | | | | ਕੁੱਲ |
|---|---|---|---|---|---|---|
| | | ਵਿਸਥਾਰਿਤ ਪਰਿਵਾਰ | ਸੰਯੁਕਤ ਪਰਿਵਾਰ | ਛੋਟਾ ਪਰਿਵਾਰ | ਇਕੱਲਾ | |
| 1. | ਡੱਡੂ ਮਾਜਰਾ | 6 (8.9%) (46.2%) | 25 (37.3%) (86.2%) | 34 (50.7%) (91.8%) | 2 (3%) (100%) | 67(100%) (82.7%) |
| 2. | ਧਨਾਸ | 7 (50%) (53.8%) | 4 (28.5%) (14.8%) | 3 (21.4%) (19.2%) | - | 14 (100) (17.3%) |
| ਕੁੱਲ | | 13 (16.4%) (100%) | 29 (35.8%) (100%) | 37 (45.6%) (100%) | 2 (2.5%) (100%) | 81 (100)* (100)** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.5 ਤੋਂ ਪਤਾ ਲੱਗਦਾ ਹੈ ਕਿ ਪਿੰਡ ਡੱਡੂ ਮਾਜਰਾ ਦੇ ਤਕਰੀਬਨ ਅੱਧੇ (50.7%) ਉੱਤਰਦਾਤਾ ਨਿਊਕਲੀਅਰ/ ਛੋਟੇ ਪਰਿਵਾਰ ਵਿਚ ਰਹਿ ਰਹੇ ਸਨ| ਇੱਥੇ, ਕੁਝ (37.7%) ਉੱਤਰਦਾਤਾ ਸੰਯੁਕਤ ਪਰਿਵਾਰ ਵਿਚ ਵੀ ਰਹਿ ਰਹੇ ਸਨ| ਪਿੰਡ ਧਨਾਸ ਦੇ ਅੱਧੇ (50%) ਉੱਤਰਦਾਤਾ ਵਿਸਥਾਰਿਤ ਪਰਿਵਾਰ ਵਿਚ ਰਹਿ ਰਹੇ ਸਨ| ਇੱਥੇ, ਕੁਝ (28.5%) ਉੱਤਰਦਾਤਾ ਸੰਯੁਕਤ ਪਰਿਵਾਰ ਵਿਚ ਵੀ ਰਹਿ ਰਹੇ ਸਨ|

ਇੱਥੇ,

- ਨਿਊਕਲੀਅਰ/ ਛੋਟੇ ਪਰਿਵਾਰ- ਨਿਊਕਲੀਅਰ ਪਰਿਵਾਰ ਉਹ ਪਰਿਵਾਰਿਕ ਸਮੂਹ ਹੈ ਜਿਸ ਵਿੱਚ ਸਿਰਫ ਮਾਂ ਬਾਪ ਅਤੇ ਬਚੇ ਨਾਲ ਰਹਿੰਦੇ ਹਨ|
- ਸੰਯੁਕਤ ਪਰਿਵਾਰ- ਪਰਿਵਾਰ ਇੱਕ ਅਜਿਹਾ ਪਰਿਵਾਰਿਕ ਸਮੂਹ ਹੁੰਦਾ ਹੈ ਜਿੱਥੇ ਮਾਤਾ-ਪਿਤਾ, ਭੈਣ-ਭਰਾ, ਨਾਨਾ-ਨਾਨੀ, ਦਾਦਾ-ਦਾਦੀ, ਪੋਤੇ-ਪੋਤਰੇ, ਸਭ ਇਕੱਠੇ ਰਹਿੰਦੇ ਹਨ|

- ਵਿਸਥਾਰਿਤ ਪਰਿਵਾਰ- ਇਹ ਪਰਿਵਾਰ ਇੱਕ ਅਜਿਹਾ ਪਰਿਵਾਰ ਸਮੂਹ ਹੈ ਜਿੱਥੇ ਮਾਤਾ-ਪਿਤਾ, ਭੈਣ-ਭਰਾ, ਨਾਨਾ-ਨਾਨੀ, ਦਾਦਾ-ਦਾਦੀ, ਨਾਨਾ-ਨਾਨੀ, ਵੱਡੇ ਪੋਤੇ, ਨਿਆਣੇ, ਚਾਚੇ-ਚਾਚਿਆਂ ਅਤੇ ਹੋਰ ਰਿਸ਼ਤੇਦਾਰ ਸਭ ਇਕੱਠੇ ਰਹਿੰਦੇ ਹਨ|

5.4.2. ਪਰਿਵਾਰਿਕ ਆਕਾਰ

ਸਾਰਣੀ 5.6 ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦਾ ਪਰਿਵਾਰਿਕ ਆਕਾਰ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ (ਪੀ.ਏ.ਐਫ.) ਦਾ ਪਰਿਵਾਰਿਕ ਆਕਾਰ (%) | | | | ਕੁੱਲ |
|---|---|---|---|---|---|---|
| | | ਛੋਟਾ ਪਰਿਵਾਰ (2-4 ਮੈਂਬਰ) | ਮੱਧਮ ਪਰਿਵਾਰ (5-7 ਮੈਂਬਰ) | ਵੱਡੇ ਪਰਿਵਾਰ (7 ਮੈਂਬਰ ਤੋਂ ਉੱਪਰ) | ਜਵਾਬ ਨਹੀਂ ਦਿੱਤਾ ਗਿਆ | |
| 1. | ਡੱਡੂ ਮਾਜਰਾ | 29 (43.3%) (85.3%) | 17 (25.4%) (77.3%) | 20 (29.8%) (83.3%) | 1(1.4%) (100%) | 67(100%) (82.7%) |
| 2. | ਧਨਾਸ | 5 (35.7%) (14.7%) | 5 (35.7%) (22.7%) | 4 (28.5%) (16.7%) | 0 | 14 (100) (17.3%) |
| ਕੁੱਲ | | 34 (42%) (100%) | 22 (27.2%) (100%) | 24 (23.6%) (100%) | 1 (1.2%) (100%) | 81 (100)* (100)** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.6 ਤੋਂ ਪਤਾ ਲੱਗਦਾ ਹੈ ਕਿ ਪਿੰਡ ਡੱਡੂ ਮਾਜਰਾ ਦੇ 43.3 % ਉੱਤਰਦਾਤਾ ਛੋਟੇ ਪਰਿਵਾਰ ਵਿਚ ਰਹਿ ਰਹੇ ਸਨ| ਇੱਥੇ, ਕੁਝ (29.8%) ਉੱਤਰਦਾਤਾ ਵੱਡੇ ਪਰਿਵਾਰ ਵਿਚ ਵੀ ਰਹਿ ਰਹੇ ਸਨ| ਪਿੰਡ ਧਨਾਸ ਦੇ ਬਰਾਬਰ ਉੱਤਰਦਾਤਾ (35.7% ਹਰੇਕ) ਛੋਟੇ ਅਤੇ ਮੱਧਮ ਪਰਿਵਾਰ ਵਿਚ ਰਹਿ ਰਹੇ ਸਨ| ਇੱਥੇ, ਇਕੱਠੇ ਦੋਵੇਂ ਪਿੰਡਾਂ ਵਿਚ ਬਹੁਤ ਉੱਤਰਦਾਤਾ (42%) ਛੋਟੇ ਪਰਿਵਾਰ ਵਿਚ ਰਹਿ ਰਹੇ ਸਨ।

## 5.5 ਵਿਦਿਅਕ ਸਥਿਤੀ

ਸਾਰਣੀ 5.7 ਦੋਵਾਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੀ ਸਿੱਖਿਆ ਦੀ ਸਥਿਤੀ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾ ਦੀ ਸਿੱਖਿਆ ਦੀ ਸਥਿਤੀ ਨ (%) | | | | | | ਕੁੱਲ |
|---|---|---|---|---|---|---|---|---|
| | | ਅਨਪੜ੍ਹ | ਪ੍ਰਾਇਮਰੀ ਪਾਠਸ਼ਾਲਾ | ਮਿਡਲ ਸਕੂਲ | ਹਾਈ ਸਕੂਲ | ਗ੍ਰੈਜੂਏਸ਼ਨ | ਪੋਸਟ-ਗ੍ਰੈਜੂਏਸ਼ਨ | |
| 1 | ਡੱਡੂ ਮਾਜਰਾ | 17(25.3%) (94.4%) | 8(11.9%) (66.6%) | 12(17.9%) (75%) | 19 (28.3%) (86.4%) | 9(13.4%) (81.8%) | 2 (2.98%) (100%) | 67(100%) (82.7%) |
| 2 | ਧਨਾਸ | 1(7.2%) (5.5%) | 4 (28.5%) (33.3%) | 4(28.5%) (25%) | 3(21.4%) (14.6%) | 2 (14.2%) (18.2%) | 0 | 14 (100%) (17.3%) |
| ਕੁੱਲ | | 18 (22.2%) (100%) | 12 (14.8%) (100%) | 16(19.7%) (100%) | 22(27.1%) (100%) | 11(13.5%) (100%) | 2 (2.4%) (100%) | 81 (100)* (100)** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.7 ਤੋਂ ਪਤਾ ਲੱਗਦਾ ਹੈ ਕਿ ਪਿੰਡ ਡੱਡੂ ਮਾਜਰਾ ਵਿਚ ਕੁਝ (28.3%) ਉੱਤਰਦਾਤਾ ਹਾਈ ਸਕੂਲ ਤੱਕ ਪੜ੍ਹੇ ਹਨ, ਇਸ ਤੋਂ ਬਾਅਦ ਕੁਝ (25.3%) ਉੱਤਰਦਾਤਾ ਅਨਪੜ੍ਹ ਸਨ| ਪਿੰਡ ਧਨਾਸ ਵਿਚ ਬਰਾਬਰ ਉੱਤਰਦਾਤਾ ਪ੍ਰਾਇਮਰੀ ਪਾਠਸ਼ਾਲਾ ਅਤੇ ਮਿਡਲ ਸਕੂਲ ਤੱਕ ਪੜ੍ਹੇ ਹੋਏ ਸਨ |

## 5.6 ਘਰ ਦਾ ਵੇਰਵਾ

5.6.1 ਘਰ ਦੀ ਕਿਸਮ- ਪੀ.ਏ.ਐਫ. ਦੇ ਸਾਰੇ ਉੱਤਰਦਾਤਾਵਾਂ ਕੋਲ ਆਪਣੇ ਘਰ ਸਨ, ਦੋਵਾਂ ਪਿੰਡਾਂ ਦੇ ਉੱਤਰਦਾਤਾਵਾਂ ਦੇ ਘਰ ਪੱਕੇ ਸਨ|

5.6.2 ਮੰਜ਼ਲਾਂ ਦੀ ਗਿਣਤੀ

ਸਾਰਣੀ 5.8 ਦੋਵਾਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਘਰ ਵਿਚ ਮੰਜ਼ਲਾਂ ਦੀ ਗਿਣਤੀ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ (ਪੀ.ਏ.ਐਫ.) ਦੇ ਘਰ ਵਿਚ ਮੰਜ਼ਲਾਂ ਦੀ ਗਿਣਤੀ ਨ (%) | | | | ਕੁੱਲ |
|---|---|---|---|---|---|---|
| | | ਇੱਕ ਮੰਜ਼ਿਲ | ਦੋ ਮੰਜ਼ਲਾਂ | ਤਿੰਨ ਮੰਜ਼ਲਾਂ | ਜਵਾਬ ਨਹੀਂ ਦਿੱਤਾ ਗਿਆ | |
| 1 | ਡੱਡੂ ਮਾਜਰਾ | 12 (17.3%) (75%) | 39 (58.2%) (100%) | 8 (11.9%) (44.4%) | 8 (11.9%) (100%) | 67(100%) (82.7%) |
| 2 | ਧਨਾਸ | 4 (28.5%) (25%) | 0 | 10 (71.4%) (55.5%) | - | 14 (100%) (17.3%) |
| ਕੁੱਲ | | | 39 (48.1%) (100%) | 18 (22.2%) (100%) | 8 (9.8%) (100%) | 81 (100)* (100)** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.7 ਤੋਂ ਪਤਾ ਲੱਗਦਾ ਹੈ ਕਿ ਕਿ ਪਿੰਡ ਡੱਡੂ ਮਾਜਰਾ ਵਿਚ, ਜ਼ਿਆਦਾਤਰ (58.2%) ਉੱਤਰਦਾਤਾਵਾਂ ਦੇ ਘਰ ਵਿੱਚ ਦੋ ਮੰਜ਼ਲਾਂ ਸਨ ਅਤੇ 17.9% ਉੱਤਰਦਾਤਾਵਾਂ ਦੇ ਘਰ ਵਿੱਚ ਇੱਕ ਮੰਜ਼ਿਲ ਸੀ|

ਪਿੰਡ ਧਨਾਸ ਵਿਚ, ਬਹੁਤਾਤ (71.4%) ਉੱਤਰਦਾਤਾ ਤਿੰਨ ਮੰਜ਼ਲਾਂ ਘਰ ਵਿਚ ਰਹਿ ਰਹੇ ਸਨ, ਬਾਕੀ ਉੱਤਰਦਾਤਾ ਇਕ ਮੰਜ਼ਲਾਂ ਵਿਚ ਘਰ ਵਿਚ ਰਹਿ ਰਹੇ ਸਨ|

5.6.3 ਕਮਰਿਆਂ ਦੀ ਗਿਣਤੀ-

ਸਾਰਣੀ 5.9 ਦੋਵਾਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਘਰਾਂ ਵਿਚ ਕਮਰਿਆਂ ਦੀ ਵੰਡ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ (ਪੀ.ਏ.ਐਫ.) ਦੇ ਘਰਾਂ ਵਿਚ ਕਮਰਿਆਂ ਦੀ ਵੰਡ ਨ (%) | | | | | | ਕੁੱਲ |
|---|---|---|---|---|---|---|---|---|
| | | <2 | 2-4 | 4-6 | 6-8 | >8 | ਜਵਾਬ ਨਹੀਂ ਦਿੱਤਾ ਗਿਆ | |
| 1 | ਡੱਡੂ ਮਾਜਰਾ | 2(0.3%) (100%) | 16(23.8%) (80%) | 4(5.9%) (100%) | 3(4.4%) (100%) | 0 | 42(62.6%) (80.7%) | 67(100%) (82.7%) |
| 2 | ਧਨਾਸ | 0 | 4 (28.5%) (20%) | 0 | 0 | 0 | 10 (71.5%) (19.3%) | 14 (100%) (17.3%) |
| ਕੁੱਲ | | 2 (2.4%) (100%) | 20 (24.6%) (100%) | 4 (4.9%) (100%) | 3 (3.7%) (100%) | - | 52 (64.2%) (100%) | 81(100%)* (100%) ** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.9 ਤੋਂ ਪਤਾ ਲੱਗਦਾ ਹੈ ਕਿ ਪਿੰਡ ਡੱਡੂ ਮਾਜਰਾ ਵਿਚ 62.6% ਉੱਤਰਦਾਤਾਵਾਂ ਅਤੇ ਪਿੰਡ ਧਨਾਸ ਵਿਚ 71.5%% ਉੱਤਰਦਾਤਾਵਾਂ ਨੇ ਆਪਣੇ ਘਰ ਵਿਚ ਕਮਰਿਆਂ ਦੀ ਗਿਣਤੀ ਬਾਰੇ ਜਾਣਕਾਰੀ ਨਹੀਂ ਦਿੱਤੀ| ਇਕੱਠੇ ਦੋਵੇਂ ਪਿੰਡਾਂ ਵਿਚ 24.6% ਉੱਤਰਦਾਤਾਵਾਂ ਦੇ ਘਰਾਂ ਵਿਚ 2-4 ਕਮਰੇ ਸਨ|

### 5.6.4 ਸਾਫ ਸਫਾਈ/ ਸੈਨੀਟੇਸ਼ਨ

ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਘਰਾਂ ਵਿੱਚ ਟਾਇਲਟ ਸੁਵਿਧਾ ਉਪਲਬਧ ਸੀ| ਇਸ ਲਈ ਕਿਸੀ ਵੀ ਉੱਤਰਦਾਤਾ ਨੇ ਖੁੱਲੇ ਵਿਚ ਹਾਜ਼ਤ ਕਰਨ ਦੀ ਰਿਪੋਰਟ ਨਹੀਂ ਦਿੱਤੀ| ਇਹ ਦੋਵੇਂ ਪਿੰਡਾਂ ਵਿਚ ਸੁਰੱਖਿਅਤ ਮਨੁੱਖੀ ਰਹਿੰਦ ਦੇ ਨਿਪਟਾਰੇ ਅਤੇ ਸਾਫ-ਸਫਾਈ ਨੂੰ ਉਜਾਗਰ ਕਰਦਾ ਹੈ| ਜਿਵੇਂ ਕਿ ਤਸਵੀਰ 4.8 ਵਿੱਚ ਦਿਖਾਇਆ ਗਿਆ ਹੈ, ਪਿੰਡ ਡੱਡੂ ਮਾਜਰਾ ਵਿੱਚ ਇੱਕ ਜਨਤਕ ਟਾਈਲਟ (ਸੁਲਭ ਸ਼ੋਚਾਲਿਆ) ਵੀ ਮੌਜੂਦ ਸੀ|

### 5.6.5 ਖਾਣਾ ਪਕਾਉਣ ਦੇ ਸਰੋਤ-

ਸਾਰਣੀ 5.10 ਦੋਵੇਂ ਪਿੰਡਾਂ ਵਿੱਚ ਵਿਚ ਉੱਤਰਦਾਤਾਵਾਂ ਦੇ (ਪੀ.ਏ.ਐਫ.) ਦੇ ਘਰਾਂ ਵਿਚ ਖਾਣਾ ਪਕਾਉਣ ਦੇ ਵੱਖ-ਵੱਖ ਸਰੋਤ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ ਦੇ (ਪੀ.ਏ.ਐਫ.) ਦੇ ਘਰਾਂ ਵਿਚ ਖਾਣਾ ਬਣਾਉਣ ਦੇ ਸਰੋਤ ਨ (%) | | ਕੁੱਲ |
|---|---|---|---|---|
| | | ਐਲ.ਪੀ.ਜੀ | ਐਲ.ਪੀ.ਜੀ +ਲੱਕੜ | |
| 1 | ਡੱਡੂ ਮਾਜਰਾ | 65 (97.1%) (82.2%) | 2 (2.9%) (100%) | 67(100%) (82.7%) |
| 2 | ਧਨਾਸ | 14(100%) | 0 | 14 (100%) (17.3%) |
| ਕੁੱਲ | | 79 (97.5%) (100%) | 2 (2.5%) (100%) | 81(100%)* (100%) ** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.10 ਦਰਸਾਉਂਦੀ ਹੈ ਕਿ ਦੋਵਾਂ ਪਿੰਡਾਂ ਦੇ ਤਕਰੀਬਨ ਸਾਰੇ (97.5%) ਘਰਾਂ ਵਿਚ ਖਾਣਾ ਪਕਾਉਣ ਦੇ ਸਰੋਤ ਵਜੋਂ ਐੱਲ.ਪੀ.ਜੀ. ਇਸਤੇਮਾਲ ਕਰ ਰਹੇ ਸਨ| ਕੇਵਲ ਕੁਝ ਹੀ (2.5%) ਐਲ.ਪੀ.ਜੀ ਦੇ ਨਾਲ ਲੱਕੜ ਦੀ ਵਰਤੋਂ ਕਰ ਰਹੇ ਸਨ|

### 5.7 ਪਸ਼ੂ ਪਾਲਣ ਦੀ ਜਾਣਕਾਰੀ

ਸਾਡੇ ਸਮਾਜ ਵਿੱਚ ਦਿਨ ਪ੍ਰਤੀ ਦਿਨ ਤਕਨੀਕੀ ਵਿਕਾਸ ਅਤੇ ਆਧੁਨਿਕਤਾ ਵਿੱਚ ਤਰੱਕੀ ਦੇ ਨਾਲ, ਜਿਸ ਨੇ ਨਾ ਸਿਰਫ ਸ਼ਹਿਰੀ ਖੇਤਰਾਂ ਸਗੋਂ ਪੇਂਡੂ ਖੇਤਰਾਂ ਨੂੰ ਵੀ ਪ੍ਰਭਾਵਤ ਕੀਤਾ ਹੈ, ਲੋਕ ਆਪਣੇ ਪੇਸ਼ਾਵਰ ਅਤੇ ਬੁਨਿਆਦੀ ਸਹੂਲਤਾਂ ਵਿੱਚ ਤਬਦੀਲੀ ਨਾਲ ਮੁਸੀਬਤਾਂ ਤੋਂ ਮੁਕਤ ਅਤੇ ਆਧੁਨਿਕ ਜੀਵਨ ਸ਼ੈਲੀ ਵੱਲ ਅੱਗੇ ਵਧ ਰਹੇ ਹਨ|

ਜਿਹੜੇ ਲੋਕ ਖੇਤੀਬਾੜੀ ਨੂੰ ਰੋਜ਼ੀ-ਰੋਟੀ ਦਾ ਮੁੱਖ ਸਾਧਨ ਵਜੋਂ ਵਰਤ ਰਹੇ ਸਨ, ਉਨ੍ਹਾਂ ਨੇ ਸਹਾਇਕ ਸ੍ਰੋਤਾਂ ਲਈ ਜਾਂ ਖੇਤੀਬਾੜੀ ਦੇ ਘੱਟ ਲਾਭਾਂ ਕਾਰਨ ਇਸ ਪੇਸ਼ੇ ਨੂੰ ਬਦਲ ਲਿਆ ਸੀ| ਹਾਲਾਂਕਿ, ਬਹੁਤ ਸਾਰੇ ਉੱਤਰਦਾਤਾ ਆਪਣੇ ਭੋਜਨ ਲਈ ਖੇਤੀਬਾੜੀ ਤੇ ਨਿਰਭਰ ਸਨ ਅਤੇ ਇਸ ਨੂੰ ਆਪਣੀ ਭਵਿੱਖ ਦੀਆਂ ਲੋੜਾਂ ਲਈ ਇੱਕ ਸੰਪਤੀ ਵਜੋਂ ਰੱਖਣਾ ਚਾਹੁੰਦੇ ਸਨ|(ਖੇਤੀਬਾੜੀ ਦੇ ਖੇਤਰ ਵਿਚ ਤਕਨੀਕੀ ਸੁਧਾਰ ਨਾਲ ਮਸ਼ੀਨੀਕਰਣ ਪੇਂਡੂ ਖੇਤਰ ਦੇ ਬਹੁਤੇ ਘਰਾਂ ਵਿੱਚ ਦੇਖਿਆ ਗਿਆ ਹੈ) ਇਸ ਨੇ ਕਿਸਾਨਾਂ ਦੁਆਰਾ ਬਲਦ ਦੀ ਮਦਦ ਨਾਲ ਖੇਤੀ ਦੇ ਰਵਾਇਤੀ/ ਪਰੰਪਰਾਗਤ ਤਰੀਕੇ ਨੂੰ ਪ੍ਰਭਾਵਿਤ ਕੀਤਾ ਹੈ| ਪ੍ਰੋਜੈਕਟ ਤੋਂ ਪ੍ਰਭਾਵਿਤ ਪਿੰਡਾਂ ਵਿਚ ਜ਼ਿਆਦਾਤਰ ਲੋਕ ਬਲਦ ਦੇ ਬਜਾਏ, ਕਿਰਾਏ ਤੇ ਲੈ ਕੇ ਟਰੈਕਟਰ ਨੂੰ ਖੇਤੀ ਕਰਨ ਲਈ ਵਰਤ ਰਹੇ ਸਨ|

### 5.7.1 ਪਸ਼ੂ ਧਨ

ਸਾਰਣੀ 5.11 ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ ਦੇ (ਪੀ.ਏ.ਐਫ.) ਦਾ ਪਸ਼ੂ ਧਨ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ ਦਾ ਪਸ਼ੂ ਧਨ ਨ (%) | | | | ਕੁੱਲ |
|---|---|---|---|---|---|---|
| | | ਸਿਰਫ ਮੱਝ | ਸਿਰਫ ਗਊ | ਗਊ ਅਤੇ ਮੱਝ | ਕੁਝ ਨਹੀਂ | |
| 1 | ਡੱਡੂ ਮਾਜਰਾ | 4 (5.9%) (44.4%) | 1(1.5%) | 13 (19.4%) (81.2%) | 49 (73.1%) (89.1%) | 67(100%) (82.7%) |
| 2 | ਧਨਾਸ | 5 (35.7%) (55.6%) | 0 | 3 (21.4%) (18.8%) | 6 (42.8%) (10.9%) | 14 (100%) (17.3%) |
| ਕੁੱਲ | | 9 (11.1%) (100%) | 1(1.3%) (100%) | 16 (19.7%) (100%) | 55 (67.9%) (100%) | 81(100%)* (100%) ** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.11 ਦੋਵੇਂ ਪਿੰਡਾਂ ਵਿੱਚ ਵਿਚ ਉੱਤਰਦਾਤਾਵਾਂ ਦੇ ਪਸ਼ੂ ਧਨ ਦੀ ਜਾਣਕਾਰੀ ਦਿੱਤੀ ਗਈ ਹੈ| ਇੱਥੇ 67.9% ਉੱਤਰਦਾਤਾਵਾਂ ਕੋਲ ਕੋਈ ਪਸ਼ੂ ਨਹੀਂ ਸੀ| ਜਿਹਨਾਂ ਕੋਲ (26 ਉੱਤਰਦਾਤਾ) ਪਸ਼ੂ ਸਨ, ਉਹਨਾਂ ਕੋਲ ਜ਼ਿਆਦਾਤਰ (16 ਉੱਤਰਦਾਤਾਵਾਂ ਕੋਲ) ਗਊ ਅਤੇ ਮੱਝ ਦੋਵੇਂ ਸਨ| ਇਹਨਾਂ ਪਸ਼ੂਆਂ ਦਾ ਦੁੱਧ ਆਪਣੇ ਵਰਤਣ ਲਈ ਜਾਂ ਵੇਚਣ ਲਈ ਇਸਤੇਮਾਲ ਹੁੰਦਾ ਸੀ| ਪਸ਼ੂਆਂ ਦਾ ਚਾਰਾ ਪ੍ਰੋਜੈਕਟ ਪ੍ਰਭਾਵਿਤ ਜ਼ਮੀਨ ਤੇ ਹੀ ਉਗਾਇਆ ਜਾਂਦਾ ਸੀ| ਇਥੇ ਬਹੁਤ ਸਾਰੇ ਉੱਤਰਦਾਤਾਵਾਂ ਦੇ ਕੋਲ ਪਸ਼ੂ ਧਨ ਨਹੀਂ ਸੀ, ਜੋ ਕਿ ਮਕਾਨਾਂ ਅੰਦਰ ਪਸ਼ੂਆਂ ਨੂੰ ਰੱਖਣ ਦੇ ਰੁਝਾਨ ਦੇ ਘੱਟ ਹੋਣ ਦਾ ਸੰਕੇਤ ਹੋ ਸਕਦਾ ਹੈ|

## 5.8 ਆਰਥਿਕ ਸਥਿਤੀ

ਵਰਤਮਾਨ ਪ੍ਰੋਜੈਕਟ ਵਿਚ ਸ਼ਾਮਲ ਲੋਕਾਂ 'ਤੇ ਸਮਾਜਿਕ ਅਤੇ ਆਰਥਿਕ ਪ੍ਰਭਾਵ ਦੀ ਪਛਾਣ ਕਰਨ ਲਈ ਸਮਾਜਿਕ-ਆਰਥਿਕ ਅਧਿਅਨ ਜ਼ਰੂਰੀ ਸੀ| ਉੱਤਰਦਾਤਾਵਾਂ ਦੀ ਆਰਥਿਕ ਸਥਿਤੀ ਦਾ ਲੇਖਾ ਜੋਖਾ; ਮਹੀਨਾਵਾਰ ਆਮਦਨ, ਮਹੀਨਾਵਾਰ ਖਰਚ, ਕਰਜ਼ਦਾਰੀ ਨੂੰ ਧਿਆਨ ਵਿਚ ਰੱਖਦੇ ਹੋਏ ਮੁਲਾਂਕਣ ਕੀਤਾ ਗਿਆ ਸੀ|

### 5.8.1 ਪੇਸ਼ਾ ਸਾਰਣੀ

ਸਾਰਣੀ 5.12 ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ (ਪੀ.ਏ.ਐਫ.) ਦਾ ਪੇਸ਼ਾ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਉੱਤਰਦਾਤਾਵਾਂ (ਪੀ.ਏ.ਐਫ.) ਦਾ ਪੇਸ਼ਾ ਨ (%) | | | | | | | ਕੁੱਲ |
|---|---|---|---|---|---|---|---|---|---|
| | | ਸਰਕਾਰੀ ਨੌਕਰੀ | ਨਿੱਜੀ ਨੌਕਰੀ | ਖੇਤੀ ਬਾੜੀ | ਕਾਰੋਬਾਰ | ਪੈਨਸ਼ਨ | ਘਰੇਲੂ ਔਰਤ | ਜਵਾਬ ਨਹੀਂ ਦਿੱਤਾ ਗਿਆ | |
| 1 | ਡੱਡੂ ਮਾਜਰਾ | 4(5.9%) (100%) | 5(7.4%) (83.3%) | 36(53.7%) (75%) | 4 (5.9%) (100%) | 5(7.4%) (83.3%) | 3 (4.4%) (100%) | 10(14.9%) (100%) | 67(100%) (82.7%) |
| 2 | ਧਨਾਸ | 0 | 1(7.2%) (16.7%) | 12 (85.6%) (25%) | 0 | 1(7.2%) (16.7%) | 0 | 0 | 14 (100%) (17.3%) |
| ਕੁੱਲ | | 4(4.9%) (100%) | 6(7.4%) (100%) | 48 (59.2%) (100%) | 4 (4.9%) (100%) | 6(7.4%) (100%) | 3 (3.7%) (100%) | 10(12.3%) (100%) | 81(100%)* (100%) ** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.12 ਅਨੁਸਾਰ ਪਿੰਡ ਡੱਡੂ ਮਾਜਰਾ ਦੇ ਅੱਧੇ ਤੋਂ ਵੱਧ (53.7%) ਉੱਤਰਦਾਤਾਵਾਂ ਵਿੱਚ ਖੇਤੀਬਾੜੀ ਮੁੱਖ ਪੇਸ਼ਾ ਸੀ ਅਤੇ ਪਿੰਡ ਧਨਾਸ ਦੇ ਤਕਰੀਬਨ ਸਾਰੇ (85.6%) ਉੱਤਰਦਾਤਾਵਾਂ ਵਿੱਚ ਖੇਤੀਬਾੜੀ ਮੁੱਖ ਪੇਸ਼ਾ ਸੀ|

### 5.8.2 ਮਾਸਿਕ ਆਮਦਨੀ

ਇਹ ਪਰਿਵਾਰ ਦੀ ਸਾਰੇ ਸਰੋਤਾਂ ਤੋਂ ਕੁੱਲ ਆਮਦਨ ਦੇ ਆਧਾਰ ਤੇ ਅਨੁਮਾਨਿਤ ਕੀਤੀ ਗਈ ਸੀ|

ਸਾਰਣੀ 5.13 ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ (ਪੀ.ਏ.ਐਫ.) ਦੀ ਮਹੀਨਾਵਾਰ ਆਮਦਨ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਮਾਸਿਕ ਆਮਦਨ ਨ (%) | | | | | | | | ਕੁੱਲ |
|---|---|---|---|---|---|---|---|---|---|---|
| | | 5000-9999 | 10,000-14999 | 15000-19999 | 20,000-24999 | 25000-29999 | 30000-34999 | 35,000 ਤੋਂ ਜ਼ਿਆਦਾ | ਜਵਾਬ ਨਹੀਂ ਦਿੱਤਾ ਗਿਆ | |
| 1 | ਡੱਡੂ ਮਾਜਰਾ | 1(1.5%) (100%) | 4 (5.9%) (80%) | 5(7.5%) (83.3%) | 2(2.9%) (100%) | 3(4.4%) (100%) | 2(2.9%) (66.6%) | 5(7.5%) (83.3%) | 45(67.1%) (81.8%) | 67(100%) (82.7%) |
| 2 | ਧਨਾਸ | 0 | 1(7.2%) (20%) | 1(7.2%) (16.7%) | 0 | 0 | 1(7.2%) (33.4%) | 1(7.2%) (16.7%) | 10(71.2%) (18.2%) | 14 (100%) (17.3%) |
| ਕੁੱਲ | | 1 (1.2%) (100%) | 5 (6.2%) (100%) | 6 (7.4%) (100%) | 2 (2.5%) (100%) | 3 (3.7%) (100%) | 3(3.7%) (100%) | 6 (7.4%) (100%) | 55 (67.9%) (100%) | 81(100%)* (100%) ** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.13 ਤੋਂ ਪਤਾ ਲੱਗਦਾ ਹੈ ਕਿ ਦੋਵੇਂ ਪਿੰਡਾਂ ਵਿੱਚ ਜ਼ਿਆਦਾਤਰ (67.9%) ਉੱਤਰਦਾਤਾਵਾਂ ਨੇ ਆਪਣੀ ਮਾਸਿਕ ਆਮਦਨ ਦਾ ਖੁਲਾਸਾ ਨਹੀਂ ਕੀਤਾ|

### 5.8.3 ਮਾਸਿਕ ਖਰਚਾ

ਭੋਜਨ, ਸਿਹਤ ਅਤੇ ਸਿੱਖਿਆ ਪ੍ਰਤੀ ਪਰਿਵਾਰ ਦੇ ਖਰਚ ਦੇ ਆਧਾਰ ਤੇ ਹਿਸਾਬ ਲਗਾਇਆ ਗਿਆ ਸੀ|

ਸਾਰਣੀ 5.14 ਦੋਵੇਂ ਪਿੰਡਾਂ ਵਿੱਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਮਹੀਨਾਵਾਰ ਖਰਚ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਮਹੀਨਾਵਾਰ ਖਰਚ ਨ (%) | | | | | | | |
|---|---|---|---|---|---|---|---|---|---|
| | | 5000-9999 | 10,000-14999 | 15000-19999 | 20,000-24999 | 30000-34999 | 35,000 ਤੋਂ ਜ਼ਿਆਦਾ | ਜਵਾਬ ਨਹੀਂ ਦਿੱਤਾ ਗਿਆ | ਕੁੱਲ |
| 1 | ਡੱਡੂ ਮਾਜਰਾ | 1(1.5%) (100%) | 2(2.9%) (66.66%) | 7(10.4%) (87.5%) | 4(5.9%) (100%) | 0 | 3(4.4%) (75%) | 50(74.6%) (83.33%) | 67(100%) (82.7%) |
| 2 | ਧਨਾਸ | 0 | 1(7.2%) (33.33%) | 1 (7.2%) (12.5%) | 0 | 1(7.2%) (100%) | 1(7.2%) (100%) | 10(71.2%) (16.7%) | 14 (100%) (17.3%) |
| ਕੁੱਲ | | 1(1.2%) (100%) | 3(3.7%) (100%) | 8 (3.8%) (100%) | 4(4.9%) (100%) | 1(1.2%) (100%) | 4(4.9%) (100%) | 60(74.1%) (100%) | 81(100%)* (100%) ** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.14 ਅਨੁਸਾਰ ਦੋਵੇਂ ਪਿੰਡਾਂ ਵਿੱਚ ਵੱਧ (74.1%) ਉੱਤਰਦਾਤਾਵਾਂ ਨੇ ਆਪਣੇ ਮਹੀਨਾਵਾਰ ਖਰਚੇ ਦਾ ਖੁਲਾਸਾ ਨਹੀਂ ਕੀਤਾ, ਇਸ ਤੋਂ ਬਾਅਦ ਪਿੰਡ ਡੱਡੂ ਮਾਜਰਾ ਦੇ ਕੁਝ (10.4%) ਉੱਤਰਦਾਤਾਵਾਂ ਨੇ 15000-19999 ਰੁਪਏ ਦੇ ਵਿਚਕਾਰ ਆਪਣੇ ਮਹੀਨਾਵਾਰ ਖਰਚ ਦੀ ਰਿਪੋਰਟ ਕੀਤੀ|

5.8.4 ਕਰਜ਼ਦਾਰੀ- ਇਹ ਇਕ ਪੈਰਾਮੀਟਰ ਹੈ ਜੋ ਪੀ.ਏ.ਐਫ. ਦੀ ਆਰਥਿਕ ਸਥਿਤੀ ਦੇ ਮੁਲਾਂਕਣ ਵਿਚ ਸਹਾਇਤਾ ਕਰਦਾ ਹੈ|

ਸਾਰਣੀ 5.15 ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਵਿਚ ਕਰਜ਼ਦਾਰੀ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਕਰਜ਼ਦਾਰੀ ਨ (%) | | ਕੁੱਲ |
|---|---|---|---|---|
| | | ਹਾਂ | ਨਹੀਂ | |
| 1 | ਡੱਡੂ ਮਾਜਰਾ | 14 (26.4%)<br>(93.3%) | 53 (73.6%)<br>(80.3%) | 67(100%)<br>(82.7%) |
| 2 | ਧਨਾਸ | 1 (7.1%)<br>(6.7%) | 13 (92.9%)<br>(19.7%) | 14 (100%)<br>(17.3%) |
| ਕੁੱਲ | | 15 (18.5%)<br>(100%) | 66 (81.5%)<br>(100%) | 81(100%)*<br>(100%) ** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.15 ਦਰਸਾਉਂਦੀ ਹੈ ਕਿ ਦੋਵੇਂ ਪਿੰਡਾਂ ਵਿਚ ਕੁਝ (18.5%) ਉੱਤਰਦਾਤਾਵਾਂ ਨੇ ਕਰਜ਼ਦਾਰ ਹੋਣ ਦੀ ਜਾਣਕਾਰੀ ਦਿੱਤੀ| ਕਰਜ਼ੇ ਆਮ ਤੌਰ 'ਤੇ ਸਰਕਾਰੀ ਬੈਂਕਾਂ, ਸਹਿਕਾਰੀ ਬੈਂਕਾਂ ਅਤੇ ਸਹਿਕਾਰੀ ਸਮਿਤੀਆਂ ਆਦਿ ਤੋਂ ਲਏ ਗਏ ਸਨ|

## 5.8.5 ਮਲਕੀਅਤ ਦੀ ਸਥਿਤੀ

ਭੂਮੀ ਦੀ ਮਲਕੀਅਤ ਨੂੰ ਜ਼ਮੀਨ ਦੀ ਨਾਮਜ਼ਦਗੀ ਦੇ ਅਧਾਰ ਤੇ ਨਿਸ਼ਚਿਤ ਕੀਤਾ ਜਾਂਦਾ ਹੈ| ਇਹ ਇੱਕ ਦਸਤਾਵੇਜ਼ ਹੈ ਜੋ ਅਜਿਹੀ ਮਲਕੀਅਤ ਨੂੰ ਦਰਸਾਉਂਦਾ ਹੈ| ਮਲਕੀਅਤ ਦੀ ਸਥਿਤੀ ਰਵਾਇਤੀ ਹੱਕ, ਟਾਈਟਲਧਾਰਕ/ ਨਾਮਜ਼ਦਗੀ ਹੋਣਾ ਅਤੇ ਅਥਾਰਿਟੀ ਤੋਂ ਲਾਇਸੈਂਸ ਦੇ ਅਧਾਰ ਤੇ ਹੋ ਸਕਦੀ ਹੈ|

ੳ. ਟਾਈਟਲਧਾਰਕ/ ਨਾਮਜ਼ਦਗੀ ਹੋਣਾ - ਇੱਥੇ ਵਿਅਕਤੀ ਕੋਲ ਜ਼ਮੀਨ ਦੀ ਨਾਮਜ਼ਦਗੀ ਹੁੰਦੀ ਹੈ| ਇੱਕ ਦਸਤਾਵੇਜ਼ ਜਿਹੜਾ ਜ਼ਮੀਨ ਦੀ ਮਾਲਕੀ ਜਾਂ ਅਚੱਲ ਸੰਪਤੀ ਨੂੰ ਨਿਰਧਾਰਿਤ ਕਰਦਾ ਹੈ| ਇਸ ਨੂੰ ਉਪਚਾਰਿਕ ਦਸਤਾਵੇਜ਼ ਵੀ ਕਿਹਾ ਜਾ ਸਕਦਾ ਹੈ, ਜਿਵੇਂ ਕੀ ਡੀਡ, ਜੋ ਮਾਲਕੀ ਦਾ ਸਬੂਤ ਹੈ|

ਅ. ਰਵਾਇਤੀ ਹੱਕ- ਇਸਦਾ ਮਤਲਬ ਮਲਕੀਅਤ, ਰਵਾਇਤੀ ਨਿਯਮ, ਜੋ ਕਿ ਕਿਸੇ ਖਾਸ ਸਮਾਜਿਕ-ਸਭਿਆਚਾਰਕ ਸਥਾਪਨ ਦੇ ਅੰਦਰ ਦੇਖਿਆ ਜਾ ਸਕਦਾ ਹੈ| **(Thompson, E. (1991) Customs in common: studies in traditional popular structure. London; Merlin Press)**

ਈ. ਸਥਾਨਕ ਅਥਾਰਟੀ ਤੋਂ ਲਾਇਸੈਂਸ - ਸਰਕਾਰੀ ਏਜੰਸੀਆਂ ਦੁਆਰਾ ਜਾਰੀ ਕੀਤੀ ਇਜਾਜ਼ਤ ਜੋ ਵਿਅਕਤੀਆਂ ਜਾਂ ਕੰਪਨੀਆਂ ਨੂੰ ਸਰਕਾਰ ਦੇ ਭੂਗੋਲਿਕ ਅਧਿਕਾਰ ਖੇਤਰ ਦੇ ਅੰਦਰ ਵਪਾਰ ਕਰਨ ਦੀ ਆਗਿਆ ਦਿੰਦੀ ਹੈ|

ਸਾਰਣੀ 5.16 ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਵਿਚ ਮਲਕੀਅਤ ਦੀ ਸਥਿਤੀ


| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਮਲਕੀਅਤ ਦੀ ਸਥਿਤੀ ਨ (%) | | | | ਕੁੱਲ |
|---|---|---|---|---|---|---|
| | | ਟਾਈਟਲ ਧਾਰਕ/ ਨਾਮਜ਼ਦਗੀ ਹੋਣਾ | ਰਵਾਇਤੀ ਅਧਿਕਾਰ | ਸਥਾਨਕ ਅਥਾੱਰਿਟੀ ਤੋਂ ਲਾਇਸੈਂਸ | ਟਾਈਟਲ ਧਾਰਕ ਅਤੇ ਰਵਾਇਤੀ ਅਧਿਕਾਰ | |
| 1 | ਡੱਡੂ ਮਾਜਰਾ | 23 (34.3%) (92%) | 38 (56.8%) (76%) | 0 | 6(8.3%) (100%) | 67(100%) (82.7%) |
| 2 | ਧਨਾਸ | 2 (14.3%) (8%) | 12 (85.7%) (24%) | 0 | 0 | 14 (100%) (17.3%) |
| ਕੁੱਲ | | 25 (30.8%) (100%) | 50 (61.7%) (100%) | 0 | 6 (7.5%) (100%) | 81(100%)* (100%) ** |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਵਿਖਾਉਂਦਾ ਹੈ|

ਸਾਰਣੀ 5.16 ਤੋਂ ਪਤਾ ਲੱਗਦਾ ਹੈ ਕਿ ਦੋਵੇਂ ਪਿੰਡਾਂ ਦੇ 61.7% ਉੱਤਰਦਾਤਾ ਜ਼ਮੀਨ ਤੇ ਰਵਾਇਤੀ ਅਧਿਕਾਰ ਰੱਖਦੇ ਸਨ ਅਤੇ ਪਿੰਡ ਡੱਡੂ ਮਾਜਰਾ ਦੇ ਕੁਝ (8.3%) ਉੱਤਰਦਾਤਾ ਕੋਲ ਰਵਾਇਤੀ ਅਧਿਕਾਰ ਅਤੇ ਟਾਈਟਲ ਧਾਰਕ ਦੋਵੇਂ ਸਨ|


ਦੋਵੇਂ ਪਿੰਡਾਂ ਵਿਚ ਪ੍ਰਭਾਵਿਤ ਜ਼ਮੀਨ 'ਤੇ ਕੋਈ ਵੀ ਗੈਰ ਕਾਨੂੰਨੀ ਕਬਜ਼ਾ ਨਹੀਂ ਕੀਤਾ ਗਿਆ ਸੀ|

5.8.6 ਖੇਤੀਬਾੜੀ ਸੰਪਤੀ ਦੀ ਮਲਕੀਅਤ: ਇਹਨਾਂ ਵਿੱਚ ਖੇਤੀਬਾੜੀ ਦੇ ਸੰਦ-ਔਜਾਰ ਜਿਵੇਂ ਕਿ ਟ੍ਰੈਕਟਰ ਆਦਿ ਸ਼ਾਮਲ ਹਨ|




ਚਿੱਤਰ 5.1: ਪਿੰਡ ਡੱਡੂ ਮਾਜਰਾ ਦੇ ਉੱਤਰਦਾਤਾਵਾਂ ਵਿਚ ਖੇਤੀਬਾੜੀ ਸੰਪਤੀ

ਪਿੰਡ ਡੱਡੂ ਮਾਜਰਾ ਵਿਚ ਕੁਝ (15%) ਉੱਤਰਦਾਤਾਵਾਂ ਕੋਲ ਖੇਤੀਬਾੜੀ ਸੰਦ ਸੀ| ਇਹਨਾਂ ਵਿਚ 4 ਉੱਤਰਦਾਤਾਵਾਂ ਕੋਲ ਟਰੈਕਟਰ ਸੀ| ਬਾਕੀ ਉੱਤਰਦਾਤਾ ਟਰੈਕਟਰ ਕਿਰਾਏ ਤੇ ਲੈਂਦੇ ਸਨ|




ਚਿੱਤਰ 5.2: ਪਿੰਡ ਧਨਾਸ ਦੇ ਉੱਤਰਦਾਤਾਵਾਂ ਵਿਚ ਖੇਤੀਬਾੜੀ ਸੰਪਤੀ

ਪਿੰਡ ਧਨਾਸ ਵਿਚ ਸਿਰਫ 1 ਉੱਤਰਦਾਤਾ ਕੋਲ ਟਰੈਕਟਰ ਸੀ|

# ਅਧਿਆਇ 6

## ਪ੍ਰਭਾਵਿਤ ਸੰਵੇਦਨਸ਼ੀਲ ਸਮੂਹ

ਪਿਛਲੇ ਅਧਿਆਇ, "ਪ੍ਰਭਾਵਿਤ ਜਨਸੰਖਿਆ" ਵਿੱਚ, ਪ੍ਰੋਜੈਕਟ ਪ੍ਰਭਾਵਿਤ ਖੇਤਰ ਅਤੇ ਪਰਿਵਾਰਾਂ ਦੇ ਵਿਸਥਾਰਪੂਰਵਕ ਪ੍ਰੋਫਾਈਲ ਦੀ ਜਾਣਕਾਰੀ ਦਿੱਤੀ ਗਈ ਸੀ | ਜ਼ਮੀਨ ਪ੍ਰਾਪਤੀ ਪ੍ਰਭਾਵਿਤ ਆਬਾਦੀ ਤੇ ਸਦਮਾ, ਮਨੋਵਿਗਿਆਨਕ ਅਤੇ ਸਮਾਜਿਕ-ਸੱਭਿਆਚਾਰਕ ਪ੍ਰਭਾਵ ਪਾਉਂਦੀ ਹੈ ਖਾਸ ਕਰਕੇ; ਸੰਵੇਦਨਸ਼ੀਲ ਵਰਗ, ਅਨੁਸੂਚਿਤ ਜਾਤੀ (ਐਸ ਸੀ), ਅਨੁਸੂਚਿਤ ਜਨਜਾਤੀ (ਐਸ ਟੀ), ਸੀਮਾਂਤ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰਾਂ ਤੇ | ਇਹਨਾਂ ਦੇ ਹੱਕਾਂ ਦੀ ਰਾਖੀ ਲਈ ਆਵਾਜ਼ ਉਠਾਉਣਾ ਜ਼ਰੂਰੀ ਹੈ|

ਇਸ ਅਧਿਆਇ ਵਿੱਚ, ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਸੰਵੇਦਨਸ਼ੀਲ ਸਮੂਹਾਂ ਤੇ ਵਿਕਾਸ ਪ੍ਰੋਜੈਕਟ ਦੇ ਪ੍ਰਭਾਵ ਦਾ ਅਧਿਐਨ ਕੀਤਾ ਗਿਆ ਹੈ| ਇਸ ਸੰਦਰਭ ਵਿੱਚ ਸੰਵੇਦਨਸ਼ੀਲਤਾ / ਨਿਰਬਲਤਾ ਨੂੰ ਇਕ ਵਿਅਕਤੀਗਤ ਜਾਂ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ (ਪੀ.ਏ.ਐਫ.) ਦੇ ਸਮੂਹ ਦੀ ਵਿਕਾਸ ਪ੍ਰੋਜੈਕਟ ਦੇ ਪ੍ਰਭਾਵਾਂ ਨਾਲ ਸਹਿਮਤ ਹੋਣ, ਉਸ ਦਾ ਵਿਰੋਧ ਕਰਨ, ਪ੍ਰਬੰਧ ਕਰਨ ਅਤੇ ਪ੍ਰਭਾਵ ਤੋਂ ਮੁੜ ਹਾਸਲ ਕਰਨ ਦੀ ਘੱਟ ਸਮਰੱਥਾ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ|

ਵਿਕਾਸ ਪ੍ਰੋਜੈਕਟ ਤੋਂ ਪੈਦਾ ਹੋਣ ਵਾਲੇ ਕਿਸੇ ਅਣਪ੍ਰਿਛਿਆਤ ਘਟਨਾ ਨੂੰ ਸਮਝਾਉਣ, ਅੰਦਾਜ਼ਾ ਲਗਾਉਣ ਅਤੇ ਯੋਜਨਾ ਬਣਾਉਣ ਲਈ ਪ੍ਰਭਾਵਿਤ ਸੰਵੇਦਨਸ਼ੀਲ ਗਰੁੱਪਾਂ ਦਾ ਅਧਿਅਨ ਕੀਤਾ ਗਿਆ ਹੈ| ਸਮੂਹ ਕਿਸੇ ਵੀ ਹਾਲਾਤ ਵਿੱਚ ਸੰਵੇਦਨਸ਼ੀਲ ਮੰਨੇ ਜਾਂਦੇ ਹਨ ਜਿਵੇਂ ਕਿ ਬੇਜ਼ਮੀਨੀ, ਬੇਰੋਜ਼ਗਾਰੀ, ਬੇਘਰ, ਹਾਸ਼ੀਏ 'ਤੇ, ਆਮ ਜਾਇਦਾਦ ਤੱਕ ਪਹੁੰਚ ਦੀ ਘਾਟ, ਆਦਿ ਜਾਂ ਜਿੱਥੇ ਪਰਿਵਾਰ ਦੇ ਬਾਲਗ ਅਪਾਹਜਤਾ, ਬਿਮਾਰੀ, ਉਮਰ ਆਦਿ ਦੇ ਕਾਰਨ ਢੁਕਵੀਂ ਰੋਜ਼ੀ ਰੋਟੀ ਮੁਹੱਈਆ ਕਰਵਾਉਣ ਵਿੱਚ ਅਸਮਰੱਥ ਹਨ| ਇਸ ਨੇ ਸਮਾਜਿਕ ਸਮੂਹ (ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀ, ਹੋਰ ਪਛੜੇ ਵਰਗਾਂ) ਦੇ ਆਧਾਰ ਤੇ,

ਪਰਿਵਾਰਾਂ ਦੇ ਘਰਾਂ ਦੀ ਕਟੌਤੀ (ਬੀ.ਪੀ.ਐਲ. ਪਰਿਵਾਰ), ਮਹਿਲਾ ਅਗਵਾਈ ਵਾਲੇ ਘਰਾਂ ਅਤੇ ਘਰ ਦੇ ਅਪਾਹਜ ਮੁਖੀ ਦੇ ਆਧਾਰ 'ਤੇ ਪੀ.ਏ.ਐਫ. ਦੀ ਸੰਵੇਦਨਸ਼ੀਲ ਤਾ ਨੂੰ ਧਿਆਨ ਵਿਚ ਰੱਖਿਆ ਗਿਆ ਹੈ|

## 6.1 ਸਮਾਜਿਕ ਸਮੂਹ

ਸਾਰਣੀ 6.1: ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.) ਦੇ ਸਮਾਜਿਕ ਸਮੂਹਾਂ ਦੀ ਵੰਡ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਸਮਾਜਿਕ ਸਮੂਹ ਉੱਤਰਦਾਤਾ ਨ (%) | | | | ਕੁੱਲ |
|---|---|---|---|---|---|---|
| | | ਜਨਰਲ | ਓ ਬੀ ਸੀ | ਅਨੁਸੂਚਿਤ ਜਾਤੀ | ਅਨੁਸੂਚਿਤ ਜਨਜਾਤੀ | |
| 1 | ਡੱਡੂ ਮਾਜਰਾ | 56 (83.6 %) (80%) | 11 (16.4%) (100%) | 0 | 0 | 67 (100%) (81.6%) |
| 2 | ਧਨਾਸ | 14 (100) (20%) | 0(0.00) (0.00) | 0 | 0 | 14 (100%) (18.4%) |
| ਕੁੱਲ | | 70 (100%) (100%) | 11 (100%) (100%) | 0 | 0 | 81 (100%) (100%) |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਹੈ

ਸਾਰਣੀ 6.1: ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ (ਪੀ.ਏ.ਐਫ.)ਦੇ ਸਮਾਜਿਕ ਸਮੂਹਾਂ ਦੀ ਵੰਡ ਦਿਖਾਉਂਦੀ ਹੈ| ਇਹ ਦਰਸਾਉਂਦੀ ਹੈ ਕਿ ਪਿੰਡ ਡੱਡੂ ਮਾਜਰਾ ਦੇ 83.6% ਉੱਤਰਦਾਤਾ ਜਨਰਲ ਵਰਗ ਨਾਲ ਸਬੰਧਤ ਸਨ| ਜਦੋਂ ਕਿ 16.4 % ਹੋਰ ਪਛੜੇ ਵਰਗਾਂ (ਓ.ਬੀ.ਸੀ) ਨਾਲ ਸਬੰਧਤ ਸਨ| ਪਿੰਡ ਧਨਾਸ ਵਿਚ ਸਾਰੇ ਉੱਤਰਦਾਤਾ ਜਨਰਲ ਵਰਗ ਨਾਲ ਸਬੰਧਤ ਸਨ|

ਦੋਵੇਂ ਪਿੰਡਾਂ ਵਿਚ ਕੋਈ ਵੀ ਪ੍ਰੋਜੈਕਟ ਪ੍ਰਭਾਵਿਤ ਪਰਿਵਾਰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਨਾਲ ਸੰਬੰਧਿਤ ਨਹੀਂ ਸਨ|

6.2. ਆਰਥਿਕ ਕਮਜ਼ੋਰੀ (ਰੋਜ਼ੀ ਰੋਟੀ / ਸੰਪਤੀ ਦੇ ਨੁਕਸਾਨ ਦੇ ਨਤੀਜੇ ਵਜੋਂ ਗਰੀਬੀ ਰੇਖਾ ਤੋਂ ਹੇਠਲੇ ਘਰ)

ਗਰੀਬੀ ਰੇਖਾ ਤੋਂ ਹੇਠਾਂ ਪਰਿਵਾਰਾਂ ਕੋਲ ਆਪਣੇ ਪਰਿਵਾਰਾਂ ਨੂੰ ਚਲਾਉਣ ਲਈ ਮੁਢਲੇ ਸਾਧਨਾਂ/ ਸਹੂਲਤਾਂ ਦੀ ਘਾਟ ਹੈ| ਨਾਜ਼ੁਕ ਆਰਥਿਕ ਹਾਲਤਾਂ ਅਤੇ ਸੀਮਤ ਸਾਧਨਾਂ ਦੇ ਕਾਰਨ, ਗਰੀਬੀ ਰੇਖਾ ਦੇ ਹੇਠਾਂ ਪਰਿਵਾਰ ਵਿਕਾਸ ਦੇ ਪ੍ਰੋਜੈਕਟ ਨਾਲ ਪ੍ਰਭਾਵਿਤ ਇੱਕ ਸੰਵੇਦਨਸ਼ੀਲ ਸਮੂਹ ਬਣਾਉਂਦੇ ਹਨ| ਮੌਜੂਦਾ ਅਧਿਐਨ ਨੇ ਪ੍ਰੋਜੈਕਟ ਦੁਆਰਾ ਬੀ.ਪੀ.ਐਲ. ਪਰਿਵਾਰ ਦੀ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ| ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਵਿਚ ਕੋਈ ਵੀ ਪਰਿਵਾਰ ਗ਼ਰੀਬੀ ਰੇਖਾ ਤੋਂ ਨੀਚੇ (ਬੀ.ਪੀ. ਐਲ ਪਰਿਵਾਰ) ਨਹੀਂ ਸੀ|

6.3. ਔਰਤਾਂ ਦੀ ਅਗਵਾਈ ਵਾਲੇ ਘਰ: ਔਰਤਾਂ ਦੀ ਅਗਵਾਈ ਵਾਲੇ ਪਰਿਵਾਰ ਉਹ ਹਨ ਜਿਨ੍ਹਾਂ ਵਿਚ ਇਕ ਔਰਤ ਘਰ ਦੀ ਤਰਫ਼ੋਂ ਮੁੱਖ ਫ਼ੈਸਲੇ ਲੈਂਦੀ ਹੈ ਅਤੇ ਘਰ ਦੇ ਮਾਮਲਿਆਂ ਦੇ ਪ੍ਰਬੰਧਨ ਲਈ ਮੁੱਖ ਜ਼ਿੰਮੇਵਾਰ ਹੈ| ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਵਿਚ ਕੋਈ ਵੀ ਘਰ ਔਰਤਾਂ ਦੀ ਅਗਵਾਈ ਵਾਲੇ ਨਹੀਂ ਸਨ|

6.4. ਨਜਾਇਜ਼ ਅਤੇ ਹੋਰ ਗੈਰ ਕਾਨੂੰਨੀ ਵਸਨੀਕ: ਪ੍ਰੋਜੈਕਟ ਪ੍ਰਭਾਵਿਤ ਖੇਤਰ ਵਿੱਚ ਕੋਈ ਵੀ ਗੈਰ ਕਾਨੂੰਨੀ ਢੰਗ ਨਾਲ ਆਵਾਸ ਕਰਨ ਵਾਲੇ ਅਤੇ ਘੁਸਪੈਠੀਏ ਨਹੀਂ ਸਨ| ਬਿਨਾਂ ਇਜਾਜ਼ਤ ਦੇ ਜ਼ਮੀਨਾਂ 'ਤੇ ਨਜਾਇਜ਼ ਕਬਜ਼ਿਆਂ ਦਾ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਸੀ|

6.5. ਪਰਿਵਾਰ ਦਾ ਅਪਾਹਜ ਮੁਖੀ: ਅਪਾਹਜਤਾ ਵਿਅਕਤੀ ਨੂੰ ਕਾਰਜਾਤਮਕ ਤੌਰ ਤੇ ਲਾਭਕਾਰੀ ਜੀਵਨ ਜਿਊਣ ਤੇ ਰੋਕ ਲਾਉਂਦੀ ਹੈ ਅਤੇ ਆਰਥਿਕ ਅਤੇ ਸਮਾਜਿਕ ਵਿਕਾਸ ਵਿਚ ਰੁਕਾਵਟ ਪਾਉਂਦੀ ਹੈ| ਅਪਾਹਜਤਾ ਵਾਲੇ ਲੋਕ, ਉਨ੍ਹਾਂ ਦੇ ਪਰਿਵਾਰ ਅਤੇ ਇਸ ਸਮੁਦਾਏ ਦੇ ਲੋਕਾਂ ਦੀਆਂ ਜ਼ਿੰਦਗੀਆਂ ਤੇ ਵਿਕਾਸ ਪ੍ਰੋਜੈਕਟ ਦੇ ਪ੍ਰਭਾਵ ਨੂੰ ਸਮਝਣ ਲਈ ਅਪਾਹਜ ਮੁਖੀ ਪਰਿਵਾਰ ਦੀ ਸ਼ਨਾਖਤ ਦੀ ਕੋਸ਼ਿਸ਼ ਕੀਤੀ ਗਈ ਸੀ| ਦੋਵੇਂ ਪਿੰਡਾਂ ਵਿਚ ਪਰਿਵਾਰ ਦਾ ਮੁਖੀ ਅਪਾਹਜ ਹੋਣ ਦਾ ਕੋਈ ਕੇਸ ਨਹੀਂ ਸੀ|

6.6 ਸਹਾਇਤਾ ਤੋਂ ਬਿਨਾਂ ਬਜ਼ੁਰਗ: ਬਜ਼ੁਰਗਾਂ ਨੂੰ ਕੁਦਰਤੀ ਤੋਰ ਤੇ ਸਿਹਤ ਦੇ ਖਤਰਿਆਂ ਅਤੇ ਨਿਊਨਤਮ ਸਮਾਜਿਕ ਸਮਰਥਨ ਕਾਰਨ ਆਮ ਤੌਰ ਤੇ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ| ਪਿੰਡ ਡੱਡੂ ਮਾਜਰਾ ਦੇ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਵਿਚ 17 ਬਜ਼ੁਰਗ (ਉਮਰ 65 ਸਾਲ ਜਾਂ ਵੱਧ) ਸੀ | ਜਿਸ ਵਿਚੋਂ 15 ਪੁਰਸ਼ ਸਨ ਅਤੇ 3 ਔਰਤਾਂ ਸਨ| ਇਹਨਾਂ ਦੀ ਔਸਤ ਉਮਰ 75 ਸਾਲ ਸੀ|

ਪਿੰਡ ਧਨਾਸ ਦੇ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਵਿਚ 4 ਬਜ਼ੁਰਗ ਸਨ (ਸਾਰੇ ਪੁਰਸ਼)| ਇਹਨਾਂ ਦੀ ਔਸਤ ਉਮਰ 73.5 ਸਾਲ ਸੀ| ਦੋਵੇਂ ਪਿੰਡਾਂ ਵਿਚ ਕੋਈ ਵੀ ਸਹਾਇਤਾ ਤੋਂ ਬਿਨਾਂ ਬਜ਼ੁਰਗ ਨਹੀਂ ਸਨ|

6.7. ਬੇਸਹਾਰਾ ਬੱਚਿਆਂ ਦਾ ਸਮੂਹ: ਬਿਨਾਂ ਵਿਹਾਰਕ ਅਤੇ ਭਾਵਨਾਤਮਕ ਸਹਾਇਤਾ ਵਾਲੇ ਬੱਚੇ, ਆਪਣੀ ਉਮਰ ਦੇ ਨੌਜਵਾਨ ਬੱਚੇ ਦੇ ਮੁਕਾਬਲੇ ਵਿੱਚ ਇੱਕ ਸੰਵੇਦਨਸ਼ੀਲ ਸਮੂਹ ਬਣਾਉਂਦੇ ਹਨ| ਪ੍ਰੋਜੈਕਟ ਪ੍ਰਭਾਵਿਤ ਖੇਤਰ ਵਿੱਚ ਸਹਾਇਤਾ ਤੋਂ ਬਿਨਾਂ ਕੋਈ ਵੀ ਬੱਚੇ ਨਹੀਂ ਸਨ| 6.8. ਅਨੁਸੂਚਿਤ ਜਾਤੀ/ ਅਨੁਸੂਚਿਤ ਜਨਜਾਤੀ: ਭਾਰਤ ਵਿਚ, ਜਾਤ ਪ੍ਰਣਾਲੀ ਕੁਦਰਤੀ ਸਰੋਤਾਂ, ਆਵਾਸੀ ਸੰਸਾਧਨਾਂ ਅਤੇ ਜ਼ਮੀਨ ਅਰਥਵਿਵਸਥਾ ਅਤੇ ਜ਼ਮੀਨ ਅਧਾਰਤ

ਅਧਿਕਾਰ ਨਾਲ ਵੀ ਜੁੜੀ ਹੋਈ ਹੈ| ਅਨੁਸੂਚਿਤ ਜਾਤੀ ਦੇ ਰੂਪ ਵਿੱਚ ਸੰਵੇਦਨਸ਼ੀਲ ਸਮੂਹ ਦੀ ਪਛਾਣ ਕੀਤੀ ਗਈ ਸੀ ਤਾਂ ਕਿ ਵਿਕਾਸ ਪ੍ਰੋਜੈਕਟ ਦੇ ਉਹਨਾਂ ਦੀ ਰੋਜ਼ੀ-ਰੋਟੀ ਅਤੇ ਸਮਾਜਿਕ ਦਰਜਾਬੰਦੀ ਦੇ ਪ੍ਰਭਾਵ ਨੂੰ ਸਮਝਿਆ ਜਾ ਸਕੇ| ਦੋਵੇਂ ਪਿੰਡਾਂ ਵਿਚ ਕੋਈ ਵੀ ਪ੍ਰੋਜੈਕਟ ਪ੍ਰਭਾਵਿਤ ਪਰਿਵਾਰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਨਾਲ ਸੰਬੰਧਿਤ ਨਹੀਂ ਸਨ|

ਸਾਰਣੀ 6.2: ਔਰਤਾਂ ਦੀ ਅਗਵਾਈ ਵਾਲੇ ਘਰ, ਗਰੀਬੀ ਰੇਖਾ ਤੋਂ ਹੇਠਲੇ , ਜੀਵਨੀ ਸੰਪਤੀਆਂ/ ਰੋਜ਼ਗਾਰ ਦੇ ਨੁਕਸਾਨ ਦੇ ਨਤੀਜੇ ਵਜੋਂ ਬੀ.ਪੀ.ਐਲ., ਪਰਿਵਾਰ ਦਾ ਅਪਾਹਜ ਮੁਖੀ, ਅਨੁਸੂਚਿਤ ਜਾਤੀ ਅਤੇ ਹੋਰ ਦੇ ਅਨੁਸਾਰ ਦੋਵੇਂ ਪਿੰਡਾਂ ਵਿਚ ਉੱਤਰਦਾਤਾਵਾਂ ਦੀ ਵੰਡ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਸੰਵੇਦਨਸ਼ੀਲ ਸਮੂਹਾਂ ਦੀ ਵੰਡ ਨ (%)* | | | | | ਕੁੱਲ |
|---|---|---|---|---|---|---|---|
| | | ਗਰੀਬੀ ਰੇਖਾ ਤੋਂ ਹੇਠਾਂ ਪਰਿਵਾਰ (ਬੀ.ਪੀ.ਐਲ.) | ਜੀਵਨੀ ਸੰਪਤੀਆਂ/ ਰੋਜ਼ਗਾਰ ਦੇ ਨੁਕਸਾਨ ਦੇ ਨਤੀਜੇ ਵਜੋਂ ਬੀ.ਪੀ.ਐਲ. | ਔਰਤਾਂ ਦੀ ਅਗਵਾਈ ਵਾਲੇ ਘਰ | ਅਨੁਸੂਚਿਤ ਜਾਤੀ | ਹੋਰ (ਗੈਰ-ਸੰਵੇਦਨਸ਼ੀਲ ) | |
| 1 | ਡੱਡੂ ਮਾਜਰਾ | 0 (0.00)<br>(0.00) | 0 (0.00)<br>(0.00) | 0 (0.00)<br>(0.00) | 0 (0.00)<br>(0.00) | 67(100)<br>(100) | 67 (100)<br>(84.37) |
| 2 | ਧਨਾਸ | 0(0.00)<br>(0.00) | 0(0.00)<br>(0.00) | 0(0.00)<br>(0.00) | 00.00)<br>(0.00) | 14 (100)<br>(100) | 14 (100)<br>(15.62) |
| ਕੁੱਲ | | 0 (0.00)<br>(0.00) | 0 (0.00)<br>(0.00) | 0 (0.00)<br>(0.00) | 0 (0.00)<br>(0.00) | 81 (100)<br>(100) | 81 (100)<br>(100) |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਹੈ|

ਦੋਵੇਂ ਪਿੰਡਾਂ ਵਿਚ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਵਿਚ ਕੋਈ ਵੀ ਗ਼ਰੀਬੀ ਰੇਖਾ ਤੋਂ ਨੀਚੇ (ਬੀ.ਪੀ. ਐਲ ਪਰਿਵਾਰ) ਨਹੀਂ ਸੀ ਅਤੇ ਕੋਈ ਵੀ ਘਰ ਔਰਤਾਂ ਦੀ ਅਗਵਾਈ ਵਾਲੇ ਨਹੀਂ ਸਨ|

6.9 ਜ਼ਮੀਨਹੀਣ, ਬੇਰੋਜ਼ਗਾਰ ਅਤੇ ਬੇਘਰ ਲੋਕ:

ਜ਼ਮੀਨ, ਨੌਕਰੀ ਅਤੇ ਘਰ ਦੇ ਨੁਕਸਾਨ ਦੇ ਨਤੀਜੇ ਵਜੋਂ ਪਰਿਵਾਰਾਂ ਦੀ ਉਤਪਾਦਕ ਪ੍ਰਣਾਲੀ ਦਾ ਬੁਨਿਆਦੀ ਢਾਂਚਾ ਖਤਮ ਹੋ ਜਾਂਦਾ ਹੈ ਅਤੇ ਪਰਿਵਾਰ ਅਸੁਰੱਖਿਤ ਹੁੰਦਾ ਹੈ| ਪਛਾਣੇ ਗਏ ਪਰਿਵਾਰਾਂ ਵਿਚ, ਬਹੁਤੇ ਪਰਿਵਾਰ ਪੂਰੀ ਤਰ੍ਹਾਂ ਅਨਾਜ ਲਈ ਪ੍ਰਭਾਵਿਤ ਜ਼ਮੀਨ 'ਤੇ ਨਿਰਭਰ ਕਰਦੇ ਸਨ ਅਤੇ ਇਸ ਲਈ ਉਹ ਆਪਣੀ ਰੋਜ਼ੀ-ਰੋਟੀ ਦਾ ਮੁਢਲਾ ਸਰੋਤ ਗੁਆ ਰਹੇ ਸਨ|

ਸਬੰਧਿਤ ਪ੍ਰੋਜੈਕਟ ਪ੍ਰਭਾਵਿਤ ਖੇਤਰ ਵਿਚ ਕੋਈ ਢਾਂਚਾਗਤ ਇਮਾਰਤ ਨਹੀਂ ਸੀ|

ਸਾਰਣੀ 6.3: ਦੋਵੇਂ ਪਿੰਡਾਂ ਦੇ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਜੀਵਨ ਤੇ ਪ੍ਰੋਜੈਕਟ ਦਾ ਆਰਥਿਕ ਅਸਰ

| ਕ੍ਰਮ ਸੰਖਿਆ | ਪ੍ਰੋਜੈਕਟ ਪ੍ਰਭਾਵਿਤ ਪਿੰਡ | ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਜੀਵਨ ਤੇ ਪ੍ਰੋਜੈਕਟ ਦਾ ਆਰਥਿਕ ਅਸਰ ਨ (%)* | | | | ਕੁੱਲ |
|---|---|---|---|---|---|---|
| | | ਸਕਾਰਾਤਮਕ | ਨਕਾਰਾਤਮਕ | ਕੋਈ ਪ੍ਰਭਾਵ ਨਹੀਂ | ਜਵਾਬ ਨਹੀਂ ਦਿੱਤਾ ਗਿਆ | |
| 1 | ਡੱਬੂ ਮਾਜਰਾ | 0 (0.00) (0.00) | 34 (50.8) (76.31) | 0 (0.00) (0.00) | 33 (48.38) (85.71) | 67 (100) (82.8) |
| 2 | ਧਨਾਸ | 0 (0.00) (0.00) | 9 (64.3) (23.68) | 0 (0.00) (0.00) | 5 (35.8) (14.28) | 14 (100) (17.2) |
| ਕੁੱਲ | | 0 (0.00) (0.00) | 43 (53.1) (100) | 0 (0.00) (0.00) | 38 (46.9) (100) | 81 (100) (100) |

* ਉਪਰਲੇ ਬਰੈਕਟ ਪਿੰਡ ਦੇ ਅੰਦਰ ਪ੍ਰਤੀਸ਼ਤਤਾ ਦਿਖਾਉਂਦਾ ਹੈ ** ਹੇਠਲੇ ਬਰੈਕਟ ਇੱਕੋ ਪ੍ਰਤੀਕਿਰਿਆ ਸਮੂਹ ਦੇ ਅੰਦਰ ਪ੍ਰਤੀਸ਼ਤਤਾ ਹੈ|

ਸਾਰਣੀ 6.3 ਅਨੁਸਾਰ ਪਿੰਡ ਡੱਬੂ ਮਾਜਰਾ ਦੇ ਉੱਤਰਦਾਤਾਵਾਂ ਵਿਚ ਕੋਈ ਵੀ ਉੱਤਰਦਾਤਾ ਪ੍ਰੋਜੈਕਟ ਦੇ ਆਰਥਿਕ ਜੀਵਨ ਤੇ ਪ੍ਰਭਾਵਾਂ ਤੋਂ ਖੁਸ਼ ਨਹੀਂ ਸਨ| ਇਹ ਦੇਖਿਆ ਗਿਆ ਸੀ ਕਿ 50.8% ਨੇ ਕਿਹਾ ਕਿ ਇਸਦਾ

ਆਮਦਨ ਤੇ  ਨਕਾਰਾਤਮਕ ਅਸਰ ਹੋਵੇਗਾ ਜਦਕਿ 49.2% ਨੇ ਕੁਝ ਨਹੀਂ ਦੱਸਿਆ| ਇਸੇ ਤਰਾਂ ਪਿੰਡ ਧਨਾਸ ਦੇ ਉੱਤਰਦਾਤਾਵਾਂ ਵਿਚ ਕੋਈ ਵੀ ਉੱਤਰਦਾਤਾ ਪ੍ਰੋਜੈਕਟ ਦੇ ਆਰਥਿਕ ਜੀਵਨ ਤੇ ਪ੍ਰਭਾਵਾਂ ਤੋਂ ਖੁਸ਼ ਨਹੀਂ ਸਨ| 64.3% ਨੇ ਕਿਹਾ ਕਿ ਇਸਦਾ ਆਮਦਨ ਤੇ ਨਕਾਰਾਤਮਕ ਅਸਰ ਹੋਵੇਗਾ ਜਦਕਿ 35.8% ਉੱਤਰਦਾਤਾਵਾਂ ਨੇ ਕੁਝ ਨਹੀਂ ਦੱਸਿਆ|

6.10 ਔਰਤਾਂ ਇਕ ਕਮਜ਼ੋਰ ਸਮੂਹ ਦੀ ਤਰਾਂ: ਸਾਧਨਾਂ ਦੀ ਘਾਟ, ਉੱਚ ਤਨਖਾਹ ਦੀ ਅਸਮਾਨਤਾ ਅਤੇ ਔਰਤਾਂ ਅਤੇ ਪੁਰੁਸ਼ਾਂ ਦੇ ਕਮਾਂ ਦੀ ਵੰਡ ਵਿਚ ਅਸਮਾਨਤਾ, ਬੱਚਿਆਂ ਦੀ ਦੇਖਭਾਲ ਲਈ ਜ਼ਿੰਮੇਵਾਰੀ, ਅਤੇ ਬੁਨਿਆਦੀ ਸੇਵਾਵਾਂ ਤੋਂ ਬਾਹਰ ਹੋਣ ਕਾਰਨ ਔਰਤਾਂ ਨੂੰ ਪੁਰੁਸ਼ਾਂ ਨਾਲੋਂ ਅਨੁਪਾਤਕ ਤੌਰ ਤੇ ਸੰਵੇਦਨਸ਼ੀਲ  ਮੰਨਿਆ ਜਾਂਦਾ ਹੈ| ਦੋਵਾਂ ਪਿੰਡਾਂ ਵਿਚ, ਜਨਮ ਦੇਣ ਵਿਚ ਅਸਫਲ ਔਰਤ ਪ੍ਰਤੀ ਕੋਈ ਗਲਤ ਵਿਸ਼ਵਾਸ ਨਹੀਂ ਸੀ|ਲੜਕੇ ਅਤੇ ਲੜਕੀਆਂ ਨੂੰ  ਸਿੱਖਿਆ ਦੇਣ ਵਿਚ ਕੋਈ ਫਰਕ ਨਹੀਂ ਸੀ| ਬੱਚੇ ਦੇ ਜਨਮ ਤੋਂ ਬਾਅਦ ਮਾਂ ਨੂੰ  ਭੋਜਨ ਤੇ ਕੋਈ ਖਾਸ ਪਾਬੰਦੀ ਦੀ ਜਾਣਕਾਰੀ ਨਹੀਂ ਮਿਲੀ|

ਇਸ ਅਧਿਆਇ ਵਿੱਚ, ਪ੍ਰੋਜੈਕਟ ਪ੍ਰਭਾਵਿਤ ਖੇਤਰ ਅਤੇ ਪਰਿਵਾਰਾਂ ਦੇ ਸੰਵੇਦਨਸ਼ੀਲ  ਵਰਗਾਂ ਤੇ ਵਿਕਾਸ ਪ੍ਰੋਜੈਕਟ ਦੇ ਪ੍ਰਭਾਵ ਨੂੰ ਵਿਆਪਕ ਰੂਪ ਵਿੱਚ ਪਤਾ ਕੀਤਾ ਗਿਆ ਸੀ| ਇਸ ਨੇ ਉਨ੍ਹਾਂ ਖਤਰਿਆਂ (ਜਿਵੇਂ ਕਿ ਬੇਰੋਜ਼ਗਾਰੀ, ਬੇਘਰਤਾ, ਸਾਂਝੀ ਸੰਪਤੀ/ਜਾਇਦਾਦ ਤੱਕ ਪਹੁੰਚ ਦੀ ਘਾਟ ਆਦਿ) ਨੂੰ ਧਿਆਨ ਵਿਚ ਰੱਖਿਆ, ਜੋ ਸੰਵੇਦਨਸ਼ੀਲ ਸਮੂਹ- ਔਰਤ, ਬਜ਼ੁਰਗ, ਅਪਾਹਜ ਅਤੇ ਬੇਸਹਾਰਾ ਬੱਚੇ ਸਾਹਮਣਾ ਕਰ ਰਹੇ ਸਨ| ਦੋਹਾਂ ਪਿੰਡਾਂ ਵਿਚ ਸੰਵੇਦਨਸ਼ੀਲ ਜਨਸੰਖਿਆ ਨੂੰ  ਕੋਈ ਖ਼ਤਰਾ ਨਹੀਂ ਦੱਸਿਆ ਗਿਆ ਸੀ|

ਅਗਾਮੀ ਅਧਿਆਇ ਵਿੱਚ, ਪ੍ਰੋਜੈਕਟ ਪ੍ਰਭਾਵਿਤ ਪਿੰਡਾਂ ਵਿੱਚ ਪ੍ਰਸ਼ਾਸਕੀ ਢਾਂਚੇ ਦੀ ਭੂਮਿਕਾ, ਜਿਵੇਂ ਕਿ ਪੰਚਾਇਤ / ਪਰੰਪਰਾਗਤ ਕੌਂਸਲ ਅਤੇ ਗੈਰ-ਸਰਕਾਰੀ ਸੰਸਥਾਵਾਂ, ਦੀ ਜਾਂਚ ਕੀਤੀ ਜਾਵੇਗੀ|

# ਅਧਿਆਇ -7

## ਸਥਾਨਕ ਪ੍ਰਸ਼ਾਸਨ

ਚੰਡੀਗੜ੍ਹ ਦਾ ਖੇਤਰਫਲ ਲਗਭਗ 114 ਵਰਗ ਕਿਲੋਮੀਟਰ ਹੈ | ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਰਾਜ ਦੀਆਂ ਹੱਦਾਂ ਇਸ ਦੇ ਨਾਲ ਲੱਗਦੀਆਂ ਹਨ।ਇਸ ਸ਼ਹਿਰ ਦਾ ਪ੍ਰਬੰਧ ਸ਼ਹਿਰੀ ਪ੍ਰਸ਼ਾਸਨ ਅਤੇ ਮਿਉਂਸਪਲ ਕਾਰਪੋਰੇਸ਼ਨ ਚੰਡੀਗੜ੍ਹ (ਐਮ.ਸੀ.ਸੀ) ਦੁਆਰਾ ਕੀਤਾ ਜਾਂਦਾ ਹੈ, ਜੋ ਇਸ ਵੇਲੇ 26 ਵਾਰਡਾਂ ਵਿਚ ਵੰਡਿਆ ਹੋਇਆ ਹੈ।

ਸੰਨ 1952 ਤੋਂ 1966 ਤੱਕ (ਜਦੋ ਹਰਿਆਣਾ ਰਾਜ ਪੰਜਾਬ ਤੋਂ ਵੱਖ ਬਣਾ ਦਿੱਤਾ ਗਿਆ ਸੀ) ਚੰਡੀਗੜ ਪੰਜਾਬ ਦੀ ਰਾਜਧਾਨੀ ਸੀ। ਸ਼ਹਿਰ ਦੇ ਨਾਗਰਿਕਾਂ ਨੂੰ ਰਾਜ ਦੇ ਵਿਧਾਨ ਸਭਾ ਵਿੱਚ ਨੁਮਾਇੰਦਗੀ/ਨਾਗਰਿਕਤਾ ਦਿੱਤੀ ਜਾਂਦੀ ਸੀ ਅਤੇ ਮੁੱਖ ਕਮਿਸ਼ਨਰ ਇਸ ਸ਼ਹਿਰ ਦੀ ਅਗਵਾਈ ਕਰ ਰਹੇ ਸਨ| ਇਸ ਮੁੱਦੇ ਦੇ ਚੱਲਦਿਆਂ ,ਕੇਂਦਰ ਸਰਕਾਰ ਨੇ 1 ਨਵੰਬਰ, 1966 ਤੋਂ ਪੰਜਾਬ ਰੀ-ਆਰਗੇਨਾਈਜੇਸ਼ਨ ਐਕਟ, 1966 ਦੇ ਸੈਕਸ਼ਨ 4 ਅਧੀਨ,ਚੰਡੀਗੜ੍ਹ ਨੂੰ ਪੂਰਨ ਤੌਰ ਤੇ ਕੇਂਦਰ ਸਰਕਾਰ ਦੇ ਅਧੀਨ ਕੰਮ ਕਰਨ ਵਾਲੀ ਯੂ.ਟੀ ਵਜੋਂ ਸਥਾਪਿਤ ਕੀਤਾ।ਇਸ ਐਕਟ ਦੇ ਉਪਬੰਧਾਂ/ਨਿਯਮਾਂ ਦੇ ਤਹਿਤ, 1 ਨਵੰਬਰ 1966 ਤੋਂ ਪਹਿਲਾਂ ਪੰਜਾਬ ਰਾਜ ਵਿੱਚ ਲਾਗੂ ਪੁਰਾਣੇ ਕਾਨੂੰਨ ਹੀ, ਯੂ.ਟੀ ਚੰਡੀਗੜ੍ਹ ਤੇ ਲਾਗੂ ਹੋਣਗੇ।

"ਮੁੱਖ ਕਮਿਸ਼ਨਰ" ਵਜੋਂ ਨਿਯੁਕਤ ਯੂ.ਟੀ ਦੇ ਪ੍ਰਸ਼ਾਸਕ ਦੀ ਨਿਯੁਕਤੀ ਦੀ ਪ੍ਰਕਿਰਿਆ 31 ਮਈ, 1984 ਤੱਕ ਜਾਰੀ ਰਹੀ ।ਇਸ ਤੋਂ ਬਾਅਦ 1 ਜੂਨ 1984 ਨੂੰ ਪੰਜਾਬ ਦੇ ਗਵਰਨਰ/ ਰਾਜਪਾਲ ਨੇ ਯੂ.ਟੀ ਪ੍ਰਸ਼ਾਸਨ ਨੂੰ ਪ੍ਰਸ਼ਾਸਕ ਦੇ ਤੌਰ ਤੇ ਆਪਣੇ ਅਧੀਨ ਕਰ ਲਿਆ|"ਚੀਫ ਕਮਿਸ਼ਨਰ" ਨੂੰ "ਪ੍ਰਸ਼ਾਸਕ ਦੇ ਸਲਾਹਕਾਰ" ਵਜੋਂ ਦੁਬਾਰਾ ਅਹੁਦਾ ਦਿੱਤਾ ਗਿਆ। ਜੂਨ 1984 ਤੋਂ ਲੈ ਕੇ ਹੁਣ ਤੱਕ, ਪੰਜਾਬ ਦੇ ਰਾਜਪਾਲ, ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਕੰਮ ਕਰ ਰਹੇ ਹਨ।ਚੰਡੀਗੜ੍ਹ ਵਿਚ ਵਿਧਾਨ ਸਭਾ ਚੋਣਾਂ ਨਹੀਂ ਹੁੰਦੀਆਂ ਅਤੇ ਇਹ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ।ਹਾਲਾਂਕਿ,ਹਰ ਪੰਜ ਸਾਲ ਬਾਅਦ ਆਯੋਜਿਤ ਆਮ ਚੋਣਾਂ ਲਈ ਸੰਸਦ ਮੈਂਬਰ ਦੀ

ਇਕ ਸੀਟ ਦੀ ਚੋਣ ਲੜੀ ਜਾਂਦੀ ਹੈ।ਸ਼੍ਰੀ ਵੀ.ਪੀ. ਸਿੰਘ ਬਦਨੋਰ ਚੰਡੀਗੜ ਦੇ ਪ੍ਰਸ਼ਾਸਕ ਹਨ। ਸ਼੍ਰੀ ਦਿਵੇਸ਼ ਮੁਦਗਿਲ ਚੰਡੀਗੜ ਦੇ ਮੇਅਰ ਅਤੇ ਸ਼੍ਰੀ. ਕਮਲ ਕਿਸ਼ੋਰ ਯਾਦਵ, (ਆਈ.ਏ.ਐਸ.) ਮੌਜੂਦਾ ਸਮੇ ਤੇ ਮਿਉਂਸੀਪਲ ਕਾਰਪੋਰੇਸ਼ਨ ਚੰਡੀਗੜ ਦੇ ਕਮਿਸ਼ਨਰ ਹਨ। (http://mcchandigarh.gov.in/)

## 7.1. ਪ੍ਰਸ਼ਾਸਕੀ ਢਾਂਚਾ - ਪਿੰਡ ਡੱਡੂ ਮਾਜਰਾ

ਮਿਉਂਸਪਲ ਕਾਰਪੋਰੇਸ਼ਨ ਚੰਡੀਗੜ (ਐਮ.ਸੀ.ਸੀ),ਚੰਡੀਗੜ੍ਹ ਮਿਉਂਸਪਲ ਕਾਰਪੋਰੇਸ਼ਨ ਦੇ ਨਾਂ ਨਾਲ ਵੀ ਜਾਣੀ ਜਾਂਦੀ ਹੈ। ਇਹ ਇਕ ਸੰਸਥਾ ਹੈ ਜੋ ਯੋਜਨਾਬੱਧ ਸ਼ਹਿਰ ਚੰਡੀਗੜ੍ਹ ਦਾ ਪ੍ਰਬੰਧ ਸੰਭਾਲਦੀ ਹੈ। ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਦੇ ਨਾਮ ਨਾਲ ਜਾਣਿਆ ਵਾਲਾ ਆਰਡੀਨੈਂਸ ਜੋ ਕਿ ਪੰਜਾਬ ਮਿਊਂਸੀਪਲ ਕਾਰਪੋਰੇਸ਼ਨ ਲਾਅ ਆਰਡੀਨੈਂਸ, 1994 ਦੁਆਰਾ ਯੂ.ਟੀ ਚੰਡੀਗੜ੍ਹ ਤੱਕ ਵਿਸਥਾਰਿਤ ਕੀਤਾ ਗਿਆ ਅਤੇ ਭਾਰਤ ਦੇ ਰਾਸ਼ਟਰਪਤੀ ਦੁਆਰਾ 24 ਮਈ 1994 ਤੋਂ ਲਾਗੂ ਕੀਤਾ ਗਿਆ ਅਤੇ ਮਿਊਂਸਪਲ ਕਾਰਪੋਰੇਸ਼ਨ ਚੰਡੀਗੜ੍ਹ ਭਾਵ ਚੰਡੀਗੜ੍ਹ ਨਗਰ ਨਿਗਮ ਹੋਂਦ ਵਿਚ ਆਇਆ।

ਨਗਰ ਨਿਗਮ ਦਾ ਚੋਣ ਦਿੱਲੀ ਮਿਉਂਸਪਲ ਕਾਰਪੋਰੇਸ਼ਨ ਐਕਟ 1957 ਦੀ ਧਾਰਾ 7 ਅਧੀਨ ਨਿਯੁਕਤ ਚੋਣ ਕਮਿਸ਼ਨ ਵਿਚ ਹੋਣਾ ਚਾਹੀਦਾ ਹੈ ਅਤੇ ਚੋਣ ਕਮਿਸ਼ਨ ਨੂੰ ਇਸ ਉਪ-ਧਾਰਾ ਦੇ ਅਧੀਨ ਦਿੱਤੇ ਕੰਮਾਂ ਲਈ ਜ਼ਿੰਮੇਵਾਰ ਮੰਨਿਆ ਜਾਵੇਗਾ।

ਕਾਰਪੋਰੇਸ਼ਨ ਵਿਚ ਹੇਠਾਂ ਦਿੱਤੇ ਮੈਂਬਰ ਸ਼ਾਮਿਲ ਹੋਣੇ ਚਾਹੀਦੇ ਹਨ:

1. ਵਰਦਾਨ ਦੀ ਪ੍ਰਤੀਨਿਧਤਾ ਕਰਨ ਲਈ ਸਿਧੇ ਤੌਰ ਤੇ ਚੁਣੇ ਜਾਣ ਵਾਲੇ ਮੈਂਬਰ

2.ਪ੍ਰਸ਼ਾਸਕ ਦੁਆਰਾ ਨਾਮਜ਼ਦ ਕੀਤੇ ਜਾ ਰਹੇ ਵੋਟਿੰਗ ਅਧਿਕਾਰਾਂ ਵਾਲੇ ਨੌਂ ਮੈਂਬਰਾਂ, ਜਿਹੜੇ ਵਿਅਕਤੀਗਤ ਮਾਮਲਿਆਂ ਵਿੱਚ ਪ੍ਰਸਿੱਧ ਹਨ ਜਾਂ ਜਿਨ੍ਹਾਂ ਕੋਲ ਨਗਰਪਾਲਿਕਾ ਪ੍ਰਸ਼ਾਸਨ ਦੇ ਸਬੰਧ ਵਿੱਚ ਵਿਸ਼ੇਸ਼ ਗਿਆਨ ਜਾਂ ਵਿਹਾਰਕ ਤਜਰਬਾ ਹੋਵੇ|

3.ਲੋਕ ਸਭਾ ਦਾ ਅਜਿਹਾ ਮੈਂਬਰ ਜਿਸ ਨੂੰ ਵੋਟ ਪਾਉਣ ਦਾ ਅਧਿਕਾਰ ਹੋਵੇ ਅਤੇ ਜੋ ਅਜਿਹੇ ਚੋਣ ਖੇਤਰ ਦੀ ਨੁਮਾਇੰਦਗੀ ਕਰਦਾ ਹੈ ਜਿਸ ਖੇਤਰ ਵਿਚ ਖੇਤਰ ਪੂਰਨ ਜਾਂ ਅੰਸ਼ਕ ਤੌਰ ਤੇ ਸ਼ਾਮਿਲ ਹੋਵੇ।

ਕਾਰਪੋਰੇਸ਼ਨ, ਜਿੰਨੀ ਦੇਰ ਤਕ ਭੰਗ ਨਹੀਂ ਹੋ ਜਾਂਦਾ, ਉਹ ਆਪਣੀ ਪਹਿਲੀ ਮੀਟਿੰਗ ਲਈ ਨਿਯੁਕਤ ਕੀਤੇ ਗਈ ਮਿਤੀ ਤੋਂ ਪੰਜ ਸਾਲ ਤਕ ਜਾਰੀ ਰਹਿੰਦੀ ਹੈ। ਪਿੰਡ ਡੱਡੂ ਮਾਜਰਾ, ਚੰਡੀਗੜ੍ਹ ਦੇ ਸ਼ਹਿਰੀ ਸੰਗ੍ਰਹਿ ਵਜੋਂ  ਵਾਰਡ ਨੰਬਰ 6 ਦੇ ਅਧੀਨ ਆਉਂਦਾ ਹੈ ਅਤੇ ਸ਼੍ਰੀਮਤੀ ਫਰਮਿਲਾ ਇਸ ਵਾਰਡ ਦੇ ਕੌਂਸਲਰ ਹਨ।




**ਨਕਸ਼ਾ 7.1: ਨਗਰ ਨਿਗਮ ਚੰਡੀਗੜ (ਐਮ.ਸੀ.ਸੀ) ਦਾ ਵਾਰਡ ਨਕਸ਼ਾ**

## 7.2. ਨਗਰ ਨਿਗਮ (ਮਿਉਂਸਪਲ ਕਾਰਪੋਰੇਸ਼ਨ)ਦੀ ਪ੍ਰਸ਼ਾਸਕੀ ਭੂਮਿਕਾ

ਕਾਰਪੋਰੇਸ਼ਨ ਦੀਆਂ ਜਿੰਮੇਵਾਰੀਆਂ ਵਿੱਚ ਬੁਨਿਆਦੀ ਢਾਂਚੇ ਦਾ ਪ੍ਰਬੰਧਨ ਅਤੇ ਵਿਕਾਸ ਅਤੇ ਹੋਰਜਨਤਕ ਸਹੂਲਤਾਂ ਜਿਵੇ ਕਿ ਸੜਕਾਂ, ਪਾਣੀ ਦੀ ਸਪਲਾਈ, ਨਿਕਾਸ ਦੇ ਸਾਧਨ, ਨਾਲੇ, ਪਾਰਕਾਂ, ਮਨੋਰੰਜਨ ਕੇਂਦਰ, ਬਾਜ਼ਾਰ, ਤਲਾਅ, ਸ਼ਮਸ਼ਾਨ ਘਾਟ, ਆਵਾਜਾਈ ਕੇਂਦਰ  ਅਤੇ ਜਨਤਕ ਸਫਾਈ ਸਹੂਲਤਾਂ  ਆਦਿ ਦਾ ਪ੍ਰਬੰਧਨ ਅਤੇ ਵਿਕਾਸ ਸ਼ਾਮਲ ਹਨ|

ਸ਼ਹਿਰ ਵਿੱਚ ਸਿਹਤ ਅਤੇ ਸਵੱਛਤਾ ਕਾਰਪੋਰੇਸ਼ਨ ਦੀ ਜਿੰਮੇਵਾਰੀ ਹੈ।"ਮਿਉਂਸਪਲ ਸੌਲਿਡ ਵੇਸਟ (ਮੈਨੇਜਮੈਂਟ ਅਤੇ ਹੈਂਡਲਿੰਗ) ਰੂਲਜ਼, 2000" (ਨਗਰਪਾਲਿਕਾ ਠੋਸ ਕੂੜਾ ਪ੍ਰਬੰਧ ਅਤੇ ਦੇਖ -ਰੇਖ ਨਿਯਮ 2000) ਦੇ ਅਨੁਸਾਰ ਕੂੜਾ-ਕਰਕਟ ਲਈ ਡੰਪਿੰਗ ਗਰਾਉਂਡ ਭਾਵ ਕੂੜਾ ਸੁੱਟਣ ਵਾਲੀ ਥਾਂ ਦੀ ਸਹੀ ਢੰਗ ਨਾਲ ਦੇਖ -ਰੇਖ ਅਤੇ ਪ੍ਰਬੰਧ ਕੀਤਾ ਜਾਂਦਾ ਹੈ।

ਮਿਡ-ਡੇ ਮੀਲ ਸਕੀਮ, ਭਾਰਤ ਸਰਕਾਰ ਦਾ ਸਕੂਲੀ ਭੋਜਨ ਪ੍ਰੋਗਰਾਮ ਹੈ ਜੋ ਸਕੂਲ ਦੀ ਉਮਰ ਦੇ ਬੱਚਿਆਂ ਵਿਚ ਪੋਸ਼ਕ ਤੱਤਾਂ ਦੀ ਕਮੀ ਨੂੰ ਪੂਰਾ ਕਰਨ ਲਈ ਜਾਂ ਪੋਸ਼ਕ ਤੱਤਾਂ ਦੇ ਸੁਧਾਰ ਲਈ ਤਿਆਰ ਕੀਤਾ ਗਈ ਹੈ। ਇਹ ਪ੍ਰੋਗ੍ਰਾਮ ਸਕੂਲਾਂ ਵਿਚ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਕਲਾਸਾਂ ਵਿਚ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ, ਸਥਾਨਕ ਸੰਸਥਾ, ਸਿੱਖਿਆ ਗਰੰਟੀ ਸਕੀਮ ਅਤੇ ਵਿਕਲਪਿਕ ਨਵੀਨਤਾਕਾਰੀ ਸਿੱਖਿਆ ਕੇਂਦਰਾਂ, ਸਰਵ ਸਿੱਖਿਆ ਅਭਿਆਨ ਅਤੇ ਕਿਰਤ ਮੰਤਰਾਲੇ ਦੁਆਰਾ ਚਲਾਇਆ ਜਾਣ ਵਾਲਾ ਨੈਸ਼ਨਲ ਚਾਈਲਡ ਲੇਬਰ ਪ੍ਰੋਜੈਕਟ ਦੇ ਕੰਮਕਾਜੀ ਦਿਨਾਂ ਵਿਚ ਮੁਫਤ ਭੋਜਨ ਪ੍ਰਦਾਨ ਕਰਦਾ ਹੈ। ਡੱਡੂ ਮਾਜਰਾ ਪਿੰਡ ਦੇ ਵਿਚ 4 ਆਂਗਨਵਾੜੀ ਕੇਂਦਰ ਸਨ ਜੋ ਕਿ ਦੇ ਮਿਉਂਸਪਲ ਕਾਰਪੋਰੇਸ਼ਨ ਚੰਡੀਗੜ (ਐਮ.ਸੀ.ਸੀ) ਅਧੀਨ ਕੰਮ ਕਰ ਰਹੀਆਂ ਸਨ। ਇਥੇ ਮਿਡ ਡੇ ਮੀਲ ਸਕੀਮ ਦੇ ਤਹਿਤ ਬੱਚਿਆਂ ਨੂੰ ਮੁਫ਼ਤ ਭੋਜਨ ਦਿੱਤਾ ਜਾਂਦਾ ਸੀ।



**ਚਿੱਤਰ 7.1: ਪਿੰਡ ਡੱਡੂ ਮਾਜਰਾ ਦੇ ਆਂਗਨਵਾੜੀ ਵਿਚ ਮੁਫਤ ਭੋਜਨ ਦੀ ਸੇਵਾ**

ਚੰਡੀਗੜ ਪ੍ਰਸ਼ਾਸਨ ਨੇ ਚੰਡੀਗੜ ਵਿਚ ਜਨਸੰਖਿਆ ਦੇ ਵੱਖ-ਵੱਖ ਵਰਗਾਂ ਦੀ ਭਲਾਈ ਲਈ ਚੱਲ ਰਹੀਆਂ ਕਈ ਹੋਰ ਸਰਕਾਰੀ ਸਕੀਮਾਂ ਤੋਂ ਜਾਣੂ ਕਰਵਾਇਆ, ਜਿਹਨਾਂ ਦਾ ਵਰਨਣ ਹੇਠਾਂ ਦਿੱਤਾ ਗਿਆ ਹੈ: -

- **ਅਨੁਸੂਚਿਤ ਜਾਤਾਂ ਦੀ ਭਲਾਈ**

"ਆਪਣੀ ਬੇਟੀ ਆਪਣਾ ਧਨ" ਇਕ ਸਕੀਮ ਹੈ ਜੋ 1997-98 ਦੌਰਾਨ ਅਨੁਸੂਚਿਤ ਜਾਤਾਂ ਦੇ ਪਰਿਵਾਰਾਂ ਲਈ ਚਲਾਈ ਗਈ ਸੀ, ਜਿਨ੍ਹਾਂ ਦੀ ਸਾਲਾਨਾ ਆਮਦਨ 60,000 ਤੱਕ ਹੈ, ਓਹਨਾ ਦੀਆਂ ਲੜਕੀਆਂ ਦੇ ਨਾਂ 'ਤੇ ਲੜਕੀਆਂ ਦੇ ਜਨਮ' ਤੇ 5000 ਰੁਪਏ ਦੀ ਰਾਸ਼ੀ "ਚਿਲਡਰਨ ਗ੍ਰੋਥ ਫੰਡ" ਵਿਚ ਜਮ੍ਹਾ ਕੀਤੀ ਜਾਂਦੀ ਹੈ।

20,000 / -ਰੁਪਏ ਵਿੱਤੀ ਸਹਾਇਤਾ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਨਾਲ ਸਬੰਧਤ ਵਿਧਵਾਵਾਂ / ਬੇਸਹਾਰਾ ਔਰਤਾਂ ਦੀਆਂ ਲੜਕੀਆਂ ਦੇ ਵਿਆਹ ਲਈ ਮੁਹੱਈਆ ਕੀਤੀ ਜਾਂਦੀ ਹੈ ਜੋ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਹਨ|

**• ਅਪਾਹਜ ਵਿਅਕਤੀ ਨੂੰ ਪੈਨਸ਼ਨ**

ਅੰਨ੍ਹੇ, ਬੋਲ਼ੇ, ਹੱਡੀਆਂ ਨਾਲ ਸਬੰਧਿਤ ਅਪਾਹਜ ਵਿਅਕਤੀ ਜੋ 40% ਤੋਂ 70% ਅਪਾਹਜ ਹਨ ,ਨੂੰ 1000 ਰੁਪਏ ਪ੍ਰਤੀ ਮਹੀਨਾ ਅਤੇ 70% ਤੋਂ ਵੱਧ ਅਪਾਹਜ ਵਿਅਕਤੀਆਂ ਨੂੰ 2000 ਰੁਪਏ ਪ੍ਰਤੀ ਮਹੀਨਾ ਅਯੋਗ ਪੈਨਸ਼ਨ ਮਿਲ ਰਹੀ ਹੈ।

**• ਬਜ਼ੁਰਗਾਂ ਦੀ ਭਲਾਈ**

ਔਲਡ ਏਜ ਪੈਨਸ਼ਨ ਸਕੀਮ ਦੇ ਅਧੀਨ 1000 ਰੁਪਏ ਪ੍ਰਤੀ ਮਹੀਨਾ ਯੂ.ਟੀ. ਚੰਡੀਗੜ੍ਹ ਵਿਚ ਬਜ਼ੁਰਗ ਪੁਰਸ਼ ਅਤੇ ਔਰਤਾਂ ਨੂੰ ਦਿੱਤਾ ਜਾ ਰਿਹਾ ਹੈ,ਜਿਹਨਾਂ ਦੀ ਉਮਰ ਘੱਟ ਤੋਂ ਘੱਟ 60 ਸਾਲ ਹੈ।

• ਨੈਸ਼ਨਲ ਫੈਮਿਲੀ ਬੈਨੀਫਿਟ ਸਕੀਮ (ਰਾਸ਼ਟਰੀ ਪਰਿਵਾਰ ਫਾਇਦਾ ਸਕੀਮ) ਕਮਾਊ ਵਿਅਕਤੀ ਦੀ ਮੌਤ 'ਤੇ ਪਰਿਵਾਰ ਨੂੰ ਵਿੱਤੀ ਸਹਾਇਤਾ ਮੁਹਈਆ ਕਰਦੀ ਹੈ।

ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਲਈ ਪੈਨਸ਼ਨ ਲੋਕਾਂ ਦੀ ਭਲਾਈ ਲਈ ਚਲਾਈਆਂ ਜਾਣ ਵਾਲੀਆ ਕਈ ਯੋਜਨਾਵਾਂ ਦਾ ਹਿੱਸਾ ਹੈ।ਇਨ੍ਹਾਂ ਸਾਰੀਆਂ ਸਕੀਮਾਂ ਨੂੰ ਲਾਗੂ ਕਰਨਾ ਵਾਰਡ ਦੇ ਚੁਣੇ ਹੋਏ ਕੌਂਸਲਰ ਦੁਆਰਾ ਯਕੀਨੀ ਬਣਾਇਆ ਗਿਆ ਹੈ। (http://chandigarh.gov.in/dept_social.htm)

## 7.3. ਪੰਚਾਇਤੀ ਰਾਜ ਪ੍ਰਣਾਲੀ

ਪੰਜਾਬ ਗ੍ਰਾਮ ਪੰਚਾਇਤ ਐਕਟ 1992 ਦੀ ਜਗ੍ਹਾ ,ਪੰਜਾਬ ਪੰਚਾਇਤ ਰਾਜ ਐਕਟ 1994 ਬਣਾਇਆ ਗਿਆ ਜੋ ਕਿ ਗ੍ਰਾਮ ਪੰਚਾਇਤਾਂ ਅਤੇ ਪੰਜਾਬ ਪੰਚਾਇਤ ਸੰਮਤੀਆਂ ਅਤੇ ਜਿਲ੍ਹਾ ਪ੍ਰੀਸ਼ਦ ਐਕਟ,1961 ਨਾਲ ਸਬੰਧਿਤ ਸਨ। ਇਸ ਐਕਟ ਦੇ ਤਹਿਤ, ਸੰਵਿਧਾਨ (73 ਵੇਂ ਸੋਧ) ਐਕਟ, 1992 ਦੇ ਉਪਬੰਧਾਂ ਨੂੰ ਧਿਆਨ ਵਿਚ ਰੱਖਦੇ ਹੋਏ, ਪਿੰਡ, ਬਲਾਕ ਅਤੇ ਜ਼ਿਲ੍ਹਾ 'ਤੇ ਚੁਣੀ ਹੋਈ ਸੰਸਥਾਵਾਂ ਨਾਲ ਇਕ ਤਿੰਨ- ਤਹਿ ਪੰਚਾਇਤੀ ਰਾਜ ਪ੍ਰਣਾਲੀ ਦੀ ਸਥਾਪਨਾ ਪੰਜ ਸਾਲਾਂ ਦੀ ਮਿਆਦ ਲਈ ਕੀਤੀ ਗਈ ਤਾਂ ਜੋ ਲੋਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਹੋਵੇ ਅਤੇ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕੀਤਾ ਜਾ ਸਕੇ।

## 7.4. ਪ੍ਰਸ਼ਾਸਕੀ ਢਾਂਚਾ – ਪਿੰਡ ਧਨਾਸ

ਭਾਰਤ ਦੇ ਸੰਵਿਧਾਨ ਅਤੇ ਪੰਚਾਇਤੀ ਰਾਜ ਐਕਟ ਦੇ ਅਨੁਸਾਰ, ਧਨਾਸ ਪਿੰਡ ਦਾ ਸੰਚਾਲਨ /ਦੇਖ -ਰੇਖ/ਪ੍ਰਬੰਧਨ , ਸਰਪੰਚ (ਪਿੰਡ ਦੇ ਮੁਖੀ) ਦੁਆਰਾ ਕੀਤਾ ਜਾਂਦਾ ਹੈ ਜੋ ਪਿੰਡ ਵਾਸੀਆਂ ਦੁਆਰਾ ਪਿੰਡ ਦੇ ਪ੍ਰਤੀਨਿਧੀ ਚੁਣੇ ਗਏ ਸਨ| ਵੋਟ ਪਾਉਣ ਅਤੇ ਵੋਟਾਂ ਦੀ ਗਿਣਤੀ ਲਈ ਪਿੰਡ ਨੂੰ ਵਾਰਡਾਂ ਵਿਚ ਵੰਡਿਆ ਗਿਆ ਸੀ। ਮੌਜੂਦਾ ਸਮੇਂ ਤੇ , ਪਿੰਡ ਨੂੰ ਪ੍ਰਸ਼ਾਸਕੀ ਤੌਰ 'ਤੇ 1 ਸਰਪੰਚ ਅਤੇ 11 ਪੰਚਾਂ ਮੈਂਬਰਾਂ (7 ਪੁਰਸ਼ , 4 ਔਰਤਾਂ) ਦੁਆਰਾ ਨਿਯੰਤਰਿਤ ਕੀਤਾ ਜਾ ਰਿਹਾ ਸੀ। ਪੰਚ ਮੈਂਬਰਾਂ ਵਿਚੋਂ 1 ਮਹਿਲਾ ਮੈਂਬਰ ਅਤੇ 1 ਪੁਰਸ਼ ਮੈਂਬਰ ਐਸ.ਸੀ (ਅਨੁਸੂਚਿਤ ਜਾਤੀ) ਵਰਗ ਨਾਲ ਸਬੰਧਤ ਸਨ।ਮੌਜੂਦਾ ਸਮੇ ਤੇ ਸਰਦਾਰ ਕੁਲਜੀਤ ਸਿੰਘ ਸੰਧੂ ਪਿੰਡ ਧਨਾਸ ਦੇ ਸਰਪੰਚ ਵਜੋਂ ਸੇਵਾ ਨਿਭਾ ਰਹੇ ਹਨ।

## 7.5. ਪੰਚਾਇਤ ਦੀ ਪ੍ਰਸ਼ਾਸਕੀ ਭੂਮਿਕਾ

ਭਾਰਤ ਦੇ ਸੰਵਿਧਾਨ ਅਧੀਨ ਕਾਨੂੰਨ ਅਨੁਸਾਰ, ਪੰਚਾਇਤ ਦੀ ਚੋਣ ਕੀਤੀ ਜਾਂਦੀ ਹੈ ਅਤੇ ਪੰਚਾਇਤ ਦੁਆਰਾ ਕੰਮ ਕੀਤੇ ਜਾਂਦੇ ਹਨ । ਸਵੱਛ ਭਾਰਤ ਅਭਿਆਨ (ਸਾਫ ਭਾਰਤ ਲਈ ਕੇਂਦਰ ਸਰਕਾਰ ਦੀ ਪਹਿਲਕਦਮੀ) ਵਰਗੀਆਂ ਕਈ ਕੇਂਦਰੀ ਅਤੇ ਰਾਜ ਸਰਕਾਰ ਸਕੀਮਾਂ ਪਿੰਡ ਧਨਾਸ ਵਿਚ ਚੱਲ ਰਹੀਆਂ ਹਨ। ਇਹ ਮੁਹਿੰਮ 2 ਅਕਤੂਬਰ, 2014 ਨੂੰ ਭਾਰਤ ਸਰਕਾਰ ਵੱਲੋਂ ਆਧਿਕਾਰਿਕ ਤੌਰ ਤੇ ਸ਼ੁਰੂ ਕੀਤੀ ਗਈ ਸੀ, ਜਿਸ ਦਾ ਉਦੇਸ਼ ਭਾਰਤ ਦੇ ਸ਼ਹਿਰਾਂ, ਛੋਟੇ ਸ਼ਹਿਰਾਂ,ਕਸਬਿਆਂ ਅਤੇ ਪੇਂਡੂ ਖੇਤਰਾਂ ਦੀਆਂ ਗਲੀਆਂ , ਸੜਕਾਂ ਅਤੇ ਸ਼ਹਿਰ ਦੀਆ ਇਮਾਰਤਾਂ , ਬੁਨਿਆਦੀ ਢਾਂਚੇ ਨੂੰ ਸਾਫ ਕਰਨਾ ਹੈ।

ਧਨਾਸ ਪੰਚਾਇਤ ਦੁਆਰਾ ਕਈ ਕਮਿਊਨਟੀ ਸਮਾਰੋਹ ਕਰਵਾਏ ਜਾਂਦੇ ਹਨ ਜਿਵੇ ਕਿ- ਗੁਰਦੁਆਰਾ ਸਾਹਿਬ ਵਿਖੇ "ਲੰਗਰ" ਅਤੇ ਨੌਜਵਾਨਾਂ ਵਿਚ ਤੰਦਰੁਸਤੀ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੁਸ਼ਤੀ ਅਤੇ ਕ੍ਰਿਕਟ ਆਦਿ। ਸਰਪੰਚ ਅਤੇ ਪੰਚ ਦੇ ਮੈਂਬਰਾਂ ਦੁਆਰਾ ਖੇਤਰ ਦੇ ਵਿਕਾਸ ਅਤੇ ਬੁਨਿਆਦੀ ਢਾਂਚਾ ਪ੍ਰੋਜੈਕਟ ਦੀ ਦੇਖ ਰੇਖ ਅਤੇ ਸੰਭਾਲ ਸਰਪੰਚ ਅਤੇ ਪੰਚ ਮੈਂਬਰਾਂ ਦੁਆਰਾ ਕੀਤੀ ਜਾਂਦੀ ਹੈ।

ਬਜ਼ੁਰਗਾਂ ਅਤੇ ਅਪਾਹਜ ਵਿਅਕਤੀਆਂ ਦੀ ਪੈਨਸ਼ਨ ਅਤੇ ਸਥਾਨਕ ਸਰਕਾਰਾਂ ਦੇ ਹੋਰ ਗ੍ਰਾਂਟਾਂ ਨਾਲ ਸੰਬੰਧਿਤ ਮੁੱਦਿਆਂ ਦੀ ਰੇਖ ਪੰਚਾਇਤ ਦੁਆਰਾ ਕੀਤੀ ਜਾਂਦੀ ਹੈ ਤਾਂ ਜੋ ਇਹ ਲਾਭ ਕਾਨੂੰਨੀ ਤੌਰ ਤੇ ਯੋਗ ਵਿਅਕਤੀ /ਲਾਭਪਾਤਰੀ ਤਕ ਪਹੁੰਚ ਸਕੇ ।ਪਿੰਡ ਧਨਾਸ ਵਿਚ ਛੇ ਆਂਗਨਵਾੜੀ ਕੇਂਦਰ ਸਨ ਜਿਨ੍ਹਾਂ ਦੁਆਰਾ ਇਸ ਸਕੀਮ ਦੇ ਤਹਿਤ ਮਿਡ-ਡੇ ਮੀਲ ਮੁਹੱਈਆ ਕਰਵਾਇਆ ਜਾਂਦਾ ਹੈ।

## 7.6. ਚੌਂਕੀਦਾਰ ਦੀ ਭੂਮਿਕਾ

ਚੌਂਕੀਦਾਰ ਪਿੰਡ ਵਿਚ ਮੌਤ ਅਤੇ ਜਨਮ ਦੇ ਰਿਕਾਰਡ ਨੂੰ ਦਰਜ ਕਰਦਾ ਸੀ, ਪਰ ਹੁਣ ਇਹ ਅੰਕੜੇ ਆਂਗਨਵਾੜੀ ਵਰਕਰ ਦੁਆਰਾ ਸਾਂਭੇ ਜਾਂਦੇ ਹਨ । ਇਸ ਐਸ.ਆਈ.ਏ. ਅਧਿਐਨ ਵਿੱਚ, ਚੌਂਕੀਦਾਰ ਨੇ ਐਸ.ਆਈ.ਏ ਟੀਮ ਨੂੰ ਹਿੱਸੇਦਾਰਾਂ ਦੀ ਪਛਾਣ ਕਰਨ ਵਿੱਚ ਮਦਦ ਕੀਤੀ ਕਿਉਂਕਿ ਉਹ ਪਿੰਡ ਅਤੇ ਖੇਤਰ ਦੇ ਸਾਰੇ ਵਸਨੀਕਾਂ ਤੋਂ ਜਾਣੂ ਸਨ।

ਅਗਲੇ ਅਧਿਆਇ ਵਿੱਚ, ਅਸੀਂ ਪ੍ਰਸਤਾਵਿਤ ਬਾਈਪਾਸ ਪ੍ਰੋਜੈਕਟ ਦੇ ਕਾਰਨ ਹੋਣ ਵਾਲੇ ਅਨੁਮਾਨਤ ਪ੍ਰੋਜੈਕਟ ਪ੍ਰਭਾਵਾਂ (ਸਕਾਰਾਤਮਕ ਅਤੇ ਨਾਕਾਰਾਤਮਕ) ਬਾਰੇ ਚਰਚਾ ਕਰਾਂਗੇ।

# ਅਧਿਆਇ 8

# ਪ੍ਰੋਜੈਕਟ ਦੇ ਅਨੁਮਾਨਿਤ ਪ੍ਰਭਾਵ

ਭੂਮੀ ਪ੍ਰਾਪਤੀ, ਮੁੜ ਵਸੇਬਾ ਅਤੇ ਪੁਨਰਵਾਸ (ਆਰ.ਐਫ.ਸੀ.ਟੀ.ਐਲ.ਆਰ.ਆਰ.) ਐਕਟ, 2013 ਵਿਚ ਉੱਚਿਤ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਹੱਕ ਭਾਰਤ ਵਿਚ ਭੂਮੀ ਪ੍ਰਾਪਤੀ ਦੀ ਪ੍ਰਕਿਰਿਆ ਵਿਚ ਇਕ ਮਿਸਾਲ ਯੋਗ ਬਦਲਾਅ ਲੈ ਕੇ ਆਇਆ ਹੈ| ਭਾਰਤ ਵਰਗੇ ਵਿਕਾਸਸ਼ੀਲ ਅਰਥਚਾਰੇ ਵਿੱਚ ਭੂਮੀ ਦੀ ਪ੍ਰਾਪਤੀ ਬੁਨਿਆਦੀ ਢਾਂਚੇ ਦੇ ਵਿਕਾਸ, ਸ਼ਹਿਰੀਕਰਨ ਅਤੇ ਉਦਯੋਗੀਕਰਨ ਲਈ ਜ਼ਰੂਰੀ ਹੈ, ਜਿਸਦਾ ਆਰਥਿਕ ਵਿਕਾਸ 'ਤੇ ਗੁਣਾਤਮਕ ਪ੍ਰਭਾਵ ਹੈ| ਵਿਕਾਸ ਪ੍ਰੋਜੈਕਟ, ਹਾਲਾਂਕਿ ਲੰਬੇ ਸਮੇਂ ਲਈ ਮਹੱਤਵਪੂਰਣ ਹਨ ਪਰ ਸਥਾਨਕ ਆਬਾਦੀ ਦੇ ਰੋਜ਼ਾਨਾ ਜੀਵਨ ਵਿੱਚ ਮਹੱਤਵਪੂਰਣ ਤਬਦੀਲੀਆਂ ਪੈਦਾ ਕਰਦੇ ਹਨ|

ਅਜਿਹੇ ਪ੍ਰਾਜੈਕਟਾਂ ਲਈ ਭੂਮੀ ਪ੍ਰਾਪਤੀ ਬਹੁਤ ਸਾਰੇ ਲੋਕਾਂ ਨੂੰ ਘਰ ਤੋਂ ਬੇਘਰ ਕਰਦੀ ਹੈ ਅਤੇ ਰੋਜ਼ੀ-ਰੋਟੀ ਦੇ ਨੁਕਸਾਨ ਦਾ ਕਾਰਨ ਬਣਦੀ ਹੈ, ਜਿਸਦਾ ਵਿਰੋਧ ਵੀ ਹੁੰਦਾ ਹੈ| ਸਮਾਜਿਕ ਅਸਰ ਦਾ ਮੁਲਾਂਕਣ (ਐਸ.ਆਈ.ਏ) ਪ੍ਰੋਜੈਕਟ ਦੇ ਅਸਰ ਦਾ ਮੁਲਾਂਕਣ ਕਰਨ, ਲੋਕਾਂ ਨੂੰ ਪ੍ਰੋਜੈਕਟ ਤੋਂ ਜਾਣੂ ਕਰਵਾਉਣ ਅਤੇ ਵਿਰੋਧ ਨੂੰ ਘਟਾਉਣ ਦਾ ਇੱਕ ਵਿਆਪਕ ਅਤੇ ਸਹਿਭਾਗੀ ਤਰੀਕਾ ਹੈ| ਐਸ.ਆਈ.ਏ. ਵਿਕਾਸ ਪ੍ਰੋਜੈਕਟ, ਜਿਵੇਂ ਕਿ ਡੈਮ, ਖਾਨਾਂ, ਉਦਯੋਗ, ਰਾਜਮਾਰਗ, ਬੰਦਰਗਾਹ, ਹਵਾਈ ਅੱਡਿਆਂ, ਸ਼ਹਿਰੀ ਵਿਕਾਸ ਅਤੇ ਪਾਵਰ ਪ੍ਰਾਜੈਕਟਾਂ ਦੀ ਸਮਾਜਿਕ ਪ੍ਰਕ੍ਰਿਆਵਾ ਦਾ ਮੁਲਾਂਕਣ ਕਰਦਾ ਹੈ| ਐਸ.ਆਈ.ਏ ਉਹ ਸਾਧਨ ਹੈ ਜੋ ਫੈਸਲੇ ਲੈਣ ਵਾਲਿਆਂ ਨੂੰ ਉਹਨਾਂ ਦੇ ਕੰਮਾਂ ਦੇ ਸੰਭਾਵੀ ਨਕਾਰਾਤਮਕ ਪ੍ਰਭਾਵਾਂ ਨੂੰ ਸਮਝਣ ਵਿੱਚ ਮਦਦ ਕਰ ਸਕਦਾ ਹੈ ਤਾਂ ਜੋ ਉਹਨਾਂ ਨੂੰ ਰੋਕਣ ਜਾਂ ਘੱਟੋ-ਘੱਟ ਉਨ੍ਹਾਂ ਨੂੰ ਘਟਾਉਣ ਲਈ ਜ਼ਰੂਰੀ ਕਦਮ ਸਮੇਂ ਸਿਰ ਲਏ ਜਾ ਸਕਣ|

ਸਮਾਜਿਕ ਪ੍ਰਭਾਵ ਮੁਲਾਂਕਣ ਯੋਜਨਾਬੱਧ ਮਨੋਰਥਾਂ (ਨੀਤੀਆਂ, ਪ੍ਰੋਗਰਾਮਾਂ, ਯੋਜਨਾਵਾਂ, ਪ੍ਰੋਜੈਕਟਾਂ) ਦਾ ਮਨੁੱਖੀ ਵਾਤਾਵਰਨ ਤੇ ਪ੍ਰਭਾਵ ਅਤੇ ਸਮਾਜਿਕ ਤਬਦੀਲੀ ਦਾ ਵਿਸਤ੍ਰਿਤ ਵਿਸ਼ਲੇਸ਼ਣ (ਅੰਦਾਜ਼ਾ ਲਗਾਉਣਾ, ਮੁਲਾਂਕਣ ਕਰਨਾ ਅਤੇ ਪ੍ਰਤੀਬਿੰਬਤ) ਕਰਨਾ ਹੈ ਅਤੇ ਇਹਨਾਂ ਦਖਲਾਂ ਦੁਆਰਾ ਹੋ ਰਹੇ ਅਣਚਾਹੇ ਨਤੀਜਿਆਂ ਦਾ ਪ੍ਰਬੰਧਨ ਕਰਨਾ ਹੈ| ਇਸਦਾ ਮੁੱਖ ਉਦੇਸ਼ ਹੋਰ ਵਧੇਰੇ ਸਥਾਈ ਅਤੇ ਸਾਕਾਰਯੋਗ ਜੀਵ-ਭੌਤਿਕੀ ਅਤੇ ਮਨੁੱਖੀ ਵਾਤਾਵਰਣ ਨੂੰ ਲਿਆਉਣਾ ਹੈ| **(Becker, H.A, & Vanclay,F. (Eds).(2003). The international handbook of**

social impact assessment: Conceptual and methodological advances. Edward Elgar Publishing.)

ਐਸ.ਆਈ.ਏ ਪ੍ਰੋਜੈਕਟ ਦੇ ਸਮਾਜਿਕ ਅਤੇ ਸੱਭਿਆਚਾਰਕ ਕਾਰਕਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰੋਜੈਕਟ ਪ੍ਰਭਾਵਿਤ ਵਿਅਕਤੀਆਂ ਦੇ ਜੀਵਨ ਤੇ ਪ੍ਰਭਾਵ ਪਾਉਂਦਾ ਹੈ| ਪ੍ਰੋਜੈਕਟ ਦੇ ਸਮਾਜਿਕ ਪ੍ਰਭਾਵਾਂ ਦਾ ਮੁਲਾਂਕਣ ਇੰਟਰ-ਆਰਗੇਨਾਈਜ਼ੇਸ਼ਨ ਕਮੇਟੀ (ਆਈ ਓ ਸੀ ਪੀ ਜੀ ਐਸ ਆਈ ਏ; 2003) ਦੇ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਕੀਤਾ ਗਿਆ ਹੈ|

ਪ੍ਰਸ੍ਤਾਵਿਤ “ਪ੍ਰੋਜੈਕਟ- ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ 39 ਤੱਕ” ਨੂੰ ਚੰਡੀਗੜ ਪ੍ਰਸ਼ਾਸਨ (ਯੂ.ਟੀ) ਦੁਆਰਾ ਬਿਹਤਰ ਸੰਪਰਕ ਅਤੇ ਵਪਾਰ ਵਿਕਲਪਾਂ ਲਈ ਚੁਣਿਆ ਗਿਆ ਹੈ| ਪ੍ਰੋਜੈਕਟ ਦੇ ਵੇਰਵੇ ਅਤੇ ਮੌਜੂਦਾ ਹਾਲਾਤ ਦੇ ਆਧਾਰ ਤੇ, ਪ੍ਰਭਾਵਿਤ ਹਿੱਸੇਦਾਰਾਂ ਦੇ ਅਨੁਸਾਰ ਅਨੁਮਾਨਿਤ ਸੰਭਾਵੀ ਸਕਾਰਾਤਮਕ ਅਤੇ ਨਕਾਰਾਤਮਕ ਪ੍ਰਭਾਵਾਂ ਦੀ ਐਸ.ਆਈ.ਏ ਟੀਮ ਦੁਆਰਾ ਪਛਾਣ ਕੀਤੀ ਗਈ ਹੈ|

ਪਿੰਡਾਂ ਦੇ ਪ੍ਰਭਾਵੀ ਜਮੀਨ ਮਾਲਕਾਂ ਨੇ ਡੂੰਘਾਈ ਨਾਲ ਇੰਟਰਵਿਊ ਅਤੇ ਫੋਕਸ ਗਰੁੱਪ ਚਰਚਾ (ਐਫ. ਜੀ. ਡੀਜ਼) ਵਿਚ ਇਸ ਪ੍ਰੋਜੈਕਟ ਵਿੱਚ ਜ਼ਮੀਨ ਦੇ ਪ੍ਰਾਪਤੀ ਬਾਰੇ ਆਪਣੇ ਵਿਚਾਰ ਅਤੇ ਸਮਝ ਪ੍ਰਗਟ ਕੀਤੀ| ਐਸ. ਆਈ. ਏ. ਦੇ ਉਦੇਸ਼ਾਂ ਵਿੱਚੋਂ ਇੱਕ ਉਦੇਸ਼ ਪ੍ਰੋਜੈਕਟ ਦੀ ਪ੍ਰਕਿਰਤੀ ਦਾ ਅਧਿਐਨ ਕਰਨਾ, ਪ੍ਰੋਜੈਕਟ ਦੇ ਸਮਾਜਿਕ ਪ੍ਰਭਾਵ, ਇਹਨਾਂ ਨੂੰ ਸੰਬੋਧਨ ਕਰਨ ਦੇ ਖਰਚੇ ਅਤੇ ਪ੍ਰੋਜੈਕਟ ਦੇ ਲਾਭਾਂ ਦੀ ਤੁਲਨਾ ਵਿਚ ਪ੍ਰੋਜੈਕਟ ਦੀ ਸਮੁੱਚੀ ਲਾਗਤ 'ਤੇ ਇਹਨਾਂ ਲਾਗਤਾਂ ਦਾ ਮੁਲਾਂਕਣ ਕਰਨਾ ਹੈ| ਮੌਜੂਦਾ ਅਧਿਆਇ ਵਿੱਚ ਜਨਤਕ ਉਦੇਸ਼, ਸਮਾਜਿਕ-ਸਭਿਆਚਾਰਕ ਪ੍ਰਭਾਵ ਅਤੇ ਇਸ ਪ੍ਰੋਜੈਕਟ ਦੇ ਸਮਾਜਿਕ ਖ਼ਰਚੇ ਦੇ ਮੁਲਾਂਕਣ ਦੀ ਚਰਚਾ ਕੀਤੀ ਗਈ ਹੈ|

ਸਮਾਜਿਕ ਪ੍ਰਭਾਵ ਮੁਲਾਂਕਣ ਅਧਿਐਨ ਦੇ ਮੁੱਖ ਪਹਿਲੂਆਂ ਵਿੱਚੋਂ ਇਕ ਇਹ ਵੇਖਣ ਲਈ ਹੈ ਕਿ ਪ੍ਰਸਤਾਵਿਤ ਪ੍ਰੋਜੈਕਟ ਜਨਤਕ ਉਦੇਸ਼ ਲਈ ਹੈ ਜਾਂ ਨਹੀਂ| ਪ੍ਰਸ੍ਤਾਵਿਤ ਪ੍ਰੋਜੈਕਟ ਦੀ ਉਸਾਰੀ ਹੇਠ ਲਿਖੇ ਕਾਰਣਾਂ ਕਰਕੇ ਜ਼ਰੂਰੀ ਹੈ:

ਇਹ ਪ੍ਰੋਜੈਕਟ ਚੰਡੀਗੜ ਦੇ ਪਿੰਡ ਧਨਾਸ ਅਤੇ ਪਿੰਡ ਡੱਡੂ ਮਾਜਰਾ ਵਿਚੋਂ ਲੰਘਦਾ ਹੈ ਅਤੇ ਆਰ.ਐਫ.ਸੀ.ਟੀ.ਐਲ.ਆਰ.ਆਰ. ਐਕਟ, 2013 ਅਨੁਸਾਰ ਯੋਜਨਾਬੱਧ ਵਿਕਾਸ ਪ੍ਰੋਜੈਕਟ ਅਧੀਨ ਆਉਂਦਾ ਹੈ|

ਇਹ ਪ੍ਰੋਜੈਕਟ ਆਵਾਜਾਈ ਨੂੰ ਸੌਖਾ ਕਰੇਗਾ ਅਤੇ ਇਸ ਖੇਤਰ ਵਿੱਚ ਵਪਾਰਕ ਵਿਕਲਪਾਂ ਨੂੰ ਹੱਲਾਸ਼ੇਰੀ ਦੇਵੇਗਾ ਇਸ ਲਈ ਇਹ ਸਪਸ਼ਟ ਤੌਰ ਤੇ ਦਰਸਾਉਂਦਾ ਹੈ ਕਿ ਇਸ ਪ੍ਰੋਜੈਕਟ ਦੇ ਕੋਲ ਇਕ ਜਨਤਕ ਉਦੇਸ਼ ਹੈ|

ਸਾਰਣੀ 8.1- ਪ੍ਰੋਜੈਕਟ ਦੇ ਅਨੁਮਾਨਿਤ ਸਕਾਰਾਤਮਕ ਅਤੇ ਨਕਾਰਾਤਮਕ ਅਸਰ

| **ਅਨੁਮਾਨਿਤ ਸਕਾਰਾਤਮਕ ਅਸਰ** | **ਅਨੁਮਾਨਿਤ ਨਕਾਰਾਤਮਕ ਅਸਰ** |
|---|---|
| ਆਵਾਜਾਈ ਵਿੱਚ ਸਹੂਲਤ ਅਤੇ ਸਮੇਂ ਦੀ ਬਚਤ | ਜੱਦੀ ਜਾਇਦਾਦ ਜਿਵੇਂ ਕਿ ਜ਼ਮੀਨ ਦਾ ਨੁਕਸਾਨ |
| ਆਰਥਿਕ ਵਿਕਾਸ ਵਿੱਚ ਫਾਇਦਾ | ਉਪਜਾਊ ਜ਼ਮੀਨ ਦੀ ਘਾਟ/ ਨੁਕਸਾਨ |
| ਬੁਨਿਆਦੀ ਢਾਂਚੇ ਦਾ ਵਿਕਾਸ | ਰੁੱਖਾਂ ਦਾ ਨੁਕਸਾਨ |
| ਰੋਜ਼ਗਾਰ ਦੇ ਮੌਕਿਆਂ ਵਿਚ ਵਾਧਾ | ਪਸ਼ੂਆਂ ਲਈ ਚਾਰੇ ਦੀ ਘਾਟ |
| ਬਿਹਤਰ ਜੀਵਨ ਪੱਧਰ | ਗ਼ੈਰ- ਪ੍ਰਾਪਤ ਭੂਮੀ ਦੀ ਬਰਬਾਦੀ |
| ਵਧੀ ਹੋਈ ਗਤੀਸ਼ੀਲਤਾ ਦੇ ਆਰਥਿਕ ਪ੍ਰਭਾਵ | ਨਿਸ਼ਾਨ ਲਗਾਉਣ ਤੋਂ ਬਾਅਦ ਜ਼ਮੀਨ ਦੀ ਵਰਤੋਂ ਨਹੀਂ ਹੋ ਰਹੀ |
| ਸੰਪਰਕ ਵਿਚ ਵਾਧਾ | ਵਾਰ ਵਾਰ ਜ਼ਮੀਨ ਪ੍ਰਾਪਤੀ |
| ਸਮਾਨ ਦੀ ਘੱਟ ਲਾਗਤ | ਵਿਸਥਾਪਨ/ ਉਜਾੜਾ |
| ਵਪਾਰ ਲਈ ਵਧੇਰੇ ਪਹੁੰਚ | ਆਮਦਨ ਦਾ ਘਾਟਾ |
| ਬਿਹਤਰ ਅਤੇ ਵੰਨ-ਸੁਵੰਨ ਉਤਪਾਦ | ਰੋਜ਼ਗਾਰ ਦੇ ਪ੍ਰੰਪਰਾਗਤ ਢੰਗਾਂ ਦਾ ਨੁਕਸਾਨ ਅਤੇ ਬੇਰੁਜ਼ਗਾਰੀ |
| ਪ੍ਰਤਿਸ੍ਪਰਧਾ ਵਿਚ ਵਾਧਾ | ਹਵਾ-ਪ੍ਰਦੂਸ਼ਣ / ਹਾਦਸਿਆਂ / ਅਪਰਾਧ ਵਿਚ ਵਾਧਾ |
| ਜ਼ਮੀਨ ਦੇ ਮੁੱਲ ਵਿੱਚ ਵਾਧਾ | ਅਪੂਰਨ ਮੁਆਵਜ਼ਾ |
| | ਜ਼ਮੀਨ ਪ੍ਰਾਪਤੀ ਅਧਿਕਾਰੀ ਦੁਆਰਾ (ਆਰ.ਐਫ.ਸੀ.ਟੀ.ਐਲ.ਆਰ.ਆਰ.) ਐਕਟ, 2013 ਵਿਚ<br>ਕੀਤੀਆਂ ਤਬਦੀਲੀਆਂ ਅਯੋਗ ਅਤੇ ਅਨੁਚਿਤ ਹਨ \| |

## 8.1 ਪ੍ਰਸਤਾਵਿਤ ਪ੍ਰੋਜੈਕਟ ਦੇ ਸੰਬੰਧ ਵਿਚ ਹਿੱਸੇਦਾਰਾਂ ਦੁਆਰਾ ਦੱਸੇ ਗਏ ਸਕਾਰਾਤਮਕ ਪ੍ਰਭਾਵ

- ਆਵਾਜਾਈ ਵਿੱਚ ਸਹੂਲਤ ਅਤੇ ਸਮੇਂ ਦੀ ਬਚਤ: ਉੱਤਰਦਾਤਾਵਾਂ ਅਨੁਸਾਰ, ਇਸ ਬਾਈਪਾਸ ਦੀ ਉਸਾਰੀ ਨਾਲ ਜਿਲ੍ਹਾ ਰੂਪਨਗਰ ਅਤੇ ਹੋਰ ਨੇੜਲੇ ਇਲਾਕਿਆਂ ਵਿੱਚ ਆਵਾਜਾਈ ਦਾ ਸੁਧਾਰ ਹੋਵੇਗਾ| ਅਧਿਐਨ ਵਿੱਚ ਕੁਝ ਉੱਤਰਦਾਤਾਵਾਂ ਨੇ ਦੱਸਿਆ ਕਿ ਇਸ ਖੇਤਰ ਵਿੱਚ ਘੱਟ ਜਨਤਕ ਆਵਾਜਾਈ ਪ੍ਰਣਾਲੀਆਂ ਕਾਰਨ ਨਿੱਜੀ ਵਾਹਨ ਰੱਖਣਾ ਉਹਨਾਂ ਲਈ ਜ਼ਰੂਰੀ ਹੋ ਗਿਆ ਹੈ| ਸੜਕ ਦੇ ਵਿਕਾਸ ਨਾਲ ਖੇਤਰ ਦੀ ਪਬਲਿਕ ਟ੍ਰਾਂਸਪੋਰਟ ਸਹੂਲਤਾਂ ਵਿਚ ਸੁਧਾਰ ਹੋਵੇਗਾ, ਇਸ ਨਾਲ ਨਾ ਸਿਰਫ ਯਾਤਰਾ ਕਰਨ ਅਤੇ ਯਾਤਰਾ ਸਮਾਂ ਘਟਾਉਣ ਵਿਚ ਲਾਭ ਮਿਲੇਗਾ, ਸਗੋਂ ਨਿੱਜੀ ਵਾਹਨਾਂ ਦੀ ਗਿਣਤੀ ਅਤੇ ਵਰਤੋਂ ਵਿਚ ਵੀ ਕਮੀ ਹੋਵੇਗੀ |
- ਆਰਥਿਕ ਵਿਕਾਸ ਵਿੱਚ ਫਾਇਦਾ: ਇਸ ਪ੍ਰੋਜੈਕਟ ਦੇ ਵਿਕਾਸ ਨਾਲ, ਇਹ ਸੰਭਵ ਹੈ ਕਿ ਇਸ ਸੜਕ ਰਾਹੀਂ ਵਪਾਰਕ ਖੇਤਰਾਂ ਨਾਲ ਬਿਹਤਰ ਸੰਪਰਕ ਹੋਣ ਕਾਰਨ ਵਧੇਰੇ ਲੋਕ ਵਪਾਰ ਅਤੇ ਸਬੰਧਿਤ ਸੇਵਾਵਾਂ ਦਾ ਲਾਭ ਲੈਣਗੇ | ਸ਼ਾਨਦਾਰ ਸੜਕਾਂ ਖੇਤਰ ਵਿਚ ਵਪਾਰ ਨੂੰ ਬਿਹਤਰ ਬਣਾਉਣ ਵਿਚ ਯੋਗਦਾਨ ਪਾਉਂਦੀਆਂ ਹਨ|
- ਬੁਨਿਆਦੀ ਢਾਂਚੇ ਦਾ ਵਿਕਾਸ: ਬਿਹਤਰ ਸੜਕਾਂ ਦਾ ਮਤਲਬ ਹੈ ਖੇਤਰ ਨਾਲ ਬਿਹਤਰ ਸੰਪਰਕ ਅਤੇ ਉੱਚ ਤਕਨੀਕੀ-ਬੁਨਿਆਦੀ ਢਾਂਚੇ ਦਾ ਵਿਕਾਸ|

ਹਾਲਾਂਕਿ, ਭੂਮੀ ਪ੍ਰਾਪਤੀ ਦੀ ਤੀਬਰਤਾ ਦੇ ਆਧਾਰ 'ਤੇ ਸਮਾਜਿਕ ਪ੍ਰਭਾਵਾਂ ਦੀ ਅਸਲ ਲਾਗਤ ਦਾ ਅਨੁਮਾਨ ਲਗਾਉਣਾ ਬਹੁਤ ਮੁਸ਼ਕਿਲ ਹੈ, ਫਿਰ ਵੀ ਆਰ ਐਫ ਸੀ ਟੀ ਐਲ ਆਰ ਆਰ ਐਕਟ 2013 ਦੀ ਸਹਾਇਤਾ ਦੁਆਰਾ ਨਕਾਰਾਤਮਕ ਪ੍ਰਭਾਵ ਨੂੰ ਘੱਟ ਕਰਨ ਲਈ ਯਤਨ ਕੀਤਾ ਗਿਆ ਹੈ| ਪ੍ਰਸਤਾਵਿਤ ਬਾਈਪਾਸ ਪ੍ਰੋਜੈਕਟ ਆਮ ਤੌਰ 'ਤੇ ਇਸ ਖੇਤਰ ਵਿਚਲੀਆਂ ਸਹੂਲਤਾਂ ਵਿਚ ਸੁਧਾਰ ਅਤੇ ਇਲਾਕੇ ਦੇ ਸਮੁੱਚੇ ਵਿਕਾਸ ਲਈ ਇਕ ਕਦਮ ਹੈ ਅਤੇ ਖਾਸ ਤੌਰ ਤੇ ਯੂ.ਟੀ (ਚੰਡੀਗੜ) ਦੇ ਵਿਕਾਸ ਵਿੱਚ ਯੋਗਦਾਨ ਪਾਵੇਗਾ |

ਸਮੁੱਚੇ ਪੱਧਰ ਤੇ, ਕੁਸ਼ਲ ਆਵਾਜਾਈ ਪ੍ਰਣਾਲੀ ਬਹੁਤ ਸਾਰੇ ਆਰਥਿਕ ਸੈਕਟਰਾਂ ਵਿਚ ਲਾਗਤ ਘਟਾਏਗੀ| ਸ੍ਰੋਤਾਂ ਦੀ ਬਿਹਤਰ ਸਮਰੱਥਾ, ਉਬਲੱਭਤਾ ਅਤੇ ਪਹੁੰਚ ਵਿਚ ਵਾਧਾ, ਰੋਜ਼ਗਾਰ ਦੇ ਮੌਕੇ , ਵਿਦੇਸ਼ੀ ਨਿਵੇਸ਼ ਵਿਚ ਵਾਧਾ ਅਤੇ ਇਸ ਖੇਤਰ ਦੀ ਵਿਸ਼ਵ ਵਿਚ ਹੋਂਦ ਨੂੰ ਸੁਧਾਰੇਗੀ|

ਐਸ.ਆਈ.ਏ. ਟੀਮ ਅਨੁਸਾਰ ਇਸ ਪ੍ਰਸਤਾਵਿਤ ਬਾਈਪਾਸ ਪ੍ਰੋਜੈਕਟ ਦਾ ਨਿਰਮਾਣ ਹੇਠ ਲਿਖੇ ਕਾਰਨਾਂ ਕਰਕੇ ਵਿਕਾਸ ਨੂੰ ਵਧਾਵਾ ਦੇਵੇਗਾ

- ਆਵਾਜਾਈ ਵਿਚ ਸੌਖ ਅਤੇ ਸਮੇਂ ਦੀ ਬੱਚਤ: ਬਾਈਪਾਸ ਪਿੰਡ ਵਿਚ ਅਤੇ ਆਲੇ ਦੁਆਲੇ ਦੇ ਇਲਾਕਿਆਂ ਤੋਂ ਪਿੰਡ ਵੱਲ ਆਵਾਜਾਈ ਨੂੰ ਸੌਖਾ ਕਰੇਗਾ| ਅਧਿਐਨ ਵਿੱਚ ਕੁਝ ਉੱਤਰਦਾਤਾਵਾਂ ਨੇ ਦੱਸਿਆ ਕਿ ਇਸ ਖੇਤਰ ਵਿੱਚ ਘੱਟ ਜਨਤਕ ਆਵਾਜਾਈ ਪ੍ਰਣਾਲੀਆਂ ਕਾਰਨ ਨਿੱਜੀ ਵਾਹਨ ਰੱਖਣਾ ਉਹਨਾਂ ਲਈ ਜ਼ਰੂਰੀ ਹੋ ਗਿਆ ਹੈ | ਪ੍ਰਸਤਾਵਿਤ ਸੜਕ, ਸਫ਼ਰ ਕਰਨ ਵਿੱਚ ਸੁਵਿਧਾ ਪ੍ਰਦਾਨ ਕਰੇਗੀ ਅਤੇ ਯਾਤਰਾ ਦੇ ਸਮੇਂ ਨੂੰ ਘਟਾਏਗੀ (ਖਾਸ ਤੌਰ 'ਤੇ ਬਜ਼ੁਰਗ ਅਤੇ ਬਿਮਾਰ ਵਿਅਕਤੀ ਲਈ)| ਜਨਤਕ ਆਵਾਜਾਈ ਪ੍ਰਣਾਲੀ ਦੇ ਵਾਧੇ ਨਾਲ ਨਿੱਜੀ ਵਾਹਨਾਂ ਦੀ ਵਰਤੋਂ ਅਤੇ ਗਿਣਤੀ ਵਿਚ ਵੀ ਕਮੀ ਆਵੇਗੀ|
- ਬੁਨਿਆਦੀ ਢਾਂਚੇ ਦਾ ਵਿਕਾਸ: ਬੁਨਿਆਦੀ ਢਾਂਚਾ ਕਿਸੇ ਰਾਸ਼ਟਰ ਦੀ ਲੰਬੀ ਉਮਰ ਅਤੇ ਸਫ਼ਲਤਾ ਨੂੰ ਨਿਰਧਾਰਤ ਕਰਦਾ ਹੈ| ਮਜ਼ਬੂਤ ਅਤੇ ਸੰਪੰਨ ਅਰਥ ਵਿਵਸਥਾ ਲਈ ਇੱਕ ਓੱਚ-ਪੱਧਰੀ, ਚੰਗੀ ਅਤੇ ਕੁਸ਼ਲ ਆਵਾਜਾਈ ਦਾ ਬੁਨਿਆਦੀ ਢਾਂਚਾ ਜ਼ਰੂਰੀ ਹੈ| ਅਧਿਐਨ ਵਿੱਚ, ਹਿੱਸੇਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਜਨਤਕ ਆਵਾਜਾਈ, ਸਿਹਤ ਅਤੇ ਹੋਰ ਸਹੂਲਤਾਂ ਲਈ ਦੂਰ ਖੇਤਰਾਂ ਵਿਚ ਜਾਣਾ ਪੈਂਦਾ ਹੈ | ਪ੍ਰਸਤਾਵਿਤ ਬਾਈਪਾਸ ਪ੍ਰੋਜੈਕਟ ਦਾ ਨਿਰਮਾਣ, ਖੇਤਰ ਵਿਚ ਵਿਦਿਅਕ ਸੰਸਥਾਵਾਂ, ਸਿਹਤ ਕੇਂਦਰਾਂ ਅਤੇ ਹੋਰ ਸਹੂਲਤਾਂ ਦੀ ਸਥਾਪਤੀ ਵਿਚ ਯਕੀਨੀ ਤੌਰ ਤੇ ਨਿਵੇਸ਼ ਆਕਰਸ਼ਿਤ ਕਰੇਗਾ|
- ਰੋਜ਼ਗਾਰ ਦੇ ਮੌਕਿਆਂ ਵਿਚ ਵਾਧਾ: ਪ੍ਰਸਤਾਵਿਤ ਪ੍ਰੋਜੈਕਟ ਸੰਚਾਲਨ ਤੋਂ ਬਾਅਦ ਨਿਰਧਾਰਤ ਸਮੇਂ ਵਿਚ ਪੂਰਾ ਹੋਣ ਦੀ ਸੰਭਾਵਨਾ ਹੈ| ਪ੍ਰੋਜੈਕਟ ਦੀ ਉਸਾਰੀ ਦੌਰਾਨ ਸਥਾਨਕ ਹੁਨਰਮੰਦ ਜਾ ਅਕੁਸ਼ਲ ਲੋਕਾਂ ਨੂੰ

ਨਿਯੁਕਤ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਰੋਜ਼ਗਾਰ ਦਾ ਮੌਕਾ ਮਿਲੇਗਾ| ਇਸ ਲਈ,ਇਹ ਪ੍ਰੋਜੈਕਟ ਲੋਕਾਂ ਨੂੰ ਕਾਫ਼ੀ ਸਿੱਧਾ ਰੋਜ਼ਗਾਰ ਮੁਹੱਈਆ ਕਰਵਾਇਗਾ; ਇਸ ਤੋਂ ਇਲਾਵਾ ਹੋਰ ਲੋਕਾਂ ਨੂੰ ਅਸਿੱਧੇ ਤੌਰ ਤੇ ਸਬੰਧਿਤ ਗਤੀਵਿਧੀਆਂ ਅਤੇ ਵਪਾਰਾਂ ਵਿੱਚ ਕੰਮ ਮਿਲੇਗਾ | ਇਹ ਪ੍ਰੋਜੈਕਟ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਨਾਲ ਸਥਾਨਕ ਆਰਥਿਕਤਾ ਨੂੰ ਵੀ ਵਧਾਉਣ ਦੀ ਸੰਭਾਵਨਾ ਰੱਖਦਾ ਹੈ|

- ਬਿਹਤਰ ਜੀਵਨ ਪੱਧਰ: ਜਦੋਂ ਆਵਾਜਾਈ ਦੀਆਂ ਸੁਵਿਧਾਵਾਂ ਵਿੱਚ ਵਾਧਾ ਹੁੰਦਾ ਹੈ ਤਾਂ ਸਾਮਾਨ / ਸੇਵਾਵਾਂ ਦੀਆਂ ਕੀਮਤਾਂ ਬਹੁਤ ਘੱਟਦੀਆਂ ਹਨ| ਇਸ ਨਾਲ ਘਰੇਲੂ ਬੱਚਤਾਂ ਵਿੱਚ ਸੁਧਾਰ ਹੁੰਦਾ ਹੈ | ਵਿਅਕਤੀ ਅਤੇ ਸਮਾਨ ਦੀ ਆਵਾਜਾਈ ਦੀ ਸਹੂਲਤ ਸਮੁਦਾਏ ਵਿਚ ਰੋਜ਼ੀ-ਰੋਟੀ ਦੇ ਸਾਧਨ ਵਧਾਉਦੀ ਹੈ ਅਤੇ ਇਸ ਦੇ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੁੰਦਾ ਹੈ|

- ਵਧੀ ਹੋਈ ਗਤੀਸ਼ੀਲਤਾ ਦੇ ਆਰਥਿਕ ਪ੍ਰਭਾਵ: ਵੱਧ ਗਤੀਸ਼ੀਲਤਾ ਵਿਕਾਸ ਲਈ ਜ਼ਰੂਰੀ ਹੈ| ਵਧੇਰੀ ਗਤੀਸ਼ੀਲਤਾ ਵਾਲੀ ਅਰਥ ਵਿਵਸਥਾ ਨੂੰ ਘੱਟ ਗਤੀਸ਼ੀਲਤਾ ਵਾਲੀ ਅਰਥ ਵਿਵਸਥਾ ਨਾਲੋਂ ਵਿਕਾਸ ਦੇ ਬਿਹਤਰ ਮੌਕੇ ਮਿਲਦੇ ਹਨ| ਬਿਹਤਰ ਸੜਕਾਂ ਗਤੀਸ਼ੀਲਤਾ ਵਧਾਉਂਦੀਆਂ ਹਨ| ਇਹ ਰੋਜ਼ਗਾਰ ਪੈਦਾ ਕਰਨ, ਲੋਕਾਂ ਨੂੰ ਰੋਜ਼ਗਾਰ ਲਈ ਬਾਹਰ ਕੱਢਣ ਅਤੇ ਇਸ ਤਰ੍ਹਾਂ ਗਰੀਬੀ ਨੂੰ ਘੱਟ ਕਰਨ ਵਿਚ ਮਦਦ ਕਰਦੀਆਂ ਹਨ| ਬਿਹਤਰ ਆਵਾਜਾਈ ਉਪਭੋਗਤਾ, ਵਿਤਰਕ ਅਤੇ ਨਿਰਮਾਤਾ ਦੇ ਵਿਚਕਾਰ ਸਬੰਧਾਂ ਨੂੰ ਵਧਾਉਂਦੀ ਹੈ| ਪੂੰਜੀ ਅਤੇ ਮਜ਼ਦੂਰੀ ਦੀ ਉਤਪਾਦਕਤਾ ਅਤੇ ਵਿਤਰਣ; ਨਿੱਜੀ ਗਤੀਸ਼ੀਲਤਾ ਦੀ ਕੁਸ਼ਲਤਾ ਨਾਲ ਵਧ ਜਾਂਦੀ ਹੈ|

- ਸੰਪਰਕ ਵਿਚ ਵਾਧਾ: ਇਹ ਪ੍ਰਸਤਾਵਿਤ ਬਾਈਪਾਸ ਪੇਂਡੂ-ਸ਼ਹਿਰੀ ਸੰਪਰਕ ਨੂੰ ਬਿਹਤਰ ਬਣਾਵੇਗਾ| ਇਹ ਸਾਮਾਨ, ਪੂੰਜੀ ਅਤੇ ਮਸ਼ੀਨਾਂ ਦੇ ਆਦਾਨ-ਪ੍ਰਦਾਨ ਨੂੰ ਸੁਖਾਲਾ ਕਰੇਗਾ | ਨੇੜਲੇ ਖੇਤਰਾਂ ਨੂੰ ਵਪਾਰ ਅਤੇ ਨਿਵੇਸ਼ ਲਈ ਖੋਲ੍ਹੇਗਾ ਅਤੇ ਇਸ ਨਾਲ ਇਹ ਮੁੱਖ ਧਾਰਾ ਆਰਥਿਕਤਾ ਨਾਲ ਮਿਲ ਜਾਣਗੇ|

- ਸਮਾਨ ਦੀ ਘੱਟ ਲਾਗਤ: ਵਧੇਰੇ ਪ੍ਰਭਾਵੀ ਵੰਡ ਅਤੇ ਖਰੀਦ ਮਾਡਲ ਸਿੱਧੇ ਤੌਰ ਤੇ ਖਪਤਕਾਰਾਂ ਲਈ ਸਮਾਨ ਦੀ ਕੀਮਤ ਘਟਾਉਂਦੇ ਹਨ, ਕਿਉਂਕਿ ਆਵਾਜਾਈ ਦੇ ਖਰਚੇ ਉਤਪਾਦ ਨਿਰਮਾਣ ਵਿੱਚ ਕੁੱਲ ਲਾਗਤ ਦਾ ਵੱਡਾ ਹਿੱਸਾ ਹੁੰਦੇ ਹਨ|
- ਵਪਾਰ ਲਈ ਵਧੇਰੇ ਪਹੁੰਚ: ਪ੍ਰਸਤਾਵਿਤ ਪ੍ਰੋਜੈਕਟ, ਚੰਗੇ ਬੁਨਿਆਦੀ ਢਾਂਚੇ ਦੇ ਵਿਕਾਸ ਦੁਆਰਾ, ਵਿਸ਼ਾਲ ਅਤੇ ਵੱਖੋ-ਵੱਖਰੇ ਨਿਵੇਸ਼ਾਂ ਅਤੇ ਗੁਣਵੱਤਾ ਦੇ ਆਧਾਰ ਤੇ ਵਿਸ਼ਾਲ ਬਾਜ਼ਾਰ ਤੱਕ ਵਪਾਰ ਦੀ ਪਹੁੰਚ ਨਿਸਚਿੰਤ ਕਰੇਗਾ| ਇਸ ਦੇ ਅਧੀਨ ਹੋਣ ਵਾਲੀ ਉਚ ਦਰਜੇ ਦੀ ਉਸਾਰੀ ਨਾਲ ਕਈ ਅਗਾਹਵਧੂ ਅਤੇ ਵਪਾਰਕ ਗਤੀਵੀਧੀਆਂ ਨੂੰ ਹੱਲਾਸ਼ੇਰੀ ਮਿਲੇਗੀ|
- ਬਿਹਤਰ ਅਤੇ ਵੰਨ-ਸੁਵੰਨ ਉਤਪਾਦ: ਬਿਹਤਰ ਬੁਨਿਆਦੀ ਢਾਂਚਾ, ਸੁਧਰੀ ਸੜਕ ਪ੍ਰਣਾਲੀ ਰਾਹੀਂ ਵਿਭਿੰਨ ਬਾਜ਼ਾਰਾਂ ਤੱਕ ਪਹੁੰਚ ਦੀ ਸਹੂਲਤ ਦੇਵੇਗਾ |
- ਪ੍ਰਤਿਸ੍ਪਰਧਾ ਵਿਚ ਵਾਧਾ: ਜਦੋਂ ਟ੍ਰਾਂਸਪੋਰਟ ਕੁਸ਼ਲ ਹੁੰਦੀ ਹੈ, ਤਾਂ ਸਾਮਾਨ ਅਤੇ ਸੇਵਾਵਾਂ ਲਈ ਮਾਰਕੀਟ ਵਿਸ਼ਾਲ ਹੁੰਦੀ ਜਾਂਦੀ ਹੈ, ਜਿਸਦੇ ਨਤੀਜੇ ਵਜੋਂ ਬਜ਼ਾਰ ਵਿਚ ਪ੍ਰਤਿਸ੍ਪਰਧਾ ਵੱਧਦੀ ਹੈ| ਇਸ ਨਾਲ ਗ੍ਰਾਹਕਾਂ ਨੂੰ ਚੋਣ ਕਰਨ ਲਈ ਬਹੁਤ ਸਾਰੀਆਂ ਵਸਤੂਆਂ ਅਤੇ ਸੇਵਾਵਾਂ, ਘੱਟ ਲਾਗਤ ਅਤੇ ਸੁਧਰੀ ਗੁਣਵੱਤਾ ਦੇ ਲਾਭ ਨਾਲ ਮਿਲਦੀਆਂ ਹਨ | ਪ੍ਰਤਿਸ੍ਪਰਧਾ ਤਕਨੀਕੀ ਨਵੀਨਤਾ ਅਤੇ ਤਰੱਕੀ ਨੂੰ ਵੀ ਵਧਾਉਂਦੀ ਹੈ|
- ਜ਼ਮੀਨ ਦੇ ਮੁੱਲ ਵਿੱਚ ਵਾਧਾ:ਖੇਤਰਾਂ ਨੂੰ ਜੋੜਨ ਵਾਲੀਆਂ ਸੜਕਾਂ ਅਤੇ ਹਾਈਵੇਜ਼ ਦੇ ਨਾਲ, ਬੁਨਿਆਦੀ ਢਾਂਚੇ ਵਿਚ ਸੁਧਾਰ ਹੁੰਦਾ ਹੈ| ਇਸ ਨਾਲ ਨੇੜਲੇ ਇਲਾਕਿਆਂ ਵਿਚ ਜ਼ਮੀਨ ਦੀ ਕੀਮਤਾਂ ਵਿਚ ਤੁਲਨਾਤਮਕ ਵਾਧਾ ਹੋ ਸਕਦਾ ਹੈ|

ਆਮ ਤੌਰ 'ਤੇ ਵਿਕਾਸ ਉਹੀ ਲੋਕ ਪ੍ਰਾਪਤ ਕਰਦੇ ਹਨ ਜੋ ਵਿਕਾਸ ਪ੍ਰਕਿਰਿਆ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਦੇ ਹਨ| ਪ੍ਰੋਜੈਕਟ ਦੇ ਨਕਾਰਾਤਮਕ ਪ੍ਰਭਾਵ ਕਈ ਪੱਖਾਂ ਵਿੱਚ ਅਗਲੀ ਪੀੜ੍ਹੀ ਤੱਕ ਫੈਲ ਜਾਂਦੇ ਹਨ| ਬਹੁਤ ਸਾਰੇ ਹਿੱਸੇਦਾਰ ਚਿੰਤਤ ਸਨ ਕਿ ਉਹ ਇਸ ਪ੍ਰੋਜੈਕਟ ਵਿਚ ਆਪਣੀ ਰੋਜ਼ੀ-ਰੋਟੀ ਅਤੇ ਆਮਦਨ ਦੇ ਸਰੋਤ ਗੁਆ ਦੇਣਗੇ|

ਪਿਛਲੀ ਭੂਮੀ ਪ੍ਰਾਪਤੀ ਵਿਚ ਮੁਆਵਜ਼ੇ ਦੇ ਨਾਕਾਫ਼ੀ ਹੋਣ ਅਤੇ ਭੂਮੀ ਪ੍ਰਾਪਤੀ ਦੀ ਮੁਸ਼ਕਲ ਪ੍ਰਕਿਰਿਆ ਦੇ ਕਾਰਨ ਉਹ ਪ੍ਰੋਜੈਕਟ ਬਾਰੇ ਚਿੰਤਤ ਸਨ| ਭੂਮੀ ਪ੍ਰਾਪਤੀ ਦਾ ਹਮੇਸ਼ਾ ਵਿਰੋਧ ਹੁੰਦਾ ਰਿਹਾ ਹੈ| ਉੱਤਰਦਾਤਾਵਾਂ ਵਿੱਚ ਭੂਮੀ ਪ੍ਰਾਪਤੀ ਦੇ ਵਿਰੋਧ ਦੇ ਕਾਰਨ ਅਤੇ ਨਕਾਰਾਤਮਕ ਪ੍ਰਭਾਵ ਸੂਚੀਬੱਧ ਕੀਤੇ ਗਏ ਹਨ|

**8.2 ਪ੍ਰਸਤਾਵਿਤ ਪ੍ਰੋਜੈਕਟ ਦੇ ਹਿੱਸੇਦਾਰਾਂ ਦੁਆਰਾ ਦੱਸੇ ਨਕਾਰਾਤਮਕ ਅਸਰ:**

- ਜੱਦੀ ਜਾਇਦਾਦ ਦਾ ਨੁਕਸਾਨ: ਪਿੰਡ ਦੇ ਲੋਕ ਜੱਦੀ ਜਾਇਦਾਦ ਗੁਆ ਰਹੇ ਸਨ| ਉਨ੍ਹਾਂ ਦੀਆਂ ਭਾਵਨਾਵਾਂ ਜ਼ਮੀਨ ਨਾਲ ਜੁੜੀਆਂ ਸੀ, ਕਿਉਂਕਿ ਇਹ ਸੰਪੱਤੀ ਪੀੜ੍ਹੀ ਦਰ ਪੀੜ੍ਹੀ ਮਿਲੀ ਸੀ| ਉਹ ਇਸ ਜ਼ਮੀਨ ਨੂੰ ਆਪਣੇ ਜੱਦੀ ਮਲਕੀਅਤ ਵਜੋਂ ਮੰਨਦੇ ਸਨ| ਜਿਵੇਂ ਕਿ ਜਵਾਬ ਦੇਣ ਵਾਲਿਆਂ ਵਿੱਚੋਂ ਇੱਕ ਹਿਸੇਦਾਰ ਦੁਆਰਾ ਕਿਹਾ ਗਿਆ - "*ਇਹ ਸਾਡੀ ਜੱਦੀ ਜ਼ਮੀਨ ਹੈ"|*
- ਉਪਜਾਊ ਜ਼ਮੀਨ ਦੀ ਘਾਟ/ ਨੁਕਸਾਨ: ਇਹ ਜ਼ਮੀਨ ਪਿੰਡਾਂ ਦੇ ਲੋਕਾਂ ਦੀ ਆਮਦਨ ਦਾ ਸਰੋਤ ਸੀ | ਉਹ ਪ੍ਰਭਾਵਿਤ ਜ਼ਮੀਨ ਵਿੱਚ ਫਸਲਾਂ ਜਿਵੇਂ ਕਿ ਕਣਕ, ਚੌਲ ਅਤੇ ਮੱਕੀ ਪੈਦਾ ਕਰ ਰਹੇ ਸਨ| ਇਸ ਲਈ, ਉਹ ਪ੍ਰੋਜੈਕਟ ਵਿਚ ਆਪਣੀ ਉਪਜਾਊ ਜ਼ਮੀਨ ਦੇ ਨੁਕਸਾਨ ਬਾਰੇ ਚਿੰਤਤ ਸਨ|
- ਰੁੱਖਾਂ ਦਾ ਨੁਕਸਾਨ: ਪ੍ਰਭਾਵਿਤ ਜ਼ਮੀਨ ਤੇ ਅੰਬ, ਅਮਰੂਦ, ਨਿਮ, ਸਫੈਦਾ ਵਰਗੇ ਕੁਝ ਰੁੱਖ ਲੱਗੇ ਹੋਣ ਦੀ ਜਾਣਕਾਰੀ ਮਿਲੀ ਹੈ| ਜ਼ਮੀਨ ਪ੍ਰਾਪਤੀ ਨਾਲ ਇਹ ਸਾਰੇ ਦਰੱਖਤਾਂ ਦਾ ਨੁਕਸਾਨ ਹੋਵੇਗਾ |
- ਪਸ਼ੂਆਂ ਲਈ ਚਾਰੇ ਦੀ ਘਾਟ: ਜ਼ਿਆਦਾਤਰ ਹਿੱਸੇਦਾਰਾਂ ਨੇ ਪ੍ਰਭਾਵਿਤ ਜ਼ਮੀਨ ਤੇ ਚਾਰੇ ਦੀ ਬਿਜਾਈ ਕੀਤੀ ਸੀ| ਉਹ ਚਿੰਤਤ ਸਨ ਕਿ ਪ੍ਰੋਜੈਕਟ ਵਿੱਚ ਜ਼ਮੀਨ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਪਸ਼ੂਆਂ ਲਈ ਚਾਰਾ ਬਾਹਰੋਂ ਖਰੀਦਣਾ ਪਵੇਗਾ|
- ਗ਼ੈਰ- ਪ੍ਰਾਪਤ ਭੂਮੀ ਦੀ ਬਰਬਾਦੀ: ਹਿੱਸੇਦਾਰਾਂ ਨੇ ਇਹ ਗੱਲ ਉਜਾਗਰ ਕੀਤੀ ਕਿ ਜੇਕਰ ਪ੍ਰਸਤਾਵਿਤ ਪ੍ਰੋਜੈਕਟ ਅਧੀਨ ਕਿਸੇ ਵਿਅਕਤੀ ਦੀ ਜ਼ਮੀਨ ਦੇ ਮੁੱਖ ਹਿੱਸੇ ਵਿੱਚੋਂ ਜ਼ਮੀਨ ਪ੍ਰਾਪਤ ਕੀਤੀ ਜਾ ਰਹੀ ਹੈ ਤਾਂ ਸੜਕ ਦੇ ਦੋਵੇਂ ਪਾਸੇ ਜ਼ਮੀਨ ਦੇ ਛੋਟੇ ਹਿੱਸੇ ਬੇਕਾਰ ਹੋ ਜਾਣਗੇ| ਜ਼ਮੀਨਧਾਰਕ ਇਸ ਛੋਟੇ ਹਿੱਸੇ ਨੂੰ ਨਾ

ਖੇਤੀਬਾੜੀ ਅਤੇ ਨਾ ਕਿਸੇ ਹੋਰ ਉਦੇਸ਼ ਲਈ ਵਰਤ ਸਕਣਗੇ| ਇਸ ਲਈ,ਉਹਨਾਂ ਵੱਲੋਂ ਜ਼ਿਕਰ ਕੀਤਾ ਗਿਆ ਕਿ ਸੜਕ ਦੇ ਨਾਲ-ਨਾਲ ਬਾਕੀ ਰਹਿੰਦੀ ਜ਼ਮੀਨ ਵੀ ਹਾਸਲ ਕੀਤੀ ਜਾਣੀ ਚਾਹੀਦੀ ਹੈ| ਇਹ ਜ਼ਮੀਨਧਾਰਕ ਲਈ ਇਕ ਵੱਡੀ ਚਿੰਤਾ ਸੀ, ਕਿਉਂਕਿ ਜ਼ਮੀਨ ਪ੍ਰਾਪਤ ਕਰਨ ਤੋਂ ਬਾਅਦ ਬਾਕੀ ਬਚੀ ਜ਼ਮੀਨ ਲਾਭਹੀਨ ਹੋ ਜਾਵੇਗੀ|

- ਨਿਸ਼ਾਨ ਲਗਾਉਣ ਤੋਂ ਬਾਅਦ ਜ਼ਮੀਨ ਦੀ ਵਰਤੋਂ ਨਹੀਂ ਹੋ ਰਹੀ: ਅਕਸਰ ਜ਼ਮੀਨ ਪ੍ਰਾਪਤੀ ਦੀ ਪ੍ਰਕਿਰਿਆ ਵਿੱਚ ਕਈ ਸਾਲ ਲੱਗਦੇ ਹਨ ਅਤੇ ਇੱਥੇ ਉੱਤਰਦਾਤਾਵਾਂ ਨੇ ਇਹ ਦਰਜ ਕਰਵਾਇਆ ਕਿ ਜਦੋਂ ਤੋਂ ਉਨ੍ਹਾਂ ਦੀ ਜ਼ਮੀਨ ਨੂੰ ਪ੍ਰਾਪਤੀ ਲਈ ਚਿੰਨ੍ਹਿਤ ਕੀਤਾ ਗਿਆ ਸੀ, ਉਦੋਂ ਤੋਂ ਉਹ ਖੇਤੀਬਾੜੀ ਲਈ ਆਪਣੀ ਜ਼ਮੀਨ ਦੀ ਵਰਤੋਂ ਨਹੀਂ ਕਰ ਪਾ ਰਹੇ ਹਨ|
- ਵਾਰ ਵਾਰ ਜ਼ਮੀਨ ਪ੍ਰਾਪਤੀ: ਕਈ ਥਾਵਾਂ ਤੇ ਸਰਕਾਰ ਨੇ ਵੱਖ ਵੱਖ ਪ੍ਰਾਜੈਕਟਾਂ ਲਈ ਕਈ ਵਾਰ ਜ਼ਮੀਨ ਪ੍ਰਾਪਤ ਕੀਤੀ ਸੀ| ਉੱਤਰਦਾਤਾਵਾਂ ਨੇ ਕਿਹਾ ਕਿ ਜ਼ਮੀਨ ਪ੍ਰਾਪਤੀ ਲਈ ਸਰਕਾਰ ਕੋਲ ਕੋਈ ਲੰਮੀ-ਮਿਆਦ ਦੀ ਯੋਜਨਾ ਨਹੀਂ ਹੈ| ਉਨ੍ਹਾਂ ਦੇ ਪਿਛਲੇ ਭੈੜੇ ਅਨੁਭਵ ਸਨ; ਇਸੇ ਕਰਕੇ ਉਹ ਨਰਾਜ਼ ਸਨ ਕਿ ਉਨ੍ਹਾਂ ਦੀ ਜ਼ਮੀਨ ਨੂੰ ਵਾਰ-ਵਾਰ ਲਿਆ ਜਾ ਰਿਹਾ ਹੈ| ਉੱਤਰਦਾਤਾਵਾਂ ਨੇ ਕਿਹਾ ਕਿ ਉਨ੍ਹਾਂ ਦੀ ਜ਼ਮੀਨ ਨੂੰ ਪਹਿਲਾਂ ਵੀ 3-4 ਵਾਰ ਪ੍ਰਾਪਤ ਕੀਤਾ ਗਿਆ ਸੀ| ਇਕ ਉੱਤਰਦਾਤਾ ਨੇ ਦੱਸਿਆ ਕਿ ਪਿਛਲੀ ਜ਼ਮੀਨ ਪ੍ਰਾਪਤੀਆਂ ਵਿੱਚ ਤਣਾਅ ਅਤੇ ਚਿੰਤਾ ਦੇ ਕਾਰਨ ਉਸਦੇ ਪਿਤਾ ਨੂੰ ਦਿਲ ਦਾ ਦੌਰਾ ਪਿਆ ਅਤੇ ਉਹਨਾਂ ਦੀ ਮੌਤ ਹੋ ਗਈ ਸੀ|
- ਵਿਸਥਾਪਨ/ ਉਜਾੜਾ: ਹਿੱਸੇਦਾਰਾਂ ਨੇ ਦੱਸਿਆ ਕਿ ਜ਼ਮੀਨ ਪ੍ਰਾਪਤੀ ਦੇ ਕਾਰਨ  ਉਨ੍ਹਾਂ ਦੇ ਪਰਿਵਾਰ ਵਿਸਥਾਪਿਤ ਹੋਣਗੇ ਕਿਉਂਕਿ ਜ਼ਿਆਦਾਤਰ ਲੋਕ ਨੇੜਲੇ ਇਲਾਕਿਆਂ ਵਿਚ ਜ਼ਮੀਨ ਖਰੀਦਣ ਲਈ ਮਜ਼ਬੂਰ ਹੋ ਰਹੇ ਸਨ| ਇਸ ਕਰਕੇ ਉਹ ਹੌਲੀ ਹੌਲੀ ਚੰਡੀਗੜ ਤੋਂ ਦੂਰ ਹੁੰਦੇ ਜਾ ਰਹੇ ਸਨ| ਉਹ ਪਰੇਸ਼ਾਨ

ਸਨ ਕਿ ਸਰਕਾਰ ਨੇ ਪ੍ਰਵਾਸੀ ਆਬਾਦੀ ਲਈ ਸਹੂਲਤਾਂ ਵਧਾ ਦਿੱਤੀਆਂ ਅਤੇ ਮੂਲ ਵਾਸੀਆਂ ਨੂੰ ਆਪਣੇ ਵਤਨ ਤੋਂ ਦੂਰ ਧੱਕਿਆ ਜਾ ਰਿਹਾ ਸੀ|

- ਆਮਦਨ ਦਾ ਘਾਟਾ: ਖੇਤੀ ਆਵਾਸੀ ਅਤੇ ਖੁਰਾਕ ਸੁਰੱਖਿਆ ਨੂੰ ਸਮਰਥਨ ਕਰਨ ਲਈ ਕਾਫੀ ਲਾਭਦਾਇਕ ਹੁੰਦੀ ਹੈ| ਮੁਆਵਜ਼ੇ ਦੇ ਪ੍ਰਬੰਧਨ, ਨਿਵੇਸ਼ ਦੇ ਸਹੀ ਤਰੀਕੇ ਅਤੇ ਹੁਨਰ ਦੇ ਬਗੈਰ (ਜੇ ਮੁਆਵਜ਼ਾ ਕਿਸੇ ਵੀ ਨਿਵੇਸ਼ ਨੂੰ ਪੂਰਾ ਕਰਨ ਲਈ ਕਾਫੀ ਹੈ) ਕਿਸਾਨ ਦੀ ਜ਼ਮੀਨ ਅਤੇ ਕਮਾਈ ਦਾ ਸਾਧਨ ਦੋਨੋ ਖ਼ਤਮ ਹੋ ਸਕਦੇ ਹਨ| ਇਸ ਤਰ੍ਹਾਂ ਕਿਸਾਨ ਕੋਲ ਨਾ ਹੀ ਆਪਣੇ ਸਮਰਥਨ ਲਈ ਕੋਈ ਆਮਦਨ ਰਹੇਗੀ ਅਤੇ ਨਾ ਹੀ ਕੋਈ ਹੁਨਰ ਜਿਸ ਨਾਲ ਉਹ ਨੌਕਰੀ ਕਰਕੇ ਮਾਰਕੀਟ ਵਿਚ ਮੁਕਾਬਲਾ ਕਰ ਸਕੇ | ਹਿੱਸੇਦਾਰਾਂ ਅਨੁਸਾਰ ਜ਼ਮੀਨ ਪ੍ਰਾਪਤ ਕਰਨ ਨਾਲ ਕਿਸਾਨਾਂ ਦੇ ਸਮਾਜਿਕ-ਆਰਥਿਕ ਹਾਲਾਤਾਂ 'ਤੇ ਮਹੱਤਵਪੂਰਨ ਨਕਾਰਾਤਮਕ ਅਸਰ ਪੈ ਸਕਦਾ ਹੈ|
- ਰੋਜ਼ਗਾਰ ਦੇ ਪ੍ਰੰਪਰਾਗਤ ਢੰਗਾਂ ਦਾ ਨੁਕਸਾਨ ਅਤੇ ਬੇਰੁਜ਼ਗਾਰੀ: ਖੇਤੀਬਾੜੀ ਰੋਜ਼ਗਾਰ ਦਾ ਸਾਧਨ ਹੈ ਅਤੇ ਭੂਮੀ ਦੇ ਨੁਕਸਾਨ ਦਾ ਅਰਥ ਹੈ ਰੋਜ਼ਗਾਰ ਦੇ ਰਵਾਇਤੀ ਢੰਗਾਂ ਦਾ ਨੁਕਸਾਨ| ਜ਼ਮੀਨ ਦੇ ਨੁਕਸਾਨ ਨਾਲ ਕਿਸਾਨ ਦਾ ਖੇਤੀਬਾੜੀ ਦਾ ਹੁਨਰ ਤਬਾਹ ਹੋ ਜਾਵੇਗਾ| ਖੇਤੀਬਾੜੀ ਦੀ ਜ਼ਮੀਨ ਦੇ ਨੁਕਸਾਨ ਕਾਰਨ ਪੀੜ੍ਹੀ ਦਰ ਪੀੜ੍ਹੀ ਅੱਗੇ ਸੌਂਪੀ ਗਈ ਖੇਤੀਬਾੜੀ ਦੀ ਕੁਸ਼ਲਤਾ ਖਤਮ ਹੋ ਜਾਵੇਗੀ | ਉਨ੍ਹਾਂ ਨੇ ਇਹ ਗੱਲ ਉਜਾਗਰ ਕੀਤੀ ਕਿ ਕਿਸਾਨ ਪੂਰੀ ਤਰ੍ਹਾਂ "ਪੌਦਾ ਵਿਗਿਆਨੀ" ਹਨ | ਹਿੱਸੇਦਾਰਾਂ ਨੇ ਦੱਸਿਆ ਕਿ ਖੇਤੀਬਾੜੀ ਤੋਂ ਇਲਾਵਾ ਉਹ ਕਿਸੇ ਵੀ ਹੋਰ ਕਿੱਤੇ ਵੱਲ ਝੁਕਾਅ ਨਹੀਂ ਰੱਖਦੇ ਸਨ|
- ਹਵਾ-ਪ੍ਰਦੂਸ਼ਣ / ਹਾਦਸਿਆਂ / ਅਪਰਾਧ ਵਿਚ ਵਾਧਾ: ਹਿੱਸੇਦਾਰਾਂ ਦੇ ਅਨੁਸਾਰ; ਸੜਕ ਆਵਾਜਾਈ ਵਿੱਚ ਵਾਧਾ ਅਤੇ ਵਾਹਨਾਂ ਦੀ ਤੇਜ਼ ਰਫਤਾਰ ਨਾਲ ਸੜਕ ਦੁਰਘਟਨਾਵਾਂ ਦੀ ਗਿਣਤੀ ਵਿੱਚ ਵਾਧਾ ਹੋ ਸਕਦਾ ਹੈ| ਵਾਹਨਾਂ ਦੀ ਆਵਾਜਾਈ ਵਿੱਚ ਵਾਧਾ, ਹਵਾ -ਪ੍ਰਦੂਸ਼ਣ ਵਿੱਚ ਵਾਧਾ ਕਰ ਸਕਦਾ ਹੈ| ਬਿਹਤਰ ਆਵਾਜਾਈ, ਨੌਕਰੀ / ਸਿੱਖਿਆ ਦੇ ਮੌਕਿਆਂ ਦਾ ਅਰਥ ਹੈ ਨੇੜਲੇ ਖੇਤਰ ਤੋਂ ਆਵਾਸ/ਇਮੀਗ੍ਰੇਸ਼ਨ ਵਧਣ

ਦਾ ਖਤਰਾ ਹੈ | ਇਸ ਨਾਲ ਬਹੁਤ ਜ਼ਿਆਦਾ ਭੀੜ-ਭੜੱਕੇ, ਸਰੋਤਾਂ ਦੀ ਵਰਤੋਂ ਵਿਚ ਵਾਧਾ ਅਤੇ ਵਾਤਾਵਰਣ ਦਾ ਪਤਨ ਹੋ ਸਕਦਾ ਹੈ| ਭੀੜ-ਭੜੱਕੇ ਕਾਰਨ ਖੇਤਰ ਵਿੱਚ ਜੁਰਮ ਵਿੱਚ ਵਾਧਾ ਹੋ ਸਕਦਾ ਹੈ|

- ਹਿੱਸੇਦਾਰਾਂ ਅਨੁਸਾਰ ਜ਼ਮੀਨ ਪ੍ਰਾਪਤੀ ਅਧਿਕਾਰੀ ਨੇ ਭੂਮੀ ਪ੍ਰਾਪਤੀ, ਮੁੜ ਵਸੇਬਾ ਅਤੇ ਪੁਨਰਵਾਸ (ਆਰ.ਐਫ.ਸੀ.ਟੀ.ਐਲ.ਆਰ.ਆਰ.) ਐਕਟ, 2013 ਵਿਚ ਤਬਦੀਲੀਆਂ ਕੀਤੀ ਹੈ ਜੋ ਕਿ ਅਯੋਗ ਅਤੇ ਅਨੁਚਿਤ ਹਨ|
- ਅਪੂਰਨ ਮੁਆਵਜ਼ਾ: ਉੱਤਰਦਾਤਾ ਮਹਿਸੂਸ ਕਰਦੇ ਸਨ ਕਿ ਪਿਛਲੀ ਭੂਮੀ ਪ੍ਰਾਪਤੀ ਵਿਚ ਉਹਨਾਂ ਨੂੰ ਦਿੱਤਾ ਗਿਆ ਮੁਆਵਜ਼ਾ ਨਿਰਪੱਖ ਅਤੇ ਢੁਕਵਾਂ ਨਹੀਂ ਸੀ| ਇਸ ਲਈ ਉਹ ਇਸ ਵਾਰ ਮਿਲਣ ਵਾਲੇ ਮੁਆਵਜ਼ੇ ਬਾਰੇ ਚਿੰਤਤ ਸਨ|

ਹਿੱਸੇਦਾਰਾਂ ਦੇ ਪ੍ਰਤੀਨਿਧ ਦੁਆਰਾ ਉਹਨਾਂ ਦੀ ਪ੍ਰਮੁੱਖ ਚਿੰਤਾਵਾਂ ਅਤੇ ਮੰਗਾਂ ਨੂੰ ਐਸ.ਆਈ.ਏ ਟੀਮ ਨੂੰ ਲਿਖਿਤ ਤੌਰ ਤੇ ਸੌਂਪਿਆ ਗਿਆ ਸੀ| (ਅਨੁਲੱਗ-X)

ਕੋਈ ਵੀ ਵਿਕਾਸ ਪ੍ਰੋਜੈਕਟ ਆਪਣੇ ਆਪ ਵਿਚ ਖੁਸ਼ਹਾਲੀ, ਰੁਜ਼ਗਾਰ ਦੇ ਮੌਕਿਆਂ, ਆਵਾਜਾਈ ਦੀਆਂ ਸਹੂਲਤਾਂ ਅਤੇ ਵਿਦਿਅਕ ਸੁਧਾਰ ਅਤੇ ਹੋਰ ਸਹੂਲਤਾਂ ਵਿਚ ਵਾਧੇ ਦੇ ਵਾਅਦੇ ਲਿਆਉਂਦਾ ਹੈ, ਜਿਸ ਨਾਲ ਇਸ ਖੇਤਰ ਦੇ ਆਰਥਿਕ ਵਿਕਾਸ 'ਤੇ ਸਕਾਰਾਤਮਕ ਪ੍ਰਭਾਵ ਹੁੰਦਾ ਹੈ| ਪਰ ਇਹਨਾਂ ਹਾਲਾਤਾਂ ਦੇ ਨਾਲ-ਨਾਲ ਕਮਜ਼ੋਰ ਸਮੂਹਾਂ ਦਾ ਉਜਾੜਾ, ਸਮਾਜ ਦੇ ਕਿਸੇ ਖ਼ਾਸ ਹਿੱਸੇ ਲਈ ਰੁਜ਼ਗਾਰ ਦੀ ਘਾਟ ਅਤੇ ਰੋਜ਼ਾਨਾ ਸਮਾਜਿਕ -ਸਭਿਆਚਾਰਕ ਕੰਮਾਂ ਵਿਚ ਰੁਕਾਵਟਾਂ ਵੀ ਵਾਪਰਦੀਆਂ ਹਨ|

ਪ੍ਰੋਜੈਕਟ- “ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ 39 ਤੱਕ” ਦੇ ਸਕਾਰਾਤਮਕ ਪ੍ਰਭਾਵ ਕੁਛ ਸਮੇਂ ਬਾਅਦ ਵਿਚ ਨਕਾਰਾਤਮਕ ਪ੍ਰਭਾਵ ਤੇ ਭਾਰੀ ਪੈਣਗੇ| ਇਸ ਤਰ੍ਹਾਂ, ਸਮੇਂ ਨਾਲ ਇਹ ਪ੍ਰੋਜੈਕਟ ਆਰਥਿਕ / ਬੁਨਿਆਦੀ ਢਾਂਚੇ ਦੇ ਵਿਕਾਸ ਦਾ ਇਕ ਸਦੀਵੀ ਸਰੋਤ ਹੋਵੇਗਾ| ਇਸ ਲਈ, ਵਿਆਪਕ ਰੁਜ਼ਗਾਰ ਅਸਮਾਨਤਾ ਨੂੰ ਧਿਆਨ ਵਿਚ ਰੱਖਦੇ ਹੋਏ, ਪ੍ਰਜੈਕਟਦੀ ਸਥਾਪਨਾ ਨੂੰ ਖੇਤਰ ਲਈ ਮਹੱਤਵਪੂਰਨ ਆਰਥਿਕ ਲੋੜ ਵਜੋਂ ਮੰਨਿਆ ਜਾ ਸਕਦਾ ਹੈ| ਪ੍ਰੋਜੈਕਟ ਲਈ ਜ਼ਮੀਨ ਪ੍ਰਾਪਤੀ, ਜ਼ਮੀਨ ਦੀ ਮਾਲਕੀ

ਅਤੇ ਨੇੜਲੇ ਇਲਾਕਿਆਂ ਵਿਚ ਜਮੀਨ ਦੇ ਮੁੱਲ ਯਕੀਨੀ ਤੌਰ 'ਤੇ ਸੁਧਾਰੇਗੀ| ਇਲਾਕੇ ਦਾ ਵਿਕਾਸ ਨਵੇਂ ਰੋਜ਼ੀ ਰੋਟੀ ਦੇ ਸਾਧਨ, ਵਪਾਰ, ਨਵੀਆਂ ਨੌਕਰੀਆਂ ਅਤੇ ਹੋਰ ਕਾਰੋਬਾਰੀ ਸੇਵਾਵਾਂ ਲਈ ਸਹੂਲਤਾਂ ਨੂੰ ਉਤਸ਼ਾਹਿਤ ਕਰੇਗਾ|

ਇਹ ਬਾਈਪਾਸ ਪ੍ਰੋਜੈਕਟ ਚੰਡੀਗੜ ਦੇ ਪਿੰਡ ਧਨਾਸ ਅਤੇ ਪਿੰਡ ਡੱਡੂ ਮਾਜਰਾ ਵਿਚੋਂ ਲੰਘਦਾ ਹੈ ਅਤੇ ਆਰ.ਐਫ.ਸੀ.ਟੀ.ਐਲ.ਆਰ.ਆਰ. ਐਕਟ, 2013 ਅਨੁਸਾਰ ਯੋਜਨਾਬੱਧ ਵਿਕਾਸ ਪ੍ਰੋਜੈਕਟ ਅਧੀਨ ਆਉਂਦਾ ਹੈ| ਇਹ ਸਪਸ਼ਟ ਤੌਰ ਤੇ ਦਰਸਾਉਂਦਾ ਹੈ ਕਿ ਇਸ ਪ੍ਰੋਜੈਕਟ ਦੇ ਕੋਲ ਇਕ ਜਨਤਕ ਉਦੇਸ਼ ਹੈ| ਸੜਕ ਪ੍ਰਣਾਲੀ ਬਹੁਤ ਹੱਦ ਤੱਕ ਸਾਮਾਨ ਅਤੇ ਸੇਵਾਵਾਂ ਦੀ ਦਰਾਮਦ ਅਤੇ ਨਿਰਯਾਤ ਵਿੱਚ ਸੁਧਾਰ ਕਰੇਗੀ ਅਤੇ ਇਸ ਨਾਲ ਲੋਕਾਂ ਦੀ ਰੋਜ਼ੀ ਰੋਟੀ / ਆਮਦਨ ਵਿਚ ਵਾਧਾ ਹੋਵੇਗਾ| ਕਿਉਂਕਿ ਉਤਪਾਦਾਂ ਨੂੰ ਵਧੀਆ ਸੜਕਾਂ ਰਾਹੀਂ ਅਸਾਨੀ ਨਾਲ ਲਿਜਾਇਆ ਜਾ ਸਕਦਾ ਹੈ, ਇਸ ਨਾਲ ਸਮਾਨ ਦੀ ਕੀਮਤ ਵੀ ਘੱਟ ਹੋਵੇਗੀ| ਇਸ ਬਾਈਪਾਸ ਰਾਹੀਂ, ਲੋਕ ਆਪਣੇ ਉਤਪਾਦਾਂ ਨੂੰ ਅਸਾਨੀ ਨਾਲ ਦੂਜੇ ਸਥਾਨਾਂ 'ਤੇ ਪਹੁੰਚਾ ਸਕਣਗੇ, ਜੋ ਉਨ੍ਹਾਂ ਦੇ ਉਤਪਾਦਨ ਨੂੰ ਮਹੱਤਵਪੂਰਣ ਰੂਪ ਨਾਲ ਵਧਾਏਗਾ| ਇਸ ਪ੍ਰੋਜੈਕਟ ਦੇ ਨਤੀਜੇ ਵੱਜੋਂ ਬੁਨਿਆਦੀ ਸਹੂਲਤਾਂ ਦੀ ਗਿਣਤੀ ਵਿਚ ਵਾਧਾ, ਪਿੰਡ ਦੇ ਲੋਕਾਂ ਦੀ ਸਮੁੱਚੀ ਭਲਾਈ ਕਰੇਗਾ| ਇਸ ਤਰ੍ਹਾਂ, ਪ੍ਰਸਤਾਵਤ ਬਾਈਪਾਸ ਰਾਹੀਂ ਸੜਕ ਦੇ ਵਧੀਆ ਨੈਟਵਰਕ ਨਾਲ ਖੇਤਰ ਦੇ ਸਮਾਜਿਕ-ਆਰਥਿਕ ਸਥਿਤੀ ਨੂੰ ਸੁਧਾਰਨ ਵਿੱਚ ਮਦਦ ਮਿਲੇਗੀ|

ਜ਼ਿਕਰਯੋਗ ਹੈ ਕਿ ਉਤਾਰਦਾਤਾਵਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਪਾਇਆ ਗਿਆ ਸੀ ਕਿ ਉਹ ਸੰਪਤੀ ਦੇ ਨੁਕਸਾਨ ਅਤੇ ਉਨ੍ਹਾਂ ਨੂੰ ਪ੍ਰਾਪਤ ਹੋਣ ਵਾਲੇ ਮੁਨਾਸਿਬ ਮੁਆਵਜ਼ੇ ਬਾਰੇ ਵਧੇਰੇ ਚਿੰਤਤ ਸਨ| ਨਾ ਕਿ ਅਣਗਿਣਤ ਵਾਤਾਵਰਣ ਅਤੇ ਸੱਭਿਆਚਾਰਕ ਨੁਕਸਾਨ ਬਾਰੇ| ਜਿਆਦਾਤਰ ਹਿੱਸੇਦਾਰਾਂ ਨੇ ਪੈਸਾ / ਜ਼ਮੀਨ / ਨੌਕਰੀਆਂ ਦੇ ਰੂਪ ਵਿੱਚ ਢੁਕਵੇਂ ਮੁਆਵਜ਼ੇ ਦੀ ਮੰਗ ਕੀਤੀ| ਜਿਆਦਾਤਰ ਉਨ੍ਹਾਂ ਨੇ ਪ੍ਰਤੀ ਏਕੜ ਕੋਈ ਕੀਮਤ ਦਾ ਹਵਾਲਾ ਨਹੀਂ ਦਿੱਤਾ ਅਤੇ ਚੰਡੀਗੜ ਦੀ ਸ਼ਹਿਰੀ ਖੇਤਰ ਦੇ ਬਰਾਬਰ ਮੁਆਵਜ਼ੇ ਦਰ ਦੀ ਮੰਗ ਕੀਤੀ| ਉਹ ਉਚਿਤ ਮੁਆਵਜ਼ੇ ਦੇ ਬਦਲੇ, ਚੰਡੀਗੜ੍ਹ ਦੇ ਵਿਕਾਸ ਲਈ ਜ਼ਮੀਨ ਦੇਣ ਲਈ ਸਹਿਮਤ ਸਨ|

ਅਗਲੇ ਅਧਿਆਇ ਵਿੱਚ, ਅਸੀਂ ਉਤਾਰਦਾਤਾਵਾਂ ਦੀ ਸਿਹਤ ਅਤੇ ਮਨੋਵਿਗਿਆਨ ਤੇ ਪ੍ਰੋਜੈਕਟ ਲਈ ਜ਼ਮੀਨ ਪ੍ਰਾਪਤੀ ਦੇ ਪ੍ਰਭਾਵ ਬਾਰੇ ਵਿਚਾਰ ਕਰਾਂਗੇ|

# ਅਧਿਆਇ 9

## ਭੂਮੀ ਅਧਿਗ੍ਰਹਿਣ ਦੇ ਸਿਹਤ ਅਤੇ ਮਨੋਵਿਗਿਆਨ ਤੇ ਪ੍ਰਭਾਵ

"ਸਿਹਤ ਨੂੰ ਕੇਵਲ ਬਿਮਾਰੀ ਦੀ ਗੈਰ ਹਾਜ਼ਰੀ ਨਾਲ ਨਹੀਂ ਪ੍ਰਭਾਸ਼ਿਤ ਕੀਤਾ ਜਾ ਸਕਦਾ, ਇਹ ਸੰਪੂਰਨ ਸਰੀਰਕ, ਮਾਨਸਿਕ ਅਤੇ ਸਮਾਜੀ ਤੰਦਰੁਸਤੀ ਦੀ ਅਵਸਥਾ ਹੈ" (ਡਬਲਿਊ.ਐਚ.ਓ. 1948: 100)

ਮਾਨਸਿਕ ਜਾਂ ਮਨੋਵਿਗਿਆਨਕ ਸਿਹਤ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ ਕਿ " ਉਹ ਅਵਸਥਾ ਜਿਸ ਵਿਚ ਹਰੇਕ ਵਿਅਕਤੀ ਆਪਣੀ ਸਮਰੱਥਾ ਨੂੰ ਅਨੁਭਵ ਕਰ ਸਕਦਾ ਹੈ ਅਤੇ ਹੋਣ ਵਾਲੇ ਆਮ ਤਣਾਵਾਂ ਨਾਲ ਨਜਿੱਠ ਸਕਦਾ ਹੈ, ਪ੍ਰਗਤੀਸ਼ੀਲ ਅਤੇ ਲਾਭਕਾਰੀ ਤਰੀਕੇ ਨਾਲ ਕੰਮ ਕਰ ਸਕਦਾ ਹੈ, ਅਤੇ ਉਹ ਆਪਣੇ ਸਮਾਜ ਵਿਚ ਵੀ ਯੋਗਦਾਨ ਸਕਦੇ ਹਨ "। (ਡਬਲਿਊ.ਐਚ.ਓ. 2003:4)

ਸ੍ਰੋਤ: **www.int/mental_health/ evidence/en/promoting_mhh.pdf**


ਇਹ ਅਧਿਆਇ ਵਿਚ ਸਮਾਜ ਵਿਚ ਭੂਮੀ ਪ੍ਰਾਪਤੀ ਦੇ ਭੌਤਿਕ ਅਤੇ ਮਨੋਵਿਗਿਆਨਕ ਸਿਹਤ ਦੇ ਪ੍ਰਭਾਵਾਂ ਤੋਂ ਜਾਣੂ ਕਰਵਾਏਗਾ। ਇਸ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ, ਜ਼ਮੀਨ ਪ੍ਰਾਪਤੀ ਦੇ ਕਾਰਨ ਪਿੰਡ ਵਾਸੀਆਂ ਦੀ ਖੇਤੀਬਾੜੀ 'ਤੇ ਬੁਰਾ ਅਸਰ ਪਵੇਗਾ। ਸਿੱਟੇ ਵਜੋਂ ਬਹੁਤ ਸਾਰੇ ਪਿੰਡ ਵਾਸੀ ਆਪਣੇ ਆਮਦਨ ਅਤੇ ਰੋਜ਼ੀ-ਰੋਟੀ ਦਾ ਮੁੱਖ ਸਰੋਤ ਗੁਆ ਸਕਦੇ ਹਨ। ਸਾਰਾ ਜੀਵਨ ਲਈ ਕੇਵਲ ਨਕਦ ਮੁਆਵਜ਼ਾ ਕਾਫੀ ਨਹੀਂ ਹੈ। ਜ਼ਿਆਦਾਤਰ ਪ੍ਰੋਜੈਕਟ ਪ੍ਰਭਾਵਿਤ ਪਰਿਵਾਰ ਰਕਮ ਨੂੰ ਦਿਖਾਵੇ ਉੱਤੇ ਖਰਚ ਕਰਦੇ ਹਨ, ਇਸ ਤਰ੍ਹਾਂ ਉਹ  ਆਪਣੇ ਪਰਿਵਾਰਾਂ ਨੂੰ ਮੰਦਭਾਗੀ ਹਾਲਤ ਵਿੱਚ ਪਹੁੰਚਾ ਸਕਦੇ ਹਨ। ਕਿਉਂਕਿ ਲਗਭਗ ਸਾਰੇ ਹੀ ਖੇਤੀਬਾੜੀ' ਤੇ ਨਿਰਭਰ ਹਨ, ਇਸ ਲਈ ਜ਼ਿਆਦਾਤਰ ਪਰਿਵਾਰਾਂ ਦੀ ਆਮਦਨ ਘੱਟ ਜਾਵੇਗੀ। ਇਹ ਪ੍ਰਤੱਖ ਅਤੇ ਅਪ੍ਰਤੱਖ ਤੌਰ ਤੇ ਉਹਨਾਂ ਦੀ ਸਿਹਤ ਨੂੰ ਪ੍ਰਭਾਵਤ ਕਰੇਗਾ।

ਜ਼ਮੀਨ ਪ੍ਰਾਪਤੀ ਦੇ ਕਾਰਨ ਜਦੋ ਜਮੀਨ ਨਹੀਂ ਰਹੇਗੀ, ਤਾਂ ਸਮਾਜ ਵਿਚ ਗਰੀਬੀ ਅਤੇ ਸਮਾਜਿਕ ਤਣਾਅ ਪੈਦਾ ਹੋ ਜਾਵੇਗਾ। ਇਹ ਅੱਗੇ ਜਾ ਕੇ ਹੋਰ ਅਸਥਿਰਤਾ ਅਤੇ ਨਿਰਾਸ਼ਾ ਪੈਦਾ ਕਰ ਸਕਦਾ ਹੈ, ਜਿਸ ਨਾਲ ਤਣਾਅ ਅਤੇ ਹੋਰ ਸਿਹਤ ਨਾਲ ਜੁੜੇ ਮੁੱਦਿਆਂ ਦਾ ਜਨਮ ਹੋ ਸਕਦਾ ਹੈ।

ਪ੍ਰਭਾਵਿਤ ਖੇਤਰ ਪਿੰਡ ਡੱਡੂ ਮਾਜਰਾ (67) ਅਤੇ ਧਨਾਸ (14) ਤੋਂ ਕੁੱਲ 81 ਉੱਤਰਦਾਤਾ (74 ਪੁਰਸ਼ ਅਤੇ 7 ਔਰਤਾਂ) ਦੀ ਇੰਟਰਵਿਊ ਕੀਤੀ ਗਈ ਸੀ। ਪ੍ਰੋਜੈਕਟ ਦੇ ਸਿਹਤ ਅਤੇ ਮਨੋਵਿਗਿਆਨਿਕ ਪ੍ਰਭਾਵਾਂ ਦੇ ਮੁਲਾਂਕਣ ਲਈ ਈ ਮਾਪਦੰਡ ਵਰਤੇ ਗਏ ਸਨ, ਸਰੀਰਕ ਸਮੱਸਿਆਵਾਂ ਵਿੱਚ ਛਾਤੀ ਵਿੱਚ ਦਰਦ, ਸਿਰ ਦਰਦ, ਖਿੱਝਣਾ, ਸਾਹ ਘੁੱਸਣਾ, ਦਿਲ ਦਾ ਦੌਰਾ, ਪੇਟ ਦਰਦ ਅਤੇ ਸਾਹ ਵਿਚ ਕਮੀ ਸ਼ਾਮਲ ਕੀਤੇ ਗਏ ਸਨ ਅਤੇ ਮਾਨਸਿਕ ਸਮੱਸਿਆਵਾਂ ਦਾ ਮੁਲਾਂਕਣ ਡਰ, ਬੇਹੱਦ ਚਿੰਤਾ ਅਤੇ ਨਿਰਾਸ਼ਾ ਵਾਲੇ ਮਾਪਦੰਡਾਂ ਦਾ ਇਸਤੇਮਾਲ ਕੀਤਾ ਗਿਆ ਸੀ।


9.1 ਸ਼ਰੀਰਕ ਸਮੱਸਿਆਵਾਂ

ਇਹਨਾਂ ਸਮੱਸਿਆਵਾਂ ਵਿੱਚ ਛਾਤੀ ਵਿੱਚ ਦਰਦ, ਸਿਰ ਦਰਦ, ਖਿੱਝਣਾ, ਸਾਹ ਲੈਣ ਵਿਚ ਪਰੇਸ਼ਾਨੀ, ਪੇਟ ਦਰਦ, ਦਿਲ ਦੇ ਦੌਰੇ ਅਤੇ ਸਾਹ ਦੀ ਸ਼ਿਕਾਇਤ ਸ਼ਾਮਲ ਹੈ।




**ਚਿੱਤਰ 9.1: ਡੱਡੂ ਮਾਜਰਾ ਪਿੰਡ ਦੇ ਉੱਤਰਦਾਤਾਵਾਂ ਵਿਚ ਸਰੀਰਕ ਸਮੱਸਿਆਵਾਂ**

ਚਿੱਤਰ 9.1 ਦਰਸਾਉਂਦਾ ਹੈ ਕਿ ਡੱਡੂ ਮਜਰਾ ਪਿੰਡ ਵਿਚ, ਬਹੁਤ ਘੱਟ ਉੱਤਰਦਾਤਾ ਛਾਤੀ ਵਿਚ ਦਰਦ ਅਤੇ ਪੇਟ ਵਿਚ ਦਰਦ ਦੀ ਸਮੱਸਿਆਵਾਂ ਸਨ। ਕੋਈ ਵੀ ਵਿਅਕਤੀ ਬਹੁਤ ਜਿਆਦਾ ਸਿਰ ਦਰਦ ਅਤੇ ਸਾਹ ਦੀ ਕਮੀ ਕਰਕੇ ਬਹੁਤ ਪਰੇਸ਼ਾਨ ਸੀ। ਕਿਸੇ ਵੀ ਵਿਅਕਤੀ ਨੂੰ ਦਮ ਘੁਟਣਾ ਅਤੇ ਦਿਲ ਦਾ ਦੌਰਾ ਵਰਗੀ ਸ਼ਿਕਾਇਤ ਨਹੀਂ ਸੀ।





**ਚਿੱਤਰ 9.2: ਧਨਾਸ ਪਿੰਡ ਦੇ ਉੱਤਰਦਾਤਾਵਾਂ ਵਿਚ ਸਰੀਰਕ ਸਮੱਸਿਆਵਾਂ**

ਚਿੱਤਰ 9.2 ਧਨਾਸ ਪਿੰਡ ਵਿੱਚ ਜ਼ਮੀਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਬਾਰੇ ਜਾਨਣ ਤੋਂ ਬਾਅਦ, ਕੋਈ ਵੀ ਵਿਅਕਤੀ ਗੰਭੀਰ ਸਿਹਤ ਮੁੱਦਿਆਂ ਦਾ ਸ਼ਿਕਾਰ ਨਹੀਂ ਸੀ। ਜ਼ਿਆਦਾਤਰ ਉੱਤਰਦਾਤਾਵਾਂ ਨੇ ਦੱਸਿਆ ਕਿ ਸਿਹਤ ਪੱਖੋਂ ਉਹਨਾਂ ਨੂੰ ਥੋੜੀ ਪਰੇਸ਼ਾਨੀ ਰਹਿੰਦੀ ਸੀ। ਇੱਥੇ ਵੀ, ਕਿਸੇ ਵੀ ਵਿਅਕਤੀ ਨੂੰ ਦਮ ਘੁਟਣਾ ਅਤੇ ਦਿਲ ਦਾ ਦੌਰਾ ਵਰਗੀ ਸ਼ਿਕਾਇਤ ਨਹੀਂ ਸੀ।


## 9.2 ਮਨੋਵਿਗਿਆਨਕ ਸਮੱਸਿਆਵਾਂ

ਮਨੋਵਿਗਿਆਨਕ ਸਮੱਸਿਆਵਾਂ ਦੇ ਤਹਿ ਤਕ ਜਾਣ ਲਈ ਐਸ.ਆਈ.ਏ. ਟੀਮ ਦੁਆਰਾ ਕਈ ਮਾਪਦੰਡ ਵਰਤੇ ਗਏ, ਜੋ ਪ੍ਰਸਤਾਵਿਤ ਪ੍ਰੋਜੈਕਟ ਕਰਨ ਪ੍ਰਭਾਵਿਤ ਆਬਾਦੀ ਦੀ ਮਨੋਵਿਗਿਆਨਕ ਸਥਿਤੀ ਨੂੰ ਸਮਝਣ ਵਿਚ ਮਦਦ ਕਰਦੇ ਹਨ। ਇਹ ਮਾਪਦੰਡ ਹਨ ਨਕਾਰਾਤਮਕ ਵਿਚਾਰ, ਬਹੁਤ ਜ਼ਿਆਦਾ ਚਿੰਤਾ, ਨਿਰਾਸ਼ਾ, ਸੌਣ ਵਿੱਚ ਮੁਸ਼ਕਲ, ਥਕਾਵਟ ਮਹਿਸੂਸ ਕਰਨਾ ਅਤੇ ਧਿਆਨ ਕੇਂਦ੍ਰਿਤ ਕਰਨ ਵਿੱਚ ਮੁਸ਼ਕਲ ਸੀ।.




**ਚਿੱਤਰ 9.3: ਡੱਡੂ ਮਾਜਰਾ ਪਿੰਡ ਦੇ ਉੱਤਰਦਾਤਾਵਾਂ ਦੁਆਰਾ ਦੱਸੀਆਂ ਮਾਨਸਿਕ ਸਮੱਸਿਆਵਾਂ**

ਪਿੰਡ ਡੱਡੂ ਮਾਜਰਾ ਵਿੱਚ, ਉੱਤਰ ਦੇਣ ਵਾਲਿਆਂ ਦੁਆਰਾ ਦਸਿਆ ਗਿਆ ਕਿ, ਪ੍ਰਸਤਾਵਿਤ ਪ੍ਰਜੈਕਟ ਉਹਨਾਂ ਦੇ ਮਨੋਵਿਗਿਆਨਕ ਸਿਹਤ ਤੇ ਮਾੜਾ ਅਸਰ ਪਾ ਰਿਹਾ ਸੀ। ਉਹਨਾਂ ਨੇ ਦੱਸਿਆ ਕਿ ਮਾਨਸਿਕ ਸਮੱਸਿਆਵਾਂ ਨੇ ਉਹਨਾਂ ਨੂੰ ਬਹੁਤ ਪਰੇਸ਼ਾਨ ਕੀਤਾ ਹੋਇਆ ਹੈ।




**ਚਿੱਤਰ 9.4: ਧਨਾਸ ਪਿੰਡ ਦੇ ਉੱਤਰਦਾਤਾਵਾਂ ਦੁਆਰਾ ਦੱਸੀਆਂ ਮਾਨਸਿਕ ਸਮੱਸਿਆਵਾਂ**

ਪਿੰਡ ਧਨਾਸ ਵਿਚ ਵੀ 14 ਵਿਚੋਂ ਕੁਝ ਉੱਤਰਦਾਤਾਵਾਂ ਨੇ ਦੱਸਿਆ ਕਿ ਉਹ ਮਨੋਵਿਗਿਆਨਕ ਤੌਰ ਤੇ ਕੁਝ ਪਰੇਸ਼ਾਨ ਸਨ।

ਜਿਆਦਾਤਰ ਉੱਤਰਦਾਤਾ ਆਮਦਨ ਦੇ ਨੁਕਸਾਨ ਅਤੇ ਉਹਨਾਂ ਨੂੰ ਪ੍ਰਾਪਤ ਹੋਣ ਵਾਲੇ ਮੁਆਵਜ਼ੇ ਦੀ ਰਕਮ ਬਾਰੇ ਚਿੰਤਤ ਸਨ। ਇਹ ਚਿੰਤਾ / ਤਣਾਅ ਉਹਨਾਂ ਦੇ ਮਨੋਵਿਗਿਆਨਿਕ ਸਥਿਤੀ ਨੂੰ ਨਕਾਰਾਤਮਕ ਤੌਰ ਤੇ ਪ੍ਰਭਾਵਿਤ ਕਰ ਰਿਹਾ ਸੀ।.

## 9.3 ਚਿੰਤਾ

ਦੋਵੇਂ ਪਿੰਡਾਂ ਵਿਚ, ਜ਼ਿਆਦਾਤਰ ਉੱਤਰਦਾਤਾ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਚਿੰਤਤ ਸਨ, ਉਹਨਾਂ ਦੇ ਅਨੁਸਾਰ, ਉਹਨਾਂ ਦੀ ਜ਼ਮੀਨ ਉਹਨਾਂ ਲਈ ਸਭ ਕੁਝ ਸੀ। ਜੇ ਉਹਨਾਂ ਦੀ ਜ਼ਮੀਨ ਨੂੰ ਲੈ ਲਿਆ ਜਾਵੇਗਾ ਤਾਂ ਉਹਨਾਂ ਨੂੰ ਚਿੰਤਾ ਸੀ ਕਿ, ਉਹਨਾਂ ਦੇ ਬੱਚੇ ਪੇਸ਼ੇਵਰ ਹੁਨਰਮੰਦ ਨਹੀਂ ਹਨ ਜੋ ਕਿਸੇ ਹੋਰ ਕਿੱਤੇ ਨੂੰ ਅਪਣਾ ਸਕਣ। ਉਹ ਜਜ਼ਬਾਤੀ ਤੌਰ 'ਤੇ ਆਪਣੀ ਜ਼ਮੀਨ ਨਾਲ ਜੁੜੇ ਹੋਏ ਸਨ ਅਤੇ ਉਹਨਾਂ ਨੇ ਇਸ ਨੂੰ ਉਪਜਾਊ ਬਣਾਉਣ ਲਈ

ਕੜੀ ਮਿਹਨਤ ਅਤੇ ਜੀਵਨ ਦੀ ਕਮਾਈ ਨਿਵੇਸ਼ ਕੀਤੀ ਹੈ। ਇਹ ਸਬ ਗੱਲਾਂ ਉਹਨਾਂ ਵਿੱਚ ਤਣਾਅ ਅਤੇ ਚਿੰਤਾ ਦਾ ਮੁੱਖ ਕਾਰਨ ਸੀ।

9.4 ਸ਼ਰਾਬ ਦਾ ਸੇਵਨ

81 ਵਿਚੋਂ ਬਹੁਤ ਥੋੜ੍ਹੇ ਉੱਤਰਦਾਤਾਵਾਂ ਨੇ ਸ਼ਰਾਬ ਦੇ ਸੇਵਨ ਬਾਰੇ ਦੱਸਿਆ । ਜਦਕਿ ਕਿਸੇ ਵੀ ਔਰਤ ਨੇ ਸ਼ਰਾਬ ਪੀਣ ਜਾਂ ਕਿਸੇ ਹੋਰ ਨਸ਼ਾ ਕਰਨ ਦੀ ਪੁਸ਼ਟੀ ਨਹੀਂ ਕੀਤੀ।

## 9.5 ਪ੍ਰੋਜੈਕਟ ਪ੍ਰਭਾਵਿਤ ਪਰਿਵਾਰ ਵਿਚ ਪ੍ਰਜੈਕਟ ਦੇ ਸੰਬੰਧ ਵਿਚ ਤਣਾਅ

ਦੋਵਾਂ ਪਿੰਡਾਂ ਦੇ ਪ੍ਰਜੈਕਟ ਪ੍ਰਭਾਵਿਤ ਪਰਿਵਾਰ ਇਸ ਪ੍ਰਜੈਕਟ ਵਿਚ ਆਪਣੀ ਜ਼ਿਆਦਾਤਰ ਖੇਤੀਬਾੜੀ ਜ਼ਮੀਨ ਦੇ ਨੁਕਸਾਨ ਨੂੰ ਲੈ ਕੇ ਤਣਾਅ ਵਿਚ ਸਨ। ਕਿਉਕਿ, ਉਹਨਾਂ ਦੀ ਸਮੂਚੀ ਆਰਥਿਕਤਾ ਅਤੇ ਰੁਜ਼ਗਾਰ ਇਸ 'ਤੇ ਨਿਰਭਰ ਸੀ। ਸਪਸ਼ਟ ਰੂਪ ਵਿੱਚ, ਉਹਨਾਂ ਤੇ ਤਣਾਅ / ਚਿੰਤਾ ਦੇ ਸੰਕੇਤ ਦਿਖਾਈ ਦੇ ਰਹੇ ਸਨ, ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਉਨ੍ਹਾਂ ਦੇ ਮਾਨਸਿਕ ਅਤੇ ਸਰੀਰਕ ਸਿਹਤ ਤੇ ਪ੍ਰਭਾਵ ਪਾ ਰਹੇ ਸਨ। ਉਹ ਖੇਤੀਬਾੜੀ ਜਮੀਨ ਦੇ ਨੁਕਸਾਨ ਅਤੇ ਰੋਜ਼ੀ-ਰੋਟੀ ਦਾ ਨੁਕਸਾਨ ਬਾਰੇ ਚਿੰਤਤ ਸਨ ਅਤੇ ਮੁੱਖ ਚਿੰਤਾ ਦਾ ਵਿਸ਼ਾ ਉਹਨਾਂ ਦੀ ਆਰਥਿਕ ਸਥਿਰਤਾ ਦਾ ਸੀ।

ਕੁਝ ਉੱਤਰਦਾਤਾਵਾਂ ਨੇ ਦਾਅਵਾ ਕੀਤਾ ਕਿ ਪ੍ਰਜੈਕਟ ਕਾਰਨ ਉਨ੍ਹਾਂ ਦਾ ਰੋਜ਼ਾਨਾ ਜੀਵਨ ਨਕਾਰਾਤਮਕ ਤੌਰ ਤੇ ਪ੍ਰਭਾਵਿਤ ਹੋਇਆ ਹੈ, ਕਿਉਂਕਿ ਉਹ ਇਸ ਭੂਮੀ ਪ੍ਰਾਪਤੀ ਤੋਂ ਬਹੁਤ ਚਿੰਤਤ ਅਤੇ ਨਿਰਾਸ਼ ਸਨ ਇਸ ਤੋਂ ਇਲਾਵਾ ਉਹ ਸੌਣ ਦੀਆਂ ਸਮੱਸਿਆਵਾਂ ਤੋਂ ਵੀ ਪੀੜਿਤ ਸੀ। ਉਹ ਜ਼ਮੀਨ ਦੀ ਪ੍ਰਾਪਤੀ ਦੇ ਬਾਅਦ ਪੁਨਰਵਾਸ ਅਤੇ ਮੁੜ ਵਸੇਬੇ ਬਾਰੇ ਲਗਾਤਾਰ ਸੋਚ ਰਹੇ ਸਨ। ਉਹ ਪੁਸ਼ਤੈਨੀ ਤੌਰ ਤੇ ਇੱਥੇ ਰਹਿ ਰਹੇ ਸਨ ਇਸ ਲਈ ਹੋਰ ਕਿਤੇ ਨਹੀਂ ਜਾਣਾ ਚਾਹੁੰਦੇ ਸਨ।

ਉਹਨਾਂ ਦੀ ਜ਼ਮੀਨ ਦੇ ਸੰਬੰਧ ਵਿੱਚ ਇਹ ਚਿੰਤਾਵਾਂ ਜਾਂ ਮੁੱਦੇ, ਉਹਨਾਂ ਦੀ ਮਨੋਵਿਗਿਆਨਕ ਜਾਂ ਮਾਨਸਿਕ ਸਿਹਤ 'ਤੇ ਪ੍ਰਤੱਖ ਰੂਪ ਵਿਚ ਅਸਰ ਪਾ ਰਹੇ ਹਨ ਜਾਂ ਨਹੀਂ ਪਰ ਕੁਝ ਲੋਕਾਂ ਨੇ ਸਰੀਰਕ ਸਮੱਸਿਆ ਅਤੇ ਮਨੋਵਿਗਿਆਨਕ ਸਮੱਸਿਆਵਾਂ ਦੀ ਪੁਸ਼ਟੀ ਕੀਤੀ ਹੈ।

ਇਸ ਅਧਿਆਇ ਵਿੱਚ, ਅਸੀਂ ਪ੍ਰਭਾਵਿਤ ਆਬਾਦੀ ਦੇ ਮਨੋਵਿਗਿਆਨਿਕ ਤਣਾਅ ਬਾਰੇ ਚਰਚਾ ਕੀਤੀ ਹੈ ਅਤੇ ਇਹ ਪਾਇਆ ਹੈ ਕਿ ਕੁਝ ਉੱਤਰਦਾਤਾਵਾਂ ਨੇ ਆਪਣੀ ਜ਼ਮੀਨ ਲਈ ਚਿੰਤਾ ਦੀ ਬਾਰੇ ਦੱਸਿਆ ਹੈ। ਉਹਨਾਂ ਦੀਆਂ ਚਿੰਤਾਵਾਂ ਅਤੇ ਚਿੰਤਾਵਾਂ ਹੇਠ ਲਿਖੇ ਸਨ:

• ਜੇ ਉਹ ਆਪਣੀ ਜ਼ਮੀਨ ਗੁਆ ਲੈਂਦੇ ਹਨ ਤਾਂ ਉਹ ਆਪਣੀ ਰੋਜ਼ੀ-ਰੋਟੀ ਲਈ ਬਚੀ ਹੋਈ ਜਮੀਨ ਨਾਲ ਉਹ ਕਿਵੇਂ ਗੁਜਾਰਾ ਕਰਨਗੇ?

• ਜੇ ਉਹਨਾਂ ਨੂੰ ਆਪਣੀ ਜ਼ਮੀਨ ਲਈ ਸਹੀ ਮੁਆਵਜ਼ਾ ਨਹੀਂ ਮਿਲਦਾ ਫੇਰ ਕੀ ਹੋਵੇਗਾ?

• ਸਰਕਾਰ ਦੁਆਰਾ ਉਹਨਾਂ ਦੀ ਜਮੀਨ ਕਿਸੇ ਵੀ ਹੱਥਕੰਡੇ ਨਾਲ ਲੈ ਲਈ ਜਾਵੇਗੀ

ਇਸ ਅਧਿਆਇ ਵਿੱਚ, ਇਹ ਉਜਾਗਰ ਕੀਤਾ ਗਿਆ ਹੈ ਕਿ ਇਸ ਪ੍ਰੋਜੈਕਟ ਨੇ ਕੁਝ ਹੱਦ ਤਕ ਉੱਤਰਦਾਤਾਵਾਂ ਦੇ ਸਰੀਰਕ / ਮਨੋਵਿਗਿਆਨਿਕ ਸਥਿਤੀ ਨੂੰ ਪ੍ਰਭਾਵਿਤ ਕੀਤਾ ਹੈ। ਉਹਨਾਂ ਵਿਚੋਂ ਜ਼ਿਆਦਾਤਰ ਸ਼ਹਿਰੀ ਅਸਟੇਟ ਰੇਟ ਅਤੇ ਭੂਮੀ ਐਕਵਾਇਰਮੈਂਟ ਐਕਟ 2013 ਦੇ ਅਨੁਸਾਰ ਆਪਣੇ ਪ੍ਰਭਾਵਿਤ ਭੂਮੀ ਲਈ ਯੋਗ ਮੁਆਵਜ਼ੇ ਦੀ ਮੰਗ ਕਰਦੇ ਸਨ। ਇਹ ਚਿੰਤਾ ਉਪਰੋਕਤ ਸਮੱਸਿਆਵਾਂ ਦਾ ਮੁੱਖ ਕਾਰਨ ਹੋ ਸਕਦਾ ਹੈ।

ਅਗਲੇ ਅਧਿਆਇ ਵਿਚ ਪ੍ਰੋਜੈਕਟ ਕਾਰਨ ਹੋਣ ਵਾਲੇ ਜਮੀਨ, ਘਰਬਾਰ ਅਤੇ ਹੋਰ ਉਸਾਰੀਆਂ ਦੇ ਨੁਕਸਾਨ ਦੀ ਸੂਚੀ ਬਾਰੇ ਚਰਚਾ ਕੀਤੀ ਜਾਵੇਗੀ।

# ਅਧਿਆਇ 10

## ਜਮੀਨ, ਘਰ ਅਤੇ ਹੋਰ ਢਾਂਚਿਆਂ ਦੇ ਨੁਕਸਾਨ ਦੀ ਸੂਚੀ

ਜਮੀਨ ਅਧਿਗ੍ਰਹਿਣ ਨਾ ਕੇਵਲ ਪ੍ਰੋਜੇਕਟ ਤੋਂ ਪ੍ਰਭਾਵਿਤ ਪਰਿਵਾਰਾਂ ਉਤੇ ਸਿਹਤ ਅਤੇ ਮਾਨਸਿਕ ਪ੍ਰਭਾਵ ਪਾਉਂਦੀ ਹੈ ਪਰ ਇਸ ਨਾਲ ਜਮੀਨ, ਘਰਾਂ ਅਤੇ ਖੇਤਰ ਦੇ ਹੋਰ ਉਸਾਰੀਆਂ ਦਾ ਵੀ ਨੁਕਸਾਨ ਹੁੰਦਾ ਹੈ। ਇਨ੍ਹਾਂ ਯੋਜਨਾਵਾਂ ਕਾਰਨ ਪ੍ਰੋਜੇਕਟ ਤੋਂ ਪ੍ਰਭਾਵਿਤ ਪਰਿਵਾਰਾਂ ਦਾ ਆਪਸੀ ਮੇਲ-ਜੋਲ ਤੇ ਸਮਾਜਿਕ ਸੰਬੰਧ ਪ੍ਰਭਾਵਿਤ ਹੁੰਦੇ ਹਨ ਅਤੇ ਓਹਨਾ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਅਸਰ ਪੈਂਦਾ ਹੈ। ਇਸ ਅਧਿਆਇ ਵਿਚ ਪ੍ਰਭਾਵਿਤ ਜ਼ਮੀਨ ਦੇ ਸਾਰੇ ਢਾਂਚਿਆਂ, ਇਮਾਰਤਾਂ ਅਤੇ ਵਰਤੋਂ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਜਾਵੇਗੀ।

### 10.1. ਪ੍ਰਭਾਵਿਤ ਜ਼ਮੀਨ

ਇਸ ਪ੍ਰਸਤਾਵਿਤ ਪ੍ਰੋਜੇਕਟ ਲਈ ਅਧਿਗ੍ਰਹਣ ਨੂੰ ਲਗਭਗ 1204 ਮੀਟਰ ਦੀ ਲੰਬਾਈ ਅਤੇ 60.96 ਮੀਟਰ ਦੀ ਚੌੜਾਈ ਵਾਲੇ ਸੜਕ ਦੇ ਨਿਰਮਾਣ ਲਈ ਲਗਭਗ 18 ਏਕੜ ਜ਼ਮੀਨ ਚਾਹੀਦੀ ਹੈ। ਇਸ ਜ਼ਮੀਨ ਨੂੰ ਪਿੰਡ ਡੱਡੂ ਮਾਜਰਾ ਦੇ ਹਦਬਸਤ ਨੰ. 14(ਲੱਗਭੱਗ 12.23 ਏਕੜ) ਅਤੇ ਪਿੰਡ ਧਨਾਸ ਹਦਬਸਤ ਨੰ. 15 (ਲਗਭਗ 5.57 ਏਕੜ) ਤੋਂ ਪ੍ਰਾਪਤ ਕੀਤਾ ਜਾਵੇਗਾ। (**ਅਨੁਲੱਗ -II**)

### 10.2. ਪ੍ਰਭਾਵਿਤ ਭੂਮੀ ਦੀ ਵਰਤੋਂ

ਹਿੱਸੇਦਾਰਾਂ ਨੇ ਐਸ.ਆਈ.ਏ. ਟੀਮ ਨੂੰ ਦੱਸਿਆ ਕਿ ਪ੍ਰਭਾਵਿਤ ਜ਼ਮੀਨ ਨੂੰ ਖੇਤੀਬਾੜੀ ਦੇ ਉਦੇਸ਼ ਲਈ ਹੀ ਵਰਤਿਆ ਜਾ ਰਿਹਾ ਸੀ। ਬਹੁਤੇ ਲੋਕ ਆਮਦਨੀ ਲਈ ਸਿੱਧੇ ਜਾਂ ਅਸਿੱਧੇ ਤੌਰ ਤੇ ਖੇਤੀ 'ਤੇ ਨਿਰਭਰ ਸਨ ਅਤੇ ਅਨਾਜ਼ ਤੇ ਪਸ਼ੂਆਂ ਲਈ ਚਾਰੇ ਦਾ ਮੁਖ ਸਰੋਤ ਇਹ ਜ਼ਮੀਨ ਹੀ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਕਣਕ (*T. aestivum*), ਚੌਲ (*Oryza Sativa*), ਮੱਕੀ (*Zea Mays*), ਪ੍ਰਭਾਵਿਤ ਜ਼ਮੀਨ ਵਿੱਚ ਆਦਿ ਫ਼ਸਲਾਂ

ਬੀਜੀਆਂ ਜਾ ਰਹੀਆਂ ਸਨ। ਇਸ ਜ਼ਮੀਨ ਦੀ ਅਧਿਗ੍ਰਹਣ ਕਾਰਨ ਪ੍ਰੋਜੇਕਟ ਪ੍ਰਭਾਵਿਤ ਪਰਿਵਾਰਾਂ ਦੀ ਆਰਥਿਕਤਾ 'ਤੇ ਬੁਰਾ ਪ੍ਰਭਾਵ ਪਵੇਗਾ।

ਹਿੱਸੇਦਾਰਾਂ ਦੁਆਰਾ ਦੱਸਿਆ ਗਿਆ ਕਿ ਜ਼ਮੀਨ ਦਾ ਅਧੂਰਾ ਅਧਿਗ੍ਰਹਣ ਵੀ ਓਹਨਾ ਦਾ ਇਕ ਅਹਿਮ ਮੁੱਦਾ ਹੈ। ਹਿੱਸੇਦਾਰਾਂ ਨੇ ਉਜਾਗਰ ਕੀਤਾ ਕਿ ਜੇਕਰ ਪ੍ਰਸਤਾਵਿਤ ਪ੍ਰਜੈਕਟਕਿਸੇ ਦੇ ਜ਼ਮੀਨ ਦੇ ਮੁੱਖ ਹਿੱਸੇ ਵਿੱਚੋਂ ਲਿਆ ਜਾਂਦਾ ਹੈ ਤੇ ਜੋ ਥੋੜੀ ਜੀ ਜ਼ਮੀਨ ਕਿਸਾਨ ਕੋਲ ਸੜਕ ਦੇ ਆਸੇ ਪਾਸੇ  ਬਚ ਜਾਂਦੀ ਹੈ  ਉਹ ਕਿਸੇ ਕੰਮ ਯੋਗ ਨਹੀਂ ਰਹਿ ਜਾਂਦੀ ਹੈ। ਉਹ ਨਾ ਤਾਂ ਇਸ ਨੂੰ ਖੇਤੀਬਾੜੀ ਲਈ ਅਤੇ ਨਾ ਹੀ ਕਿਸੇ ਹੋਰ ਉਦੇਸ਼ ਲਈ ਇਸਤੇਮਾਲ ਕਰ ਸਕਣਗੇ। ਇਹ ਖੇਤੀਬਾੜੀ ਜਮੀਨ ਮਾਲਕਾਂ ਲਈ ਇਕ ਵੱਡੀ ਚਿੰਤਾ ਸੀ ਕਿਉਂਕਿ ਅਧਿਗ੍ਰਹਣ ਤੋਂ ਬਾਅਦ ਬਚੀ  ਹੋਈ ਜ਼ਮੀਨ ਕਿਸੇ ਕੰਮ ਲਈ ਇਸਤੇਮਾਲ ਨਹੀਂ ਕੀਤੀ ਜਾ ਸਕਦੀ ਸੀ। ਇਸ ਲਈ, ਇਹ ਜ਼ਿਕਰ ਕੀਤਾ ਗਿਆ ਸੀ ਕਿ ਸੜਕ ਦੇ ਨਾਲ-ਨਾਲ ਬਾਕੀ ਰਹਿੰਦੀ ਥੌੜੀ ਬਹੁਤ ਜ਼ਮੀਨ ਵੀ ਹਾਸਲ ਕੀਤੀ ਜਾਣੀ ਚਾਹੀਦੀ ਹੈ। ਹਿੱਸੇਦਾਰ ਇਹ ਮੰਗ ਕਰ ਰਹੇ ਸਨ ਕਿ ਸਰਕਾਰ ਨੂੰ ਉਨ੍ਹਾਂ ਦੀ ਬਚੀ ਹੋਈ ਜ਼ਮੀਨ ਅਧਿਕ੍ਰਿਤ ਕਰਕੇ ਤੇ ਉਸਦਾ ਪੂਰਾ ਮੁਆਵਜ਼ਾ ਦੇਣਾ ਚਾਹੀਦਾ ਹੈ।

## 10.3. ਆਮਦਨੀ ਅਤੇ ਰੁਜ਼ਗਾਰ

ਹਿੱਸੇਦਾਰਾਂ ਦੀ ਆਮਦਨੀ ਦਾ ਵੱਡਾ ਹਿੱਸਾ ਖੇਤੀਬਾੜੀ ਤੋਂ ਹੀ ਆਉਂਦਾ ਸੀ ਅਤੇ ਉਹ ਆਪਣੀ ਖੁਦ ਦੀ ਵਰਤੋਂ ਅਤੇ ਮਾਰਕੀਟ ਵਿੱਚ ਵੇਚਣ ਲਈ ਬਹੁਤ ਸਾਰੇ ਕਿਸਮ ਦੀਆਂ ਮੌਸਮੀ ਫ਼ਸਲਾਂ ਉਗਾ ਰਹੇ ਸਨ। ਕੁਝ ਹਿੱਸੇਦਾਰਾਂ ਦੀ ਆਮਦਨੀ ਦਾ ਦੂਸਰਾ ਸ੍ਰੋਤ ਡੇਅਰੀ ਫਾਰਮਿੰਗ ਅਤੇ ਨਿੱਜੀ ਵਰਤੋਂ ਲਈ ਪਸ਼ੂ ਪਾਲਣ ਸੀ। ਇਨ੍ਹਾਂ ਪਸ਼ੂਆਂ ਲਈ ਚਾਰਾ ਪ੍ਰਜੈਕਟਤੋਂ ਪ੍ਰਭਾਵਿਤ ਜ਼ਮੀਨ ਵਿਚ ਬੀਜ ਰਹੇ ਸਨ ਅਤੇ ਹਿੱਸੇਦਾਰਾਂ ਨੂੰ ਚਿੰਤਾ ਸੀ ਕਿ ਉਹ ਜਾ ਤਾਂ ਪਸ਼ੂਆਂ ਲਈ ਚਾਰੇ ਦੀ ਖਰੀਦ ਕਰਨਗੇ (ਜੋ ਕਿ ਸਸਤੀ ਨਹੀਂ ਹੈ) ਜਾ ਉਨ੍ਹਾਂ ਨੂੰ ਆਪਣੇ ਪਸ਼ੂਆਂ ਨੂੰ ਵੇਚਣਾ ਪਏਗਾ।

## 10.4. ਪ੍ਰਭਾਵਿਤ ਮਕਾਨ

ਪ੍ਰੋਜੇਕਟ ਪ੍ਰਭਾਵਿਤ ਭੂਮੀ ਵਿੱਚ ਕੋਈ ਪੱਕੇ ਮਕਾਨ ਜਾਂ ਢਾਂਚਾ ਨਹੀਂ ਸੀ। ਕੁਝ ਹਿੱਸੇਦਾਰਾਂ ਦੀ ਪਸ਼ੂ ਪਾਲਣ ਅਤੇ ਡੇਅਰੀ ਫਾਰਮਿੰਗ ਸਹਾਇਕ ਆਮਦਨੀ ਹੈ ਇਸ ਕਰਕੇ ਪ੍ਰਜੈਕਟਪ੍ਰਭਾਵਿਤ ਭੂਮੀ ਵਿੱਚ ਜ਼ਮੀਨ ਮਾਲਕਾਂ ਵਲੋਂ ਕੁਝ ਅਸਥਾਈ ਪਸ਼ੂ ਸ਼ੈਡ ਬਣਾਏ ਗਏ ਸਨ।




**ਤਸਵੀਰ 10.1: ਪ੍ਰਸਤਾਵਿਤ ਸੜਕੀ ਜਗ੍ਹਾ 'ਤੇ ਆਰਜ਼ੀ ਢਾਂਚੇ**

## 10.5. ਹੋਰ ਉਸਾਰੀਆਂ

ਇਹ ਨੋਟ ਕੀਤਾ ਗਿਆ ਸੀ ਕਿ ਪ੍ਰਸਤਾਵਿਤ ਬਾਈਪਾਸ ਪ੍ਰੋਜੇਕਟ ਅਧੀਨ ਜ਼ਮੀਨ ਵਿਚ ਕੋਈ ਵੀ ਸਿਹਤ ਸੰਭਾਲ ਕੇਂਦਰ, ਵਿਦਿਅਕ ਸੰਸਥਾਨ ਜਾਂ ਕੋਈ ਹੋਰ ਢਾਂਚਾ ਨਹੀਂ ਬਣਿਆ ਸੀ। ਇਹ ਪ੍ਰੋਜੇਕਟ ਹਿੱਸੇਦਾਰਾਂ ਦੀ ਖੇਤੀਬਾੜੀ ਜ਼ਮੀਨ ਵਿਚੋਂ ਜਾਂਦਾ ਹੈ ਅਤੇ ਇਸ ਪ੍ਰੋਜੇਕਟ ਕਰਕੇ ਕੋਈ ਬਿਲਡਿੰਗ ਪ੍ਰਭਾਵਿਤ ਨਹੀਂ ਹੋ ਰਹੀ ਸੀ। ਪੁਲਿਸ ਕੰਪਲੈਕਸ ਧਨਾਸ ਦੀ ਸੀਮਾ ਦੀਵਾਰ ਪ੍ਰਸਤਾਵਿਤ ਸੜਕ ਦੇ ਨੇੜੇ ਹੈ ਪਰ ਪ੍ਰੋਜੇਕਟ ਦੁਆਰਾ ਪ੍ਰਭਾਵਿਤ ਨਹੀਂ ਹੈ।



**ਤਸਵੀਰ 10.2: ਪੁਲਸ ਕੰਪਲੈਕਸ ਪਿੰਡ ਧਨਾਸ ਦੇ ਨਜ਼ਦੀਕ ਦੀ ਪ੍ਰਸਤਾਵਿਤ ਸੜਕ ਦੀ ਜਗ੍ਹਾ**

## 10.6. ਸੱਭਿਆਚਾਰਕ ਪਛਾਣ ਨੂੰ ਨੁਕਸਾਨ

ਸਰਕਾਰ ਦੁਆਰਾ ਭੂਮੀ ਅਧਿਗ੍ਰਹਣ ਕੇਵਲ ਆਰਥਿਕ ਤਬਦੀਲੀ ਬਦਲਾਵ ਹੀ ਨਹੀਂ ਪਰੰਤੂ ਪਰਿਵਾਰਾਂ ਦੀ ਸੱਭਿਆਚਾਰ ਅਤੇ ਨੂੰ ਵੀ ਪ੍ਰਭਾਵਿਤ ਕਰੇਗਾ:

- ਧਰਮ, ਮਰਣ ਦੇ ਸੰਸਕਾਰ, ਭਾਸ਼ਾ, ਖੁਰਾਕ ਸੰਬੰਧੀ ਆਦਤਾਂ ਅਤੇ ਮਨੋਰੰਜਨ ਦੀ ਗਤੀਵਿਧੀਆਂ ਸੱਭਿਆਚਾਰਕ ਪਛਾਣ ਦੇ ਭਾਗਾਂ ਵਿੱਚ ਸ਼ਾਮਲ ਹਨl ਧਾਰਮਿਕ ਰੀਤੀ ਰਿਵਾਜ ਅਤੇ ਵਿਸ਼ਵਾਸ, ਭਾਵੇਂ ਕਿ ਇੱਕ ਬਾਲਗ ਦੇ ਰੂਪ ਵਿੱਚ ਪਾਲਣ ਨਹੀਂ ਕੀਤੇ ਜਾਂਦੇ ਪਰੰਤੂ ਇੱਕ ਵਿਅਕਤੀ ਦੀ ਸੱਭਿਆਚਾਰਕ ਪਛਾਣ ਦਾ ਇੱਕ ਪ੍ਰਮੁੱਖ ਭਾਗ ਬਣਾਉਂਦੇ ਹਨl **(Bhugra D. 2004. *Migration, Distress and Cultural Identity*. Br Med Bull 69:1–13.) [PubMed]**
- ਸੱਭਿਆਚਾਰ ਨੂੰ ਅਜਿਹੀਆਂ ਵਿਸ਼ੇਸ਼ਤਾਵਾਂ ਦੇ ਤੌਰ 'ਤੇ ਵਿਆਖਿਆ ਕੀਤੀ ਜਾਂਦੀ ਹੈ ਜੋ ਲੋਕਾਂ ਨੂੰ ਇਕ ਭਾਈਚਾਰੇ ਵਿੱਚ ਜੋੜਦੇ ਅਤੇ ਓਹਨਾ ਲੋਕਾਂ ਦੁਆਰਾ ਸਾਂਝੀਆਂ ਕੀਤੀਆਂ ਜਾਂਦੀਆਂ ਹਨl **(Shah A.**

*Ethnicity and the common mental disorders*. In: Melzer D, editor; Fryers T, editor; Jenkins R, editor. Social inequalities and the distribution of the common mental disorders. East Sussex: Psychology Press Ltd; 2004. pp. 171–223)

- ਸੱਭਿਆਚਾਰ ਪੀੜੀ ਦਰ ਪੀੜੀ ਸਿਖਿਆ ਜਾਂਦਾ ਹੈ ਅਤੇ ਇਸ ਵਿਚ ਸਮਾਜਿਕ ਅਤੇ ਕਦਰਾਂ ਕੀਮਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪਿੰਡਾਂ ਦੇ ਸਮਾਜਿਕ ਢਾਂਚੇ ਦੀ ਵਿਚ ਪਰਿਵਾਰਕ ਬਣਤਰ, ਨਜ਼ਦੀਕੀ ਸਬੰਧਾਂ, ਖੇਤੀਬਾੜੀ ਆਧਾਰਿਤ ਸਮਾਜ, ਸਵੈ-ਉਤਪਾਦਨ ਦੇ ਸਮਰੱਥ ਆਦਿ ਸ਼ਾਮਿਲ ਹਨ| (Mehta, S and Singh S. 2015. *Loss of ownership of land and social displacement: a case study from eco-city*. New Chandigarh: International Journal of Rural Management 11(2): 111-129)

ਜਦੋਂ ਜ਼ਮੀਨ, ਜਿਸ ਵਿੱਚ ਕਿਸਾਨਾਂ ਨੇ ਸਾਲਾਂ ਤੋਂ ਨਿਵੇਸ਼ ਕੀਤਾ ਸੀ, ਉਨ੍ਹਾਂ ਤੋਂ ਖੋਹ ਲਈ ਜਾਂਦੀ ਹੈ, ਨਾ ਸਿਰਫ ਉਨ੍ਹਾਂ ਦੀ ਆਮਦਨ, ਸਗੋਂ ਉਨ੍ਹਾਂ ਦੇ ਭਾਵਾਤਮਕ ਲਗਾਵ ਵੀ ਕਾਰਣ ਉਹ ਉਸਤੋਂ ਵੱਖ ਹੋਣ ਤੋਂ ਮਨਾ ਕਰ ਦਿੰਦੇ ਹਨ। ਬਹੁਤ ਸਾਰੇ ਮਾਮਲੇ ਸਨ ਜਿਨ੍ਹਾਂ ਵਿਚ ਲੋਕ ਆਪਣੀ ਜ਼ਮੀਨ ਨੂੰ ਕਿਸੇ ਵੀ ਕੀਮਤ ਤੇ ਦੇਣ ਲਈ ਤਿਆਰ ਨਹੀਂ ਸਨ ਕਿਉਂਕਿ ਉਹਨਾਂ ਦਾ ਜਮੀਨ ਨਾਲ ਗੂੜਾ ਜੁੜਾਵ ਸੀ।

ਇਸ ਪ੍ਰਸੁਤਾਵਿਤ ਬਾਈਪਾਸ ਰੋਡ ਦੇ ਨਿਰਮਾਣ ਨਾਲ, ਉੱਤਰਦਾਤਾਵਾਂ ਨੇ ਮੰਨਿਆ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਲੋਂ ਪ੍ਰਵਾਸ ਵਿਚ ਵਾਧਾ ਹੋਵੇਗਾ, ਜਿਸ ਨਾਲ ਸੱਭਿਆਚਾਰਕ ਵਿਭਿੰਨਤਾ ਅਤੇ ਸਮਰੂਪਤਾ ਹੋ ਜਾਵੇਗੀ। ਉੱਤਰਦਾਤਾਵਾਂ ਨੂੰ ਡਰ ਸੀ ਕਿ ਮੌਜੂਦਾ ਸਮਾਜਿਕ ਢਾਂਚੇ ਵਿਚ ਰੁਕਾਵਟ ਆਵੇਗੀ, ਇਸ ਤਰ੍ਹਾਂ ਨਕਾਰਾਤਮਕ ਸੱਭਿਆਚਾਰਕ ਬਦਲਾਅ ਨੂੰ ਉਤਸ਼ਾਹਿਤ ਹੋਵੇਗਾ। ਉਨ੍ਹਾਂ ਨੇ ਸ਼ਿਕਾਇਤ ਕੀਤੀ ਕਿ ਅਜਿਹੇ ਵਿਕਾਸ ਪ੍ਰੋਜੈਕਟਾਂ ਦੇ ਕਾਰਨ ਹਾਲ ਹੀ ਦੇ ਸਾਲਾਂ ਵਿਚ ਪਰਵਾਸ ਵਿਚ ਕਈ ਗੁਣਾਂ ਵਾਧਾ ਹੋਇਆ ਹੈ।

## 10.7. ਅੰਤਰ-ਨਿੱਜੀ ਅਤੇ ਅੰਤਰ-ਸਮਾਜਿਕ ਸੰਬੰਧ

ਹਿੱਸੇਦਾਰਾਂ ਨੇ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਉਨ੍ਹਾਂ ਨੂੰ ਆਪਣੀ ਜੱਦੀ ਜ਼ਮੀਨ ਤੋਂ ਬਾਹਰ ਕੱਢ ਰਹੀ ਹੈ ਅਤੇ ਸ਼ਹਿਰ ਦੇ ਬਾਹਰਲੇ ਲੋਕਾਂ ਨੂੰ ਸ਼ਹਿਰ ਵਿਚ ਵਸਣ ਦੀ ਸਹੂਲਤ ਮੁਹੱਈਆ ਕਰਵਾ ਰਹੀ ਹੈ। ਖੇਤਰ ਵਿੱਚ ਵਾਰ ਵਾਰ ਭੂਮੀ ਅਧਿਗ੍ਰਹਣ ਹੋਣ ਕਾਰਨ, ਜੱਦੀ ਲੋਕਾਂ ਨੂੰ ਚੰਡੀਗੜ੍ਹ ਤੋਂ ਬਾਹਰ ਜ਼ਮੀਨ ਖਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ ਕਿਉਂਕਿ ਯੂ.ਟੀ. ਖੇਤਰ ਵਿੱਚ ਕੋਈ ਕਾਸ਼ਤਯੋਗ ਜ਼ਮੀਨ ਨਹੀਂ ਹੈ। ਉੱਤਰਦਾਤਾ ਮੰਨਦੇ ਹਨ ਕਿ ਉਨ੍ਹਾਂ ਨੂੰ ਅਧਿਗ੍ਰਹਣ ਤੋਂ ਬਾਅਦ ਬਾਹਰ ਖਰੀਦੀ ਹੋਈ ਜ਼ਮੀਨ ਤੇ ਮੁੜ ਸਥਾਪਿਤ ਹੋਣਾ ਪਏਗਾ। ਹਿੱਸੇਦਾਰ ਆਪਦੀ ਜ਼ਮੀਨ ਨਾਲ ਜਜ਼ਬਾਤੀ ਤੌਰ 'ਤੇ ਜੁੜੇ ਹੋਏ ਹਨ ਕਿਉਂਕਿ ਉਹ ਕਈ ਦਹਾਕਿਆਂ ਤੋਂ ਇੱਥੇ ਰਹਿ ਰਹੇ ਹਨ ਅਤੇ ਇਨ੍ਹਾਂ ਕਿਸਾਨਾਂ ਨੂੰ ਘਰ ਤੋਂ ਦੂਰ ਜ਼ਮੀਨ ਖਰੀਦ ਕੇ ਰਹਿਣਾ ਮੁਸ਼ਕਿਲ ਹੋ ਜਾਣਾ ਸੀ। ਇਸ ਪੁਨਰਵਾਸ ਦੇ ਕਾਰਨ ਉਨ੍ਹਾਂ ਨੂੰ ਆਪਣੇ ਨਵੇਂ ਅੰਤਰ-ਨਿੱਜੀ ਅਤੇ ਅੰਤਰ- ਸਮਾਜਿਕ ਸੰਬੰਧਾਂ ਨੂੰ ਕਾਇਮ ਰੱਖਣ ਵਿਚ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇੱਕ ਨਵੇਂ ਸਥਾਨ ਵਿੱਚ ਸਥਾਪਿਤ ਹੋਣ ਨਾਲ ਉਹਨਾਂ ਦੇ ਅੰਤਰ-ਮਨੁੱਖੀ ਅਤੇ ਭਾਈਚਾਰੇ ਸਬੰਧਾਂ ਵਿਚ ਵੀ ਘਾਟਾ ਹੋਵੇਗਾ।

ਇਕ ਉੱਤਰਦਾਤਾ ਨੇ ਕਿਹਾ ਕਿ ਪਿਛਲੇ ਜ਼ਮੀਨਾਂ ਦੀ ਅਧਿਗ੍ਰਹਣ ਕਾਰਨ ਉਨ੍ਹਾਂ ਦੇ ਇਕ ਗੁਆਂਢੀ ਅਤੇ ਦੋਸਤ ਨੂੰ ਹਰਿਆਣੇ ਵਿਚ ਪੁਨਰਸਥਾਪਿਤ ਹੋਣਾ ਪਿਆ ਕਿਉਂਕਿ ਉਨ੍ਹਾਂ ਨੇ ਮੁਆਵਜ਼ੇ ਦੇ ਪੈਸੇ ਦੇ ਨਾਲ ਸਸਤੀ ਜ਼ਮੀਨ ਖਰੀਦੀ ਸੀ ਅਤੇ ਹੁਣ ਉਹ ਕਦੇ ਵੀ ਆਪਣੇ ਦੋਸਤ ਨੂੰ ਜਾਂ ਉਨ੍ਹਾਂ ਦੇ ਪਰਿਵਾਰ ਨੂੰ ਨਹੀਂ ਮਿਲ ਸਕੇ।

ਇਹ ਇੱਥੇ ਜ਼ਿਕਰ ਕਰਨਾ ਮਹੱਤਵਪੂਰਨ ਹੈ ਕਿ ਜ਼ਮੀਨ ਅਧਿਗ੍ਰਹਣ ਨੂੰ ਸਿਰਫ਼ ਇਕ ਆਰਥਿਕ ਗਤੀਵਿਧੀ ਨਹੀਂ ਸਮਝਿਆ ਜਾਣਾ ਚਾਹੀਦਾ ਹੈ, ਇਹਦੇ ਨਾਲ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ (ਪੀ.ਏ.ਐਫ) ਦੇ ਸਭਿਆਚਾਰਕ, ਮਨੋਵਿਗਿਆਨਕ, ਸਮਾਜਿਕ ਅਤੇ ਹੋਰ ਨਤੀਜ਼ਿਆਂ ਨੂੰ ਵੀ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

ਅਗਲੇ ਅਧਿਆਇ ਵਿੱਚ ਅਸੀਂ ਪ੍ਰਸਤਾਵਿਤ ਪ੍ਰੋਜੇਕਟ ਦੇ ਕਾਰਨ ਸਮਾਜ ਨੂੰ ਹੋਣ ਵਾਲੇ ਨੁਕਸਾਨ ਬਾਰੇ ਵਿਚਾਰ ਕਰਾਂਗੇ।

# ਅਧਿਆਇ 11

## ਸਮਾਜ ਨੂੰ ਹੋਣ ਵਾਲੇ ਨੁਕਸਾਨ ਦੀ ਸੂਚੀ

ਪਿਛਲੇ ਅਧਿਆਇ ਵਿੱਚ ਜਮੀਨ, ਢਾਚੇਂ ਤੇ ਪਰਿਵਾਰਾਂ ਨੂੰ ਹੋਣ ਵਾਲੇ ਘਾਟੇ ਦੀ ਚਰਚਾ ਕਰਨ ਤੋਂ ਬਾਅਦ, ਮੌਜੂਦਾ ਅਧਿਆਇ ਵਿੱਚ ਸਮੁੱਚੇ ਤੌਰ ਤੇ ਸਮਾਜ ਨੂੰ ਹੋਣ ਵਾਲੇ ਨੁਕਸਾਨ ਦੀ ਚਰਚਾ ਕੀਤੀ ਗਈ ਹੈ।

ਵਰਤਮਾਨ ਐਸ.ਆਈ.ਏ. ਦੇ ਅਧਿਐਨ ਵਿਚ ਪ੍ਰੋਜੈਕਟ ਦੁਆਰਾ ਪ੍ਰਭਾਵਿਤ ਸਮੁਦਾਏ ਦੇ ਸਾਰੇ ਨੁਕਸਾਨਾਂ ਦੀ ਵਿਆਪਕ ਖੋਜ ਕੀਤੀ ਗਈ ਹੈ। ਨੁਕਸਾਨਾਂ ਦੀ ਸੂਚੀ ਵਿੱਚ ਭੌਤਿਕ ਸੰਪਤੀ ਦੇ ਨਾਲ ਨਾਲ ਆਮਦਨੀ ਦੇ ਨੁਕਸਾਨ ਵੀ ਸ਼ਾਮਿਲ ਹਨ। ਪ੍ਰੋਜੈਕਟ ਦੇ ਸਮਾਜਿਕ ਪ੍ਰਭਾਵ ਦਾ ਮੁਲਾਂਕਣ ਕਰਨ ਦੇ ਲਈ ਇਨ੍ਹਾਂ ਨੁਕਸਾਨਾਂ ਦਾ ਅੰਦਾਜ਼ਾ ਲਗਾਉਣਾ ਬਹੁਤ ਹੀ ਮਹੱਤਵਪੂਰਨ ਹੈ।

ਮੌਜੂਦਾ ਸਰਵੇਖਣ ਵਿੱਚ ਇਕੱਠੇ ਹੋਏ ਅੰਕੜਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਸਤਾਵਿਤ ਪ੍ਰੋਜੈਕਟ ਕਰਕੇ ਦੋ ਪਿੰਡਾਂ ਨੂੰ ਸਮਾਜਿਕ-ਸੱਭਿਆਚਾਰਕ, ਆਰਥਕ, ਇਤਿਹਾਸਕ, ਸੰਸਥਾਤਮਕ ਅਤੇ ਧਾਰਮਿਕ ਸੰਦਰਭ ਵਿਚ ਹੋਣ ਵਾਲੇ ਨੁਕਸਾਨਾਂ ਨੂੰ ਹੇਠਾਂ ਦੱਸਿਆ ਗਿਆ ਹੈ। ਸਮੁਦਾਏ ਦੇ ਨੁਕਸਾਨਾਂ ਦੀ ਸੂਚੀ ਵਿੱਚ ਵਾਤਾਵਰਣ ਨੂੰ ਨੁਕਸਾਨ ਵੀ ਸ਼ਾਮਲ ਹੈ ਜਿਵੇਂ ਚਰਾਉਣ ਵਾਲੇ ਖੇਤਰ, ਔਸ਼ਧੀ ਪੌਦੇ, ਕਮਿਊਨਿਟੀ ਹਾਲ, ਪ੍ਰਾਰਥਨਾ ਹਾਲ, ਕਬਰਸਤਾਨ, ਆਦਿ ਸ਼ਾਮਿਲ ਹਨ।

### 11.1 ਫਲ, ਲੱਕੜ ਅਤੇ ਔਸ਼ਧਿਏ ਪੌਦੇ:

ਸਰਵੇਖਣ ਦੌਰਾਨ ਇਹ ਪਾਇਆ ਗਿਆ ਸੀ ਕਿ ਦੋਵਾਂ ਪਿੰਡਾਂ ਦੇ ਹਿੱਸੇਦਾਰਾਂ ਨੇ ਪ੍ਰੋਜੈਕਟ ਪ੍ਰਭਾਵਿਤ ਜ਼ਮੀਨਾਂ 'ਤੇ ਕੁਝ ਦਰੱਖਤ ਲਾ ਰਖੇ ਸਨ। ਪਿੰਡ ਡੱਡੂ ਮਾਜਰਾ ਵਿਚ 21 ਲੋਕਾਂ ਨੇ ਅਤੇ ਧਨਾਸ ਵਿਚ 3 ਉੱਤਰਦਾਤਾਵਾਂ ਨੇ ਪ੍ਰਭਾਵਿਤ ਜ਼ਮੀਨ 'ਤੇ ਅੰਬ (*Mangifera Indica*), ਅਮਰੂਦ (*Psidium Guajava*), ਜਾਮੁਣ (*Blackberry-Rubus*) ਅਤੇ ਸ਼ਹਿਤੂਤ (*Morus Alba*) ਵਰਗੇ ਫਲ ਦਰਖ਼ਤਾਂ ਦੀ ਜਾਣਕਾਰੀ ਕੀਤੀ ਸੀ। ਇਹ ਫਲ ਨਿੱਜੀ ਖਪਤ ਲਈ ਲਾਏ ਗਏ ਸਨ ਤੇ ਕੁਝ ਉੱਤਰਦਾਤਾਵਾਂ ਨੇ ਉਨ੍ਹਾਂ ਨੂੰ ਮਾਰਕੀਟ ਵਿੱਚ ਵੇਚਣ ਦੀ ਰਿਪੋਰਟ ਵੀ ਦਿੱਤੀ ਸੀ।

ਪ੍ਰਭਾਵਿਤ ਭੂਮੀ 'ਤੇ ਬਾਂਸ (*Bambusoideae*), ਨੀਮ (*Azadirachta Indica*), ਪੋਪਲਰ (*Populas*) ਅਤੇ ਸ਼ਿਸ਼ਮ (*Dalbergia Sissoo*) ਵਰਗੇ ਹੋਰ ਦਰੱਖਤ ਵੀ ਮੌਜੂਦ ਸਨ। ਇੱਥੇ ਬਾਂਸ ਦੀਆਂ ਕਮਤਲਾਂ ਨੂੰ ਅਕਸਰ ਸਬਜ਼ੀਆਂ ਦੇ ਤੌਰ ਤੇ ਵਰਤਿਆ ਜਾਂਦਾ ਹੈ ਅਤੇ ਬਹੁਤ ਸਾਰੇ ਰੂਪਾਂ ਵਿੱਚ ਸੁਰੱਖਿਅਤ ਕੀਤਾ ਜਾਂਦਾ ਹੈ ਜਿਵੇਂ ਕਿ ਸੁੱਕੀਆਂ, ਖੰਡਾ, ਸਲੂਣਾ, ਆਚਾਰੀ ਆਦਿ। ਬਾਂਸ ਦੇ ਕਮਤਆਂ ਦਾ ਉਪਯੋਗ ਭਾਰ ਘਟਾਉਣ, ਕੋਲੇਸਟ੍ਰੋਲ ਦੇ ਸੰਤੁਲਨ ਅਤੇ ਪ੍ਰਤੀਰਕ੍ਸ਼ਾ ਪ੍ਰਣਾਲੀ ਨੂੰ ਵਧਾਉਣ ਲਈ ਕੀਤਾ ਜਾਂਦਾ ਹੈ। ਪ੍ਰਭਾਵਿਤ ਖੇਤਰ ਵਿੱਚ ਕਈ ਨੀਮ ਦੇ ਰੁੱਖਾਂ ਦੀ ਕਟਾਈ ਨੂੰ ਹਿੱਤ ਧਾਰਕਾਂ ਦੁਆਰਾ ਸੂਚਿਤ ਕੀਤਾ ਗਿਆ ਸੀ ਜੋ ਖੇਤਰ ਵਿੱਚ ਉਪਲਬਧ ਔਸ਼ਧਿਕ ਪੌਦਿਆਂ ਦੇ ਨੁਕਸਾਨ ਨੂੰ ਦਰਸਾਉਂਦਾ ਹੈ। ਇਸ ਦਰਖ਼ਤ ਦੇ ਸੱਕ, ਪੱਤੇ ਅਤੇ ਬੀਜ ਵਿੱਚ ਔਸ਼ਧਿਕ ਲਾਭ ਹੁੰਦੇ ਹਨ। ਨੀਮ ਦੇ ਔਸ਼ਧਿਕ ਗੁਣਾ ਕਾਰਨ ਇਸ ਤੋਂ ਬਣਾਏ ਗਏ ਉਤਪਾਦ ਭਾਰਤ ਵਿਚ ਦੋ ਹਜ਼ਾਰ ਸਾਲ ਤੋਂ ਵੱਧ ਸਮੇਂ ਤੋਂ ਵਰਤਿਆ ਜਾ ਰਿਹਾ ਹੈ। ਨੀਮ ਉਤਪਾਦ ਐਂਟੀਫੰਗਲ, ਡਾਇਬੀਟੀਜ਼ ਵਿਰੋਧੀ, ਬੈਕਟੀਰੀਆ ਵਿਰੋਧੀ, ਜੀਵਾਣੂ ਵਿਰੋਧੀ, ਗਰਭ ਨਿਰੋਧਕ ਅਤੇ ਸੈਡੇਟਿਵ ਗੁਣ ਹੋਣ ਦੀ ਜਾਣਕਾਰੀ ਹੈ। ਇਹ ਸਿੱਧ, ਆਯੁਰਵੈਦਿਕ ਅਤੇ ਯੁਨਾਨੀ ਦਵਾਈ ਵਿੱਚ ਇੱਕ ਮੁੱਖ ਧਾਰਾ ਮੰਨਿਆ ਜਾਂਦਾ ਹੈ ਅਤੇ ਖਾਸ ਤੌਰ ਤੇ ਚਮੜੀ ਦੀਆਂ ਬਿਮਾਰੀਆਂ ਲਈ ਇਸਤੇਮਾਲ ਹੁੰਦਾ ਰਿਹਾ ਹੈ। ਨੀਮ ਤੇਲ ਨੂੰ ਤੰਦਰੁਸਤ ਵਾਲਾਂ ਲਈ, ਜਿਗਰ ਦੀ ਪ੍ਰਣਾਲੀ ਨੂੰ ਸੁਧਾਰਨ, ਖੂਨ ਨੂੰ ਨਿਰੋਧਿਤ ਕਰਨਾ ਅਤੇ ਬਲੱਡ ਸ਼ੂਗਰ ਦੇ ਪੱਧਰਾਂ ਨੂੰ ਸੰਤੁਲਿਤ ਕਰਨ ਲਈ ਵਰਤਿਆ ਗਿਆ ਹੈ। ਨੀਮ ਪੱਤੇ ਨੂੰ ਵੀ ਚਰਮ ਰੋਗਾਂ ਦਾ ਇਲਾਜ ਕਰਨ ਲਈ ਵਰਤਿਆ ਗਿਆ ਹੈ। ਇਹ ਗੈਰ ਕੀਟਨਾਸ਼ਕ ਪ੍ਰਬੰਧਨ (ਐੱਨ.ਪੀ.ਐੱਮ.) ਵਿੱਚ ਇੱਕ ਪ੍ਰਮੁੱਖ ਸਾਮੱਗਰੀ ਹੈ, ਜੋ ਸਿੰਥੈਟਿਕ ਕੀਟਨਾਸ਼ਕਾਂ ਲਈ ਕੁਦਰਤੀ ਵਿਕਲਪ ਪ੍ਰਦਾਨ ਕਰਦਾ ਹੈ। ਨੀਮ ਦਾ ਤੇਲ ਲੰਬੇ ਸਮੇ ਤਕ ਦੀਮਕ ਤੋਂ ਬਚਾਉਂਦਾ ਹੈ ਤੇ ਵਾਤਾਵਰਨ ਨੂੰ ਨੁਕਸਾਨ ਵੀ ਨੀ ਕਰਦਾ। ਨਿੰਮ ਨੂੰ ਬਾਲ ਕੰਘੀ ਦੇ ਉਤਪਾਦਨ ਲਈ ਵਰਤਿਆ ਜਾਂਦਾ ਹੈ (ਕਾਸਮੈਟਿਕਸ, ਫੇਸ ਕਰੀਮ, ਨੂੰਹ ਪਾਲਸ, ਸਾਬਣ ਆਦਿ।

ਪਾਪੂਲਰ ਨੂੰ ਮਿੱਝ ਅਤੇ ਹਲਕੇ ਭਾਰ ਦੇ ਫਰਨੀਚਰ ਲਈ ਵਰਤਿਆ ਜਾਂਦਾ ਹੈ। ਪਾਪੂਲਰ ਹਰ ਤਰ੍ਹਾਂ ਦੀ ਉਪਯੋਗਤਾ ਦੀ ਲੱਕੜੀ ਵੀ ਹੈ ਇਹ ਫਰਨੀਚਰ ਫਰੇਮਜ਼, ਕਾਗਜ਼ ਅਤੇ ਪਲਾਈਵੁੱਡ ਆਦਿ ਲਈ ਵਰਤਿਆ ਜਾਂਦਾ ਹੈ। ਸ਼ੀਸ਼ਮ

ਰੋਸਵੇਡ ਵੰਸ਼ ਦੀ ਮਹੱਤਵਪੂਰਣ ਵਪਾਰਕ ਲੱਕੜ ਵੀ ਹੈ। ਇਸ ਦੀ ਲੱਕੜ ਨੂੰ ਸੰਗੀਤ ਯੰਤਰ, ਪਲਾਈਵੁੱਡ, ਖੇਤੀਬਾੜੀ ਔਜ਼ਾਰ, ਫਲੋਰਿੰਗ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਦੀਆਂ ਟਾਹਣੀਆਂ ਦਾਤੁਨ ਦੇ ਤੌਰ ਤੇ ਇਸਤੇਮਾਲ ਕੀਤੀਆਂ ਹਨ।

ਇਨ੍ਹਾਂ ਦਰਖ਼ਤਾਂ ਨੂੰ ਕੱਟਣ ਦੇ ਨਤੀਜੇ ਵੱਜੋਂ ਹਿੱਸੇਦਾਰਾਂ ਨੇ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਤੇ ਚਿੰਤਾ ਜਾਹਿਰ ਕੀਤੀ ਅਤੇ ਦਰੱਖਤਾਂ ਦੀ ਕਟਾਈ ਕਰਨ ਤੋਂ ਪਹਿਲਾਂ, ਗਿਣਤੀ ਕਰਕੇ ਓਨੇ ਹੀ ਪੌਦੇ ਲਾਉਣ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਪ੍ਰਭਾਵਿਤ ਜ਼ਮੀਨ 'ਤੇ ਰੁੱਖਾਂ ਦੀ ਗਿਣਤੀ ਦੇ ਅਨੁਸਾਰ ਨਿਰਪੱਖ ਮੁਆਵਜ਼ਾ ਵੀ ਮੰਗਿਆ।

## 11.2 ਬਾਲਣ ਲਈ ਲੱਕੜ ਅਤੇ ਚਾਰੇ ਦਾ ਨੁਕਸਾਨ

ਪਿੰਡਾਂ ਦੇ ਲੋਕਾਂ ਨੇ ਇਹ ਦੱਸਿਆ ਕਿ ਜ਼ਮੀਨ ਦੀ ਪ੍ਰਾਪਤੀ ਦੇ ਕਾਰਨ ਪਸ਼ੂਆਂ ਲਈ ਚਾਰੇ ਦੀ ਕਮੀ ਹੋ ਜਾਵੇਗੀ। ਜਿਸ ਕਾਰਣ ਓਹਨਾ ਨੂੰ ਮਜ਼ਬੂਰਨ ਚਾਰਾ ਖਰੀਦਣ ਪਵੇਗਾ ਜਾਂ ਆਪਣੇ ਪਸ਼ੂਆਂ ਨੂੰ ਵੇਚਣਾ ਪਵੇਗਾ।ਇਸ ਨਾਲ ਘਰ ਵਿਚ ਦੁਧਾਰੂ ਪਸ਼ੂ ਰੱਖਣ ਦੀ ਪਰੰਪਰਾ ਵਿਚ ਕਮੀ ਆਵੇਗੀ।

## 11.3 ਜਨਤਕ ਇਮਾਰਤਾਂ

ਮਿਲੀ ਜਾਣਕਾਰੀ ਅਨੁਸਾਰ ਪ੍ਰੋਜੈਕਟ ਪ੍ਰਭਾਵਿਤ ਪਿੰਡਾਂ ਵਿਚ ਪ੍ਰੋਜੈਕਟ ਦੇ ਨਤੀਜੇ ਵਜੋਂ ਕਮਿਊਨਿਟੀ ਹਾਲ, ਸਕੂਲ, ਜਨਤਕ ਪਖਾਨੇ, ਪੰਚਾਇਤ ਭਵਨ ਆਦਿ ਜਨਤਕ ਇਮਾਰਤਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਹੋਵੇਗਾ।

## 11.4 ਸਾਂਝੇ ਸੰਪਤੀ ਸੰਸਥਾਨਾਂ

ਪ੍ਰਜੈਕਟਦੁਆਰਾ ਕੋਈ ਸਾਂਝੇ ਸੰਪੱਤੀ ਦੇ ਸ੍ਰੋਤ ਪ੍ਰਭਾਵਿਤ ਨਹੀਂ ਹੋ ਰਹੇ ਸੀ।

## 11.5 ਸੱਭਿਆਚਾਰਕ ਜਾਇਦਾਦ

ਪ੍ਰਸਤਾਵਿਤ ਪ੍ਰੋਜੇਕਟ ਕਰਕੇ ਖੇਤਰ ਵਿਚ ਕਬਰਸਤਾਨ, ਪੁਰਾਤੱਤਵ-ਵਿਗਿਆਨ ਦੀਆਂ ਥਾਂਵਾਂ ਪ੍ਰਭਾਵਿਤ ਨਹੀਂ ਹੋ ਰਹੀ ਸੀ।

## 11.6 ਬੁਨਿਆਦੀ ਢਾਂਚਾ

ਵੱਖ ਵੱਖ ਹਿੱਸੇਦਾਰਾਂ ਅਤੇ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਪਤਾ ਚਲਿਆ ਕੀ ਇਸ ਪ੍ਰੋਜੇਕਟ ਦੇ ਸ਼ੁਰੂ ਹੋਣ ਨਾਲ ਕੋਈ ਸੜਕਾਂ / ਪੁਲ / ਨਹਿਰਾਂ ਪ੍ਰਭਾਵਿਤ ਨਹੀਂ ਹੋ ਰਹੀਆਂ ਸਨ।

## 11.7 ਸਮੁਦਾਇ-ਅਧਾਰਿਤ ਪਛਾਣ ਸੂਚਕ

ਇਹ ਸਮੁਦਾਇ ਚੰਡੀਗੜ੍ਹ ਦੇ ਨਾਲ-ਨਾਲ ਪੰਜਾਬ ਦੇ ਗੁਆਂਢੀ ਖੇਤਰਾਂ ਨਾਲ ਸਭਿਆਚਾਰਕ ਅਤੇ ਭਾਸ਼ਾਈ ਸਮਾਨਤਾਵਾਂ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ, ਸਰਵੇਖਣ ਦੌਰਾਨ ਇਹ ਅਨੁਮਾਨ ਲਗਾਇਆ ਗਿਆ ਕਿ ਪ੍ਰੋਜੇਕਟ ਦੇ ਨਤੀਜੇ ਵਜੋਂ ਕੋਈ ਭਿੰਨਤਾ ਜਾਂ ਸਭਿਆਚਾਰਕ ਜਾਂ ਧਾਰਮਿਕ ਪਰੰਪਰਾਵਾਂ ਵਿਚ ਤਬਦੀਲੀ ਨਹੀਂ ਹੋਏਗੀ।

ਅਗਲੇ ਅਧਿਆਏ ਵਿਚ ਆਕੰੜੇ ਇਕੱਠਾ ਕਰਨ ਅਤੇ ਵਿਸ਼ਲੇਸ਼ਣ ਤੋਂ ਬਾਅਦ, ਦੋ ਪਿੰਡਾਂ ਦੀ ਜਨਤਕ ਸੁਣਵਾਈਆਂ, ਪ੍ਰਭਾਵਿਤ ਪਰਿਵਾਰਾਂ ਅਤੇ ਘਰਾਂ ਦੇ ਵਿਚਾਰਾਂ ਨੂੰ ਨਿਰਧਾਰਤ ਕਰਨ, ਪ੍ਰਮਾਣਿਤ ਕਰਨ ਅਤੇ ਇਕੱਠਾ ਕਰਨ ਤੇ ਚਰਚਾ ਕੀਤੀ ਗਈ ਹੈ।

# ਅਧਿਆਇ 12

## ਜਨਤਕ ਸੁਣਵਾਈ

ਭੂਮੀ ਅਧਿਗ੍ਰਹਣ, ਮੁੜ ਵਸੇਬਾ ਅਤੇ ਪੁਨਰਵਾਸ ਕਾਨੂੰਨ (RFCTLARR), 2013 ਵਿੱਚ ਢੁਕਵਾਂ ਮੁਆਵਜਾ ਅਤੇ ਪਾਰਦਰਸ਼ਿਤਾ ਦੇ ਹੱਕ ਦੇ ਤਹਿਤ ਜਨਤਕ ਸੁਣਵਾਈ ਕਰਨਾ ਲਾਜ਼ਮੀ ਹੈ| ਇਹ ਸੁਣਵਾਈ ਦਾ ਮੁੱਖ ਉਦੇਸ਼ ਪ੍ਰਭਾਵਿਤ ਵਿਅਕਤੀਆਂ ਦੇ ਵਿਚਾਰ ਨੂੰ ਦਰਜ਼ ਕਰਨਾ ਹੁੰਦਾ ਹੈ ।

ਜਨਤਕ ਸੁਣਵਾਈ ਬਹੁਤੀਆਂ ਪਾਰਟੀਆਂ ਲਈ ਆਪਣੀਆਂ ਚਿੰਤਾਵਾਂ ਪ੍ਰਗਟ ਕਰਨ, ਸਾਰੇ ਲੋਕਾਂ ਦੇ ਵਿਚਾਰਾਂ ਨੂੰ ਸਮਝਣ ਅਤੇ ਆਮ ਸਹਿਮਤੀ ਤੇ ਪਹੁੰਚਣ ਲਈ ਇਕ ਸਾਂਝੇ ਪਲੇਟਫਾਰਮ ਵਜੋਂ ਕੰਮ ਕਰਦੀ ਹੈ| ਇਹ ਪ੍ਰੋਜੈਕਟ ਬਾਰੇ ਫੈਸਲੇ ਲੈਣ ਲਈ ਹਿੱਸੇਦਾਰਾਂ ਤੋਂ ਜਾਣਕਾਰੀ ਅਤੇ ਟਿੱਪਣੀਆਂ ਇੱਕਤਰ ਕਰਦੀ ਹੈ|

ਆਰ.ਐਫ.ਸੀ.ਟੀ.ਐਲ.ਆਰ.ਆਰ. ਐਕਟ 2013 ਦੇ ਪ੍ਰਾਵਧਾਨਾਂ ਦੇ ਅਨੁਸਾਰ, ਪ੍ਰੋਜੈਕਟ ਦੁਆਰਾ ਪ੍ਰਭਾਵਿਤ ਪਿੰਡਾਂ ਵਿੱਚ 10 ਸਤੰਬਰ, 2018 ਨੂੰ ਜਨਤਕ ਸੁਣਵਾਈ ਕੀਤੀ ਗਈ ਸੀ| ਇਹ ਪ੍ਰੋਜੈਕਟ ਬਾਰੇ ਸੁਝਾਅ ਦੀ ਤਲਾਸ਼ ਕਰਨ ਅਤੇ ਅੰਤਿਮ ਦਸਤਾਵੇਜਾਂ ਵਿੱਚ ਹੋਰ ਜਾਣਕਾਰੀ ਇਕੱਠੀ ਕਰਨ ਵਿਚ ਮਦਦ ਲਈ ਕੀਤੀ ਜਾਂਦੀ ਹੈ|

ਜ਼ਮੀਨ ਪ੍ਰਾਪਤੀ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੁਆਰਾ ਜਨਤਕ ਸੁਣਵਾਈ ਦੀ ਤਾਰੀਖ਼ 10 ਸਤੰਬਰ 2018 ਅਜੀਤ, ਪੰਜਾਬ ਕੇਸਰੀ ਅਤੇ ਦ ਹਿੰਦੁਸਤਾਨ ਟਾਈਮਜ਼ ਅਖ਼ਬਾਰਾਂ ਵਿਚ 24 ਅਗਸਤ 2018 ਨੂੰ ਐਲਾਨੀ ਗਈ ਸੀ| (ਅਨੁਲਗ – VIII)| ਜਨਤਕ ਸੁਣਵਾਈ ਦੀ ਮਿਤੀ, ਸਮਾਂ ਅਤੇ ਸਥਾਨ ਬਾਰੇ ਜਾਣਕਾਰੀ ਪਹਿਲਾਂ ਹੀ ਸਬੰਧਤ ਅਧਿਕਾਰੀਆਂ, ਕੌਂਸਲਰਾਂ, ਜ਼ਿਲਾ ਅਤੇ ਬਲਾਕ ਪੱਧਰੀ, ਪਿੰਡ ਦੇ ਸਰਪੰਚ ਅਤੇ ਪਿੰਡਾਂ ਦੇ ਚੌਕੀਦਾਰਾਂ ਨੂੰ ਦਿੱਤੀ ਗਈ ਸੀ| ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਨੂੰ ਅਖਬਾਰ, ਪਟਵਾਰੀ, ਚੌਕੀਦਾਰ, ਸਰਪੰਚ, ਨਿੱਜੀ ਸ੍ਰੋਤਾਂ ਅਤੇ ਫੋਨ ਕਾਲਾਂ ਰਾਹੀਂ ਜਨਤਕ ਸੁਣਵਾਈ ਬਾਰੇ ਪਹਿਲਾਂ ਹੀ ਚੰਗੀ ਤਰ੍ਹਾਂ ਸੂਚਿਤ ਕੀਤਾ ਗਿਆ ਸੀ|

ਐਸ.ਆਈ.ਏ. ਟੀਮ, ਮਾਨਵ ਵਿਗਿਆਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਜਨਤਕ ਸੁਣਵਾਈ ਦੇ ਸਾਰੇ ਸੈਸ਼ਨ ਕਰਵਾਏ| ਜਨਤਕ ਸੁਣਵਾਈ ਦੌਰਾਨ ਐਸ. ਆਈ. ਏ ਟੀਮ ਦੇ ਨਾਲ ਜ਼ਮੀਨ ਪ੍ਰਾਪਤੀ ਅਧਿਕਾਰੀਆਂ ਨੇ ਵੀ ਜਨਤਕ ਸੁਣਵਾਈ ਵਿਚ ਹਿੱਸਾ ਲਿਆ ਅਤੇ ਸਾਂਝੇਦਾਰਾਂ ਨਾਲ ਗੱਲਬਾਤ ਕੀਤੀ|

ਪ੍ਰੋਫੈਸਰ ਏ. ਕੇ ਸਿਨਹਾ ਨੇ ਆਏ ਹੋਏ ਸਾਰੇ ਲੋਕਾਂ ਅਤੇ ਅਧਿਕਾਰੀਆਂ ਨੂੰ ਜੀ ਆਈਆਂ ਆਖਿਆ ਅਤੇ ਜਨਤਕ ਸੁਣਵਾਈ ਸ਼ੁਰੂ ਕੀਤੀ, ਜਿਸ ਤੋਂ ਬਾਅਦ ਡਾ. ਰੁਚੀ ਸ਼ਰਮਾ ਦੁਆਰਾ ਸ਼ੁਰੂਆਤੀ ਭਾਸ਼ਣ ਦਿੱਤਾ ਗਿਆ| ਇਸ ਦੌਰਾਨ ਪ੍ਰੋਜੈਕਟ ਦੇ ਵੇਰਵੇ ਦਾ ਵਿਖਿਆਨ ਕੀਤਾ ਗਿਆ ਅਤੇ ਨਿਜੀ ਇੰਟਰਵਿਊਆਂ ਦੌਰਾਨ ਉੱਤਰਦਾਤਾਵਾਂ ਦੁਆਰਾ ਉਠਾਏ ਗਏ ਮੁੱਦਿਆਂ ਨੂੰ ਜਨਤਾ ਨੂੰ ਵਿਸਥਾਰ ਵਿਚ ਬਿਆਨ ਕੀਤਾ ਗਿਆ| ਹਰ ਪ੍ਰਤੀਵਾਦੀ ਨੂੰ ਉਨ੍ਹਾਂ ਦੀਆਂ ਚਿੰਤਾਵਾਂ ਬਾਰੇ ਵਿਸਥਾਰ ਕਰਨ ਲਈ ਸਮਾਂ ਦਿੱਤਾ ਗਿਆ, ਜਿਸਦਾ ਵੀਡੀਓ ਰਿਕਾਰਡ ਕੀਤਾ ਗਿਆ ਅਤੇ ਨੋਟ ਵੀ ਕੀਤਾ ਗਿਆ ਸੀ| ਇਸ ਪ੍ਰੋਜੈਕਟ ਨਾਲ ਸਬੰਧਤ ਮੁੱਦਿਆਂ ਤੋਂ ਇਲਾਵਾ, ਲੋਕਾਂ ਨੇ ਇਸ ਪ੍ਰੋਜੈਕਟ ਦੇ ਸੰਬੰਧ ਵਿਚ ਆਪਣੀ ਸ਼ੰਕਿਆਂ ਨੂੰ ਵੀ ਸੰਤੁਸ਼ਟ ਕੀਤਾ|

ਐਕਟ ਦੇ ਉਪਬੰਧਾਂ ਅਨੁਸਾਰ, ਸਾਰੀ ਜਨਤਕ ਸੁਣਵਾਈ ਦੀ ਫੋਟੋ ਖਿੱਚਿਆਂ ਗਈਆਂ ਅਤੇ ਵੀਡੀਓ ਰਿਕਾਰਡ ਕੀਤਾ ਗਿਆ (ਵੀਡੀਓਗ੍ਰਾਫੀ ਦੀ ਡੀ.ਵੀ.ਡੀ ਨਾਲ ਨੱਥੀ ਹੈ)| (ਅਨੁਲਗ XI)| ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੁਆਰਾ ਬਿਆਨ ਕੀਤੀਆਂ ਸ਼ਿਕਾਇਤਾਂ ਅਤੇ ਪੂਰੀ ਪ੍ਰਤੀਕਿਰਿਆ ਅੰਤਿਮ ਰਿਪੋਰਟ ਵਿੱਚ ਸ਼ਾਮਿਲ ਕੀਤੀ ਗਈ ਸੀ| ਜਨਤਕ ਸੁਣਵਾਈ ਦੇ ਦੋਵੇਂ ਸੈਸ਼ਨਾਂ ਦਾ ਵੇਰਵਾ ਸਾਰਣੀ 12.1 ਵਿੱਚ ਦਿੱਤਾ ਗਿਆ ਹੈ|

ਸਾਰਣੀ 12.1: ਦੋਵੇਂ ਪਿੰਡਾਂ ਵਿਚ ਜਨਤਕ ਸੁਣਵਾਈ ਦੇ ਸੈਸ਼ਨ ਦਾ ਵੇਰਵਾ

| ਕ੍ਰਮ ਸੰਖਿਆ | ਸੈਸ਼ਨ | ਤਾਰੀਖ | ਪਿੰਡ | ਸਥਾਨ | ਉੱਤਰਦਾਤਾਵਾਂ ਦੀ ਗਿਣਤੀ | ਪਟਵਾਰੀ ਦਾ ਨਾਮ |
|---|---|---|---|---|---|---|
| 1. | 10/9/18 | ਸਵੇਰੇ 11.00 - ਦੁਪਹਿਰ 1.00 | ਡੱਡੂ ਮਾਜਰਾ | ਗੁਰੂਦੁਆਰਾ ਸਾਹਿਬ, ਡੱਡੂ ਮਾਜਰਾ | 62 | ਸ਼੍ਰੀ ਰਾਜਿੰਦਰ ਸਿੰਘ |
| 2. | 10/9/18 | ਦੁਪਹਿਰ 2.00 - ਸ਼ਾਮ 4.00 | ਧਨਾਸ | ਈ-ਸੰਪਰਕ ਕੇਂਦਰ | 13 | ਸ਼੍ਰੀ ਰਾਜਿੰਦਰ ਸਿੰਘ |

ਜਨਤਕ ਸੁਣਵਾਈ 10/9/2018 ਨੂੰ ਗੁਰੂਦੁਆਰਾ ਸਾਹਿਬ, ਪਿੰਡ ਡੱਡੂ ਮਾਜਰਾ ਵਿਖੇ ਸਵੇਰੇ 11:00 ਤੋਂ ਦੁਪਹਿਰ 1:00 ਵਜੇ ਕੀਤੀ ਗਈ ਸੀ| ਜਿਸ ਵਿਚ 62 ਨੁਮਾਇੰਦੇ ਸਨ, ਜਿਨ੍ਹਾਂ ਵਿਚੋਂ 52 ਪ੍ਰੋਜੈਕਟ ਪ੍ਰਭਾਵਿਤ ਜ਼ਮੀਨ ਦੇ ਹਿਸੇਦਾਰ ਸਨ ਅਤੇ ਕੁਝ ਪੇਂਡੂ ਸੰਘਰਸ਼ ਕਮੇਟੀ ਦੇ ਮੈਂਬਰ ਸਨ|

ਸ਼੍ਰੀ ਅਰਜੁਨ ਸ਼ਰਮਾ (ਆਈ.ਏ.ਐਸ-ਐਲ.ਏ. ਓ) ਨੇ ਉਥੇ ਮੌਜੂਦ ਜਨਤਾ ਨੂੰ ਸੰਬੋਧਿਤ ਕੀਤਾ ਅਤੇ ਭਰੋਸਾ ਦਿੱਤਾ ਕਿ ਜ਼ਮੀਨ ਪ੍ਰਾਪਤੀ ਪ੍ਰਕਿਰਿਆ ਐਕਟ ਦੇ ਅਨੁਸਾਰ ਹੀ ਕੀਤੀ ਜਾਵੇਗੀ| ਉਹਨਾਂ ਜ਼ਿਕਰ ਕੀਤਾ ਕਿ ਮੁਆਵਜ਼ਾ ਢੁਕਵਾਂ ਅਤੇ ਕੁਲੈਕਟਰ ਰੇਟ ਤੋਂ ਵੀ ਜਿਆਦਾ ਹੋਵੇਗਾ| ਉਨ੍ਹਾਂ ਨੇ ਕਿਹਾ ਕਿ ਜ਼ਮੀਨ ਪ੍ਰਾਪਤੀ ਵਿਚ ਯਕੀਨੀ ਤੌਰ 'ਤੇ ਕੁਝ ਸਮਾਜਕ ਪ੍ਰਭਾਵ ਹੁੰਦੇ ਹੈ ਅਤੇ ਇਸ ਗੱਲ ਦਾ ਆਸ਼ਵਾਸਨ ਦਿੱਤਾ ਕਿ ਐਕਟ ਦੇ ਅਨੁਸਾਰ ਪੁਨਰਵਾਸ ਅਤੇ ਪੁਨਰ ਸਥਾਪਤੀ ਦੇ ਉਪਾਅ ਕੀਤੇ ਜਾਣਗੇ|

ਇਸ ਤੋਂ ਬਾਅਦ ਸ਼੍ਰੀਮਤੀ ਫ਼ਰਮਿਲਾ (ਕੌਂਸਿਲਲੋਰ- ਡੱਡੂ ਮਾਜਰਾ) ਨੇ ਜਨਤਾ ਨੂੰ ਸੰਬੋਧਿਤ ਕੀਤਾ| ਉਹਨਾਂ ਜ਼ਿਕਰ ਕੀਤਾ ਕਿ ਜਮੀਨ ਮਾਲਿਕ ਦੇਸ਼ ਦੇ ਵਿਕਾਸ ਲਈ ਜ਼ਮੀਨ ਦੇ ਰਹੇ ਹਨ ਅਤੇ ਉਨ੍ਹਾਂ ਦਾ ਯੋਗਦਾਨ ਹਮੇਸ਼ਾ ਲਈ ਯਾਦ ਰੱਖਿਆ ਜਾਵੇਗਾ| ਉਨ੍ਹਾਂ ਨੇ ਇਹ ਵੀ ਜ਼ੋਰ ਦਿੱਤਾ ਕਿ ਜ਼ਮੀਨ ਪ੍ਰਾਪਤੀ ਐਕਟ ਦੀ ਇਕਸਾਰਤਾ ਨਾਲ ਕੀਤੀ ਜਾਵੇਗੀ|

ਇਸ ਤੋਂ ਬਾਅਦ, ਹਿਸੇਦਾਰਾਂ ਨੇ ਆਪਣੀਆਂ ਚਿੰਤਾਵਾਂ ਅਤੇ ਮੰਗਾਂ ਸਾਂਝੀਆਂ ਕੀਤੀਆਂ| ਹਰ ਹਿਸੇਦਾਰ ਨੂੰ ਉਨ੍ਹਾਂ ਦੀਆਂ ਚਿੰਤਾਵਾਂ ਬਾਰੇ ਵਿਸਥਾਰ ਦੇਣ ਲਈ ਢੁਕਵਾਂ ਸਮਾਂ (ਲਗਭਗ 10-15 ਮਿੰਟ) ਦਿੱਤਾ ਗਿਆ ਸੀ| ਉਹਨਾਂ ਦੇ ਵਿਚਾਰ ਲਿਖਤੀ ਰੂਪ ਵਿਚ ਦਰਜ ਕੀਤੇ ਗਏ ਸਨ ਅਤੇ ਵੀਡੀਓ ਰਿਕਾਰਡ ਵੀ ਕੀਤੇ ਗਏ ਸਨ| ਹਾਜ਼ਰੀ ਸ਼ੀਟ 'ਤੇ ਹਿਸੇਦਾਰਾਂ ਦੇ ਹਸਤਾਖਰ / ਅੰਗੂਠੇ ਦਾ ਨਿਸ਼ਾਨ ਲਗਵਾਇਆ ਗਿਆ ਸੀ| (ਅਨੁਲੱਗ - IX ਉ)

ਇਸ ਪ੍ਰੋਜੈਕਟ ਨਾਲ ਸਬੰਧਤ ਮੁੱਦਿਆਂ ਤੋਂ ਇਲਾਵਾ ਲੋਕਾਂ ਨੇ ਇਸ ਪ੍ਰੋਜੈਕਟ ਦੇ ਸੰਬੰਧ ਵਿਚ ਆਪਣੇ ਸ਼ੰਕਾਵਾਂ ਨੂੰ ਵੀ ਪੇਸ਼ ਕੀਤਾ| ਡਾ. ਏ.ਕੇ. ਸਿਨਹਾ ਦੁਆਰਾ ਧੰਨਵਾਦ ਨਾਲ ਸੈਸ਼ਨ ਦਾ ਨਿਪਟਾਰਾ ਕੀਤਾ ਗਿਆ|




ਤਸਵੀਰ 12.1: ਪਿੰਡ ਡੱਡੂ ਮਾਜਰਾ ਵਿੱਚ ਜਨਤਕ ਸੁਣਵਾਈ ਵਿੱਚ ਪ੍ਰਦਰਸ਼ਿਤ ਬੈਨਰ



ਤਸਵੀਰ 12.2: ਪਿੰਡ ਡੱਡੂ ਮਾਜਰਾ ਵਿਚ ਐਸ.ਆਈ.ਏ ਟੀਮ ਦਾ  ਸ਼ੁਰੂਆਤੀ ਭਾਸ਼ਣ




ਤਸਵੀਰ 12.3: ਐਸ.ਆਈ.ਏ ਟੀਮ ਦੇ ਪ੍ਰਿੰਸੀਪਲ ਸਲਾਹਕਾਰ- ਜਨਤਾ ਨੂੰ ਸੰਬੋਧਿਤ ਕਰਦੇ ਹੋਏ



ਤਸਵੀਰ 12.4: ਸ਼੍ਰੀ ਅਰਜੁਨ ਸ਼ਰਮਾ (ਆਈ.ਏ.ਐਸ-ਐਲ.ਏ. ਓ) ਨੇ ਉਥੇ ਮੌਜੂਦ ਜਨਤਾ ਨੂੰ ਸੰਬੋਧਿਤ ਕਰਦੇ

ਹੋਏ



ਤਸਵੀਰ 12.5: ਐਸ.ਆਈ.ਏ ਟੀਮ ਅਤੇ ਹੋਰ ਅਧਿਕਾਰੀ ਜਨਤਕ ਸੁਣਵਾਈ ਦੌਰਾਨ



ਤਸਵੀਰ 12.6: ਹਾਜ਼ਰੀ ਸ਼ੀਟ 'ਤੇ ਹਿਸੇਦਾਰ ਹਸਤਾਖਰ / ਅੰਗੂਠੇ ਦਾ ਨਿਸ਼ਾਨ ਲਗਾਂਦੇ ਹੋਏ



ਤਸਵੀਰ 12.7: ਮੀਟਿੰਗ ਦੌਰਾਨ ਹਾਜ਼ਰ ਹੋਏ ਹਿਸੇਦਾਰ ਅਤੇ ਪਿੰਡ ਦੇ ਲੋਕ

ਦੂਜੀ ਜਨਤਕ ਸੁਣਵਾਈ 10/9/2018 ਨੂੰ ਦੁਪਹਿਰ 2:00 ਤੋਂ 4:00 ਵਜੇ ਈ-ਸੰਪਰਕ ਕੇਂਦਰ, ਪਿੰਡ ਧਨਾਸ ਵਿਚ ਕੀਤੀ ਗਈ ਸੀ| ਮੀਟਿੰਗ ਵਿਚ ਕਰੀਬ 20 ਭਾਗੀਦਾਰ ਮੌਜੂਦ ਸਨ| ਉਨ੍ਹਾਂ ਵਿੱਚੋਂ 13 ਪ੍ਰੋਜੈਕਟਪ੍ਰਭਾਵਿਤ ਭੂਮੀ ਦੇ ਹਿੱਸੇਦਾਰ ਸਨ| ਇਥੇ ਵੀ ਪ੍ਰੋਫੈਸਰ ਏ. ਕੇ ਸਿਨਹਾ ਨੇ ਇਕ ਸਵਾਗਤੀ ਭਾਸ਼ਣ ਦੇ ਕੇ ਜਨਤਕ ਸੁਣਵਾਈ ਸ਼ੁਰੂ ਕੀਤੀ, ਜਿਸ ਤੋਂ ਬਾਅਦ ਡਾਕਟਰ ਰੁਚੀ ਸ਼ਰਮਾ ਦੁਆਰਾ ਸ਼ੁਰੂਆਤੀ ਭਾਸ਼ਣ ਦਿੱਤਾ ਗਿਆ|

ਜਨਤਕ ਸੁਣਵਾਈ ਦਾ ਉਦੇਸ਼ ਉਨ੍ਹਾਂ ਨੂੰ ਸਪਸ਼ਟ ਕੀਤਾ ਗਿਆ ਅਤੇ ਹਿਸੇਦਾਰਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਆਪਣੀਆਂ ਚਿੰਤਾਵਾਂ ਅਤੇ ਮੰਗਾਂ ਨੂੰ ਸ਼ਾਂਤੀ ਨਾਲ ਪ੍ਰਗਟ ਕਰਨ| ਇਸ ਤੋਂ ਬਾਅਦ, ਹਿਸੇਦਾਰਾਂ ਨੇ ਆਪਣੀਆਂ ਚਿੰਤਾਵਾਂ ਅਤੇ ਮੰਗਾਂ ਸਾਂਝੀਆਂ ਕੀਤੀਆਂ| ਹਰ ਹਿਸੇਦਾਰ ਨੂੰ ਉਨ੍ਹਾਂ ਦੀਆਂ ਚਿੰਤਾਵਾਂ ਬਾਰੇ ਵਿਸਥਾਰ ਦੇਣ ਲਈ ਢੁਕਵਾਂ ਸਮਾਂ (ਲਗਭਗ 10-15 ਮਿੰਟ) ਦਿੱਤਾ ਗਿਆ ਸੀ| ਉਹਨਾਂ ਦੇ ਵਿਚਾਰ ਲਿਖਤੀ ਰੂਪ ਵਿਚ ਦਰਜ ਕੀਤੇ ਗਏ ਸਨ ਅਤੇ ਵੀਡੀਓ ਰਿਕਾਰਡ ਵੀ ਕੀਤੇ ਗਏ ਸਨ| ਹਾਜ਼ਰੀ ਸ਼ੀਟ 'ਤੇ ਹਿਸੇਦਾਰਾਂ ਦੇ ਹਸਤਾਖਰ / ਅੰਗੂਠੇ ਦਾ ਨਿਸ਼ਾਨ ਲਗਵਾਇਆ ਗਿਆ ਸੀ|( ਅਨੁਲੱਗ - IX ਅ)

ਪਿੰਡ ਧਨਾਸ ਦੇ ਸਰਪੰਚ (ਸ. ਕੁਲਜੀਤ ਸਿੰਘ) ਨੇ ਜਨਤਕ ਸੁਣਵਾਈ ਨੂੰ ਸੰਬੋਧਿਤ ਕੀਤਾ ਅਤੇ ਅਧਿਕਾਰੀਆਂ ਨੂੰ ਪਿੰਡ ਵਾਸੀਆਂ ਨੂੰ ਢੁਕਵਾਂ ਮੁਆਵਜ਼ਾ ਦੇਣ ਦੀ ਮੰਗ ਕੀਤੀ| ਇਸ ਪ੍ਰੋਜੈਕਟ ਨਾਲ ਸਬੰਧਤ ਮੁੱਦਿਆਂ ਤੋਂ ਇਲਾਵਾ ਲੋਕਾਂ ਨੇ ਇਸ ਪ੍ਰੋਜੈਕਟ ਦੇ ਸੰਬੰਧ ਵਿਚ ਆਪਣੇ ਸ਼ੰਕਾਵਾਂ ਨੂੰ ਵੀ ਪੇਸ਼ ਕੀਤਾ| ਡਾ. ਏ.ਕੇ. ਸਿਨਹਾ ਦੁਆਰਾ ਧੰਨਵਾਦ ਨਾਲ ਸੈਸ਼ਨ ਦਾ ਨਿਪਟਾਰਾ ਕੀਤਾ ਗਿਆ|

ਉਹਨਾਂ ਨੇ ਫ਼ੀਲਡ ਵਰਕ ਦੌਰਾਨ ਹਿਸੇਦਾਰਾਂ ਦਾ ਸਮਰਥਨ ਦੇਣ ਲਈ ਧੰਨਵਾਦ ਕੀਤਾ| ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਐਸ.ਆਈ.ਏ. ਟੀਮ ਉਨ੍ਹਾਂ ਦੀਆਂ ਚਿੰਤਾਵਾਂ ਅਤੇ ਮੰਗਾਂ ਨੂੰ ਯੂ.ਟੀ. ਸਰਕਾਰ ਅੱਗੇ ਨਿਰਪੱਖਤਾ ਅਤੇ ਜਾਇਜ਼ ਢੰਗ ਨਾਲ ਪੇਸ਼ ਕਰੇਗੀ|

ਐਸ.ਆਈ.ਏ. ਟੀਮ ਦੇ ਹੋਰ ਮੈਂਬਰ (ਸ਼੍ਰੀ ਸਚਿਨ ਅਤੇ ਮਿਸ ਰਿਤੂ) ਨੇ ਸੈਸ਼ਨਾਂ ਦੀ ਸਹੂਲਤ ਅਤੇ ਜਨਤਕ ਸੁਣਵਾਈ ਦੇ ਸੁਚਾਰੂ ਸੰਗਠਨ ਵਿਚ ਮਦਦ ਕੀਤੀ| ਟੀਮ ਨੇ ਜਨਤਕ ਸੁਣਵਾਈ ਵਿੱਚ ਇਕੱਠੀ ਕੀਤੀ ਸਾਰੀ ਜਾਣਕਾਰੀ ਦੀ ਸਮੀਖਿਆ ਕੀਤੀ ਅਤੇ ਇਸ ਨੂੰ ਅੰਤਿਮ ਵਿਸ਼ਲੇਸ਼ਣ ਵਿੱਚ ਸ਼ਾਮਲ ਕੀਤਾ|




ਤਸਵੀਰ 12.8: ਪਿੰਡ ਧਨਾਸ ਵਿੱਚ ਜਨਤਕ ਸੁਣਵਾਈ ਵਿੱਚ ਪ੍ਰਦਰਸ਼ਿਤ ਬੈਨਰ



ਤਸਵੀਰ 12.9: ਪਿੰਡ ਧਨਾਸ ਵਿਚ ਐਸ.ਆਈ.ਏ ਟੀਮ ਦਾ ਸ਼ੁਰੂਆਤੀ ਭਾਸ਼ਣ



ਤਸਵੀਰ 12.10: ਪਿੰਡ ਧਨਾਸ ਦੇ ਸਰਪੰਚ (ਸ. ਕੁਲਜੀਤ ਸਿੰਘ) ਨੇ ਜਨਤਕ ਸੁਣਵਾਈ ਨੂੰ ਸੰਬੋਧਿਤ ਕਰਦੇ ਹੋਏ



ਤਸਵੀਰ 12.11: ਮੀਟਿੰਗ ਦੌਰਾਨ ਹਾਜ਼ਰ ਹੋਏ ਹਿਸੇਦਾਰ ਅਤੇ ਪਿੰਡ ਦੇ ਲੋਕ

ਦੋਵਾਂ ਪਿੰਡਾਂ ਦੇ ਲੋਕਾਂ ਦੁਆਰਾ ਉਠਾਈਆਂ ਗਈਆਂ ਕੁਝ ਵੱਡੀਆਂ ਚਿੰਤਾਵਾਂ / ਮੰਗਾਂ ਹੇਠ ਲਿਖੀਆਂ ਸਾਰਣੀਆਂ ਵਿੱਚ ਸੰਖੇਪ ਪ੍ਰਦਾਨ ਕੀਤੀਆਂ ਗਈਆਂ ਹਨ|

ਸਾਰਣੀ 12.2: ਪ੍ਰੋਜੈਕਟ ਪ੍ਰਭਾਵਿਤ ਹਿਸੇਦਾਰਾਂ ਦੀਆਂ ਚਿੰਤਾਵਾਂ

| **ਕ੍ਰਮ ਸੰਖਿਆ** | **ਚਿੰਤਾਵਾਂ ਦੀ ਸੂਚੀ** |
|---|---|
| 1. | ਉਪਜਾਊ ਜ਼ਮੀਨ / ਜੱਦੀ ਸੰਪੱਤੀ ਦਾ ਨੁਕਸਾਨ |
| 2. | ਅਪੂਰਨ/ ਘੱਟ/ ਅਢੁੱਕਵਾਂ ਮੁਆਵਜ਼ਾ |
| 3. | ਰੁੱਖਾਂ ਦਾ ਨੁਕਸਾਨ/ ਪਸ਼ੂ ਲਈ ਚਾਰੇ ਦੀ ਘਾਟ |
| 4. | ਗ਼ੈਰ- ਪ੍ਰਾਪਤ ਭੂਮੀ ਦੀ ਬਰਬਾਦੀ: ਜੇਕਰ ਕਿਸੇ ਵਿਅਕਤੀ ਦੀ ਜ਼ਮੀਨ ਦੇ ਮੁੱਖ ਹਿੱਸੇ ਵਿੱਚੋਂ ਜ਼ਮੀਨ ਪ੍ਰਾਪਤ ਕੀਤੀ ਜਾ ਰਹੀ ਹੈ ਤਾਂ ਸੜਕ ਦੇ ਦੋਵੇਂ ਪਾਸੇ ਜ਼ਮੀਨ ਦੇ ਛੋਟੇ ਹਿੱਸੇ ਬੇਕਾਰ ਹੋ ਜਾਣਗੇ\| |
| 5. | ਨਿਸ਼ਾਨ ਲਗਾਉਣ ਤੋਂ ਬਾਅਦ ਜ਼ਮੀਨ ਦੀ ਵਰਤੋਂ ਨਹੀਂ ਹੋ ਰਹੀ |
| 6. | ਵਾਰ ਵਾਰ ਜ਼ਮੀਨ ਪ੍ਰਾਪਤੀ: ਜ਼ਮੀਨ ਪ੍ਰਾਪਤੀ ਲਈ ਸਰਕਾਰ ਕੋਲ ਕੋਈ ਲੰਬੀ ਯੋਜਨਾ ਨਹੀਂ ਹੈ\| |
| 7. | ਬਾਰ ਬਾਰ ਵਿਸਥਾਪਨ |
| 8. | ਆਮਦਨ ਦਾ ਘਾਟਾ/ ਰੋਜ਼ਗਾਰ ਦੇ ਪ੍ਰੰਪਰਾਗਤ ਢੰਗਾਂ ਦਾ ਨੁਕਸਾਨ ਅਤੇ ਬੇਰੁਜ਼ਗਾਰੀ |
| 9. | ਸੜਕ ਹਾਦਸਿਆਂ ਵਿਚ ਵਾਧਾ/ ਹਵਾ-ਪ੍ਰਦੂਸ਼ਣ ਵਿੱਚ ਵਾਧਾ/ ਅਪਰਾਧ ਵਿਚ ਵਾਧਾ |

**ਹਿੱਸੇਦਾਰਾਂ ਦੀਆਂ ਚਿੰਤਾਵਾਂ ਦੀ ਪ੍ਰੋਜੈਕਟ ਦੇ ਨਕਾਰਾਤਮਕ ਪ੍ਰਭਾਵ ਹੇਠ ਅਧਿਆਇ -8 ਵਿਚ ਵਿਸਥਾਰ ਨਾਲ ਚਰਚਾ ਕੀਤੀ ਗਈ ਹੈ|**

ਸਾਰਣੀ 12.3 ਪ੍ਰਸਤਾਵਿਤ ਪ੍ਰੋਜੈਕਟ ਦੇ ਸਬੰਧ ਵਿਚ ਸਬੰਧਤ ਧਿਰਾਂ ਦੁਆਰਾ ਉਠਾਈਆਂ ਗਈਆਂ ਮੁੱਖ ਮੰਗਾਂ

| **ਕ੍ਰਮ ਸੰਖਿਆ** | **ਮੁੱਖ ਮੰਗਾਂ ਦੀ ਸੂਚੀ** |
|---|---|
| 1. | ਢੁਕਵਾਂ ਮੁਆਵਜਾ ਜੋ ਕਿ ਤੁਰੰਤ ਜਾਰੀ ਕੀਤਾ ਜਾਵੇ |
| 2. | ਕੋਈ ਭਾਗ ਛੱਡੇ ਬਿਨਾਂ, ਪੂਰੀ ਜ਼ਮੀਨ ਦੀ ਪ੍ਰਾਪਤੀ |
| 3. | ਮੁੜ-ਵਸੇਬੇ (ਪੁਨਰਵਾਸ) ਦੀਆਂ ਯੋਜਨਾਵਾਂ- ਨੇੜਲੇ ਖੇਤਰਾਂ ਵਿੱਚ ਜ਼ਮੀਨ ਬਦਲੇ ਜ਼ਮੀਨ\| |
| 4. | ਰੋਜ਼ਗਾਰ ਦੇ ਮੌਕੇ: ਸਿੱਖਿਆ ਅਤੇ ਰੋਜ਼ਗਾਰ ਦੇ ਮੌਕਿਆਂ ਵਿੱਚ ਰਾਖਵਾਂਕਰਨ |
| 5. | ਹਿੱਸੇਦਾਰਾਂ ਨੂੰ ਨਵੇਂ ਕਾਰੋਬਾਰ ਦੀ ਸਥਾਪਨਾ ਲਈ ਆਰਥਿਕ ਸਹਾਇਤਾ |
| 6. | ਕਿਸਾਨਾਂ ਵਿਚ ਹੋਰ ਹੁਨਰ ( ਜਿਵੇਂ ਕਿ ਡੇਅਰੀ ਫਾਰਮਿੰਗ) ਦਾ ਵਿਕਾਸ |
| 7. | ਕੱਟੇ ਜਾਣ ਵਾਲੇ ਦਰੱਖਤਾਂ ਬਦਲੇ ਦਰੱਖਤ ਲਗਾਏ ਜਾਣ ਅਤੇ ਪ੍ਰਭਾਵਿਤ ਜ਼ਮੀਨ 'ਤੇ ਰੁੱਖਾਂ ਦੀ ਗਿਣਤੀ ਦੇ ਅਨੁਸਾਰ ਯੋਗ ਮੁਆਵਜ਼ਾ |
| 8. | ਦੂਜੇ ਖੇਤਰ ਵਿਚ ਜ਼ਮੀਨ ਖਰੀਦਣ ਤੇ ਸਟੈਂਪ ਡਿਊਟੀ ਅਤੇ ਰਜਿਸਟਰੀ ਫੀਸ ਮੁਆਫੀ |
| 9. | ਪਿੰਡਾਂ ਦਾ ਬਹੁਪੱਖੀ ਵਿਕਾਸ: ਪਿੰਡਾਂ ਨੂੰ ਸਾਰੀਆਂ ਸ਼ਹਿਰੀ ਸਹੂਲਤਾਂ ਅਤੇ ਉੱਚ ਜੀਵਨ ਪੱਧਰ ਪ੍ਰਦਾਨ ਕੀਤਾ ਜਾਵੇ |
| 10. | ਪਿੰਡ ਵਿਚ ਜਨਤਕ ਆਵਾਜਾਈ ਵਿਚ ਸੁਧਾਰ |
| 11. | ਮੁਆਵਜ਼ਾ ਯੋਜਨਾ |
| 12. | ਖੇਤਰ ਤੋਂ ਪੈਰੀਫੇਰੀ ਐਕਟ ਹਟਾਈ ਜਾਵੇ |
| 13. | ਵਿਕਸਤ ਜ਼ਮੀਨ ਦਾ 20% ਰਾਖਵਾਂ ਹੋਣਾ ਚਾਹੀਦਾ ਹੈ ਅਤੇ ਜ਼ਮੀਨ ਮਾਲਕਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ |
| 14. | ਜਿੱਥੇ ਵੀ ਸਰਕਾਰ ਨੇ ਪ੍ਰੋਜੈਕਟ ਲਈ ਜ਼ਮੀਨ ਪ੍ਰਾਪਤ ਕੀਤੀ ਹੈ ਜਾਂ ਕਰਦੀ ਹੈ ਉੱਥੇ ਪ੍ਰੋਜੈਕਟ ਸਾਈਟ 'ਤੇ ਪਿੰਡ ਦੇ ਨਾਂ ਨੂੰ ਪ੍ਰਦਰਸ਼ਿਤ ਕੀਤਾ ਜਾਣਾ ਚਾਹੀਦਾ ਹੈ |
| 15. | ਸਾਰੀਆਂ ਸਰਕਾਰੀ ਘੋਸ਼ਣਾਵਾਂ, ਨੋਟੀਫਿਕੇਸ਼ਨਾਂ ਅਤੇ ਰਿਪੋਰਟਾਂ ਸਥਾਨਕ ਭਾਸ਼ਾ ਪੰਜਾਬੀ ਵਿੱਚ ਵੀ ਜਾਰੀ ਕੀਤੀਆਂ ਜਾਣ |
| 15. | ਹੋਰ ਸਹੂਲਤਾਂ ਜੋ ਭੂਮੀ ਪ੍ਰਾਪਤੀ, ਮੁੜ ਵਸੇਬਾ ਅਤੇ ਪੁਨਰਵਾਸ ਐਕਟ,2013 ਵਿੱਚ ਦਰਸਾਈਆਂ ਗਈਆਂ ਹਨ, ਵੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ |

**ਸਾਰਣੀ 12.2 ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੀਆਂ ਮੰਗਾਂ ਦਰਸਾਉਂਦੀ ਹੈ| ਅੱਗੇ ਇਨ੍ਹਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ ਹੈ:**

- ਢੁਕਵਾਂ ਮੁਆਵਜ਼ਾ: ਹਿੱਸੇਦਾਰਾਂ ਦੇ ਅਨੁਸਾਰ, ਖੇਤਰ ਉੱਤੇ 'ਪੈਰੀਫੇਰੀ ਐਕਟ' ਹੇਠ ਪਾਬੰਦੀ ਲਗਾਈ ਗਈ ਸੀ| ਇਸ ਲਈ ਪ੍ਰਾਈਵੇਟ ਠੇਕੇਦਾਰ ਇੱਥੇ ਨਿਵੇਸ਼ ਨਹੀਂ ਕਰ ਸਕਦੇ ਅਤੇ ਇਸ ਤੋਂ ਇਲਾਵਾ, ਇਸ ਜ਼ਮੀਨ 'ਤੇ ਮਾਲਕਾਂ ਨੂੰ ਕਿਸੇ ਕਿਸਮ ਦੀ ਵਪਾਰਕ ਉਸਾਰੀ ਤੋਂ ਮਨ੍ਹਾਹੀ ਸੀ| ਇਸ ਲਈ, ਇਕ ਏਕੜ ਦੀ ਕੀਮਤ ਸ਼ਹਿਰ ਵਿਚ ਪੇਸ਼ ਕੀਤੀ ਜਾਣ ਵਾਲੀ ਦਰ ਅਨੁਸਾਰ ਦਿੱਤੀ ਜਾਣੀ ਚਾਹੀਦੀ ਹੈ| ਹਾਲਾਂਕਿ ਜ਼ਿਆਦਾਤਰ ਉੱਤਰਦਾਤਾਵਾਂ ਨੇ ਕਿਸੇ ਮੁਆਵਜ਼ੇ ਦੀ ਰਕਮ ਦਾ ਹਵਾਲਾ ਨਹੀਂ ਦਿੱਤਾ (ਉਹ ਸ਼ਹਿਰੀ ਸੰਪੱਤੀ ਦੀ ਦਰ ਦੀ ਮੰਗ ਕਰਦੇ ਸਨ) ਸਿਰਫ ਕੁਝ ਉੱਤਰਦਾਤਾਵਾਂ ਨੇ ਇਕ ਏਕੜ ਦੀ 10-15 ਕਰੋੜ ਰੁਪਏ ਮੁਆਵਜ਼ੇ ਦੀ ਮੰਗ ਕੀਤੀ|

  ਜਨਤਕ ਸੁਣਵਾਈ ਦੇ ਦੌਰਾਨ ਕੁਝ ਹਿੱਸੇਦਾਰਾਂ ਨੇ ਦਾਵਾ ਕੀਤਾ ਕਿ ਪੰਜਾਬ ਸਰਕਾਰ ਨੇ ਏਅਰਪੋਰਟ ਲਈ ਹਾਸਲ ਕੀਤੀ ਜ਼ਮੀਨ ਲਈ 1.75 ਕਰੋੜ ਰੁਪਏ ਪ੍ਰਤੀ ਏਕੜ ਅਦਾ ਕੀਤੀ ਹੈ ਪਰ ਚੰਡੀਗੜ੍ਹ ਸਰਕਾਰ ਨੇਇਸੇ ਜ਼ਮੀਨ ਲਈ ਸਿਰਫ 12 ਲੱਖ ਰੁਪਏ ਅਦਾ ਕੀਤੇ ਸੀ| ਸਰਕਾਰ ਨੂੰ ਨਾਲ ਲੱਗਦੇ ਰਾਜਾਂ ਨਾਲ ਮੁਆਵਜ਼ੇ ਦੀ ਦਰ ਦੀ ਤੁਲਨਾ ਕਰਨੀ ਚਾਹੀਦੀ ਹੈ| ਹਿਸੇਦਾਰਾਂ ਨੇ ਮੰਗ ਕੀਤੀ ਕਿ ਮੁਆਵਜ਼ੇ ਨੂੰ ਸ਼ਹਿਰੀ ਰੇਟ ਦੇ ਅਧਾਰ ਤੇ ਅਦਾ ਕਰਨਾ ਚਾਹੀਦਾ ਹੈ ਜਿਵੇਂ ਕਿ ਚੰਡੀਗੜ੍ਹ ਦੇ ਸੈਕਟਰ 38, ਸੈਕਟਰ 38 ਪੱਛਮ ਅਤੇ ਸੈਕਟਰ 14 ਦੀ ਦਰ| ਹਿੱਸੇਦਾਰਾਂ ਨੇ ਆਪਣੇ ਖੇਤਰ ਨੂੰ ਪੇਂਡੂ ਕਹੇ ਜਾਣ ਬਾਰੇ ਸਰਕਾਰ ਤੋਂ ਪੁੱਛਗਿੱਛ ਕੀਤੀ ਹੈ ਕਿ, ਨਾਲ ਲੱਗਦੇ ਖੇਤਰਾਂ ਨੂੰ ਪ੍ਰਾਪਤੀ ਤੋਂ ਬਾਅਦ ਸ਼ਹਿਰੀ ਐਲਾਨ ਕੀਤਾ ਜਾਂਦਾ ਹੈ ਤੇ ਉਹਨਾਂ ਦਾ ਖੇਤਰ ਗ੍ਰਾਮੀਣ ਹੀ ਰਹਿ ਗਿਆ ਹੈ |

ਢੁਕਵਾਂ ਮੁਆਵਜਾ ਤੁਰੰਤ ਜਾਰੀ ਕੀਤਾ ਜਾਵੇ: ਮੁਆਵਜ਼ਾ ਤੁਰੰਤ ਅਤੇ ਇੱਕ ਕਿਸ਼ਤ ਵਿੱਚ ਜਾਰੀ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਹਿੱਸਾਧਾਰਕ ਹੋਰ ਕਿਤੇ ਉਸ ਧਨ ਨੂੰ ਨਿਵੇਸ਼ ਕਰ ਸਕਣ| ਜੇਕਰ ਮੁਆਵਜ਼ਾ ਦਿੱਤੀ ਸਮਾਂ ਸੀਮਾ ਦੇ ਅੰਦਰ ਨਹੀਂ ਦਿੱਤਾ ਜਾਂਦਾਂ ਤਾਂ ਕਿਸਾਨ ਮੁਆਵਜ਼ੇ ਦੇ ਮੁੱਲ 'ਤੇ ਵਿਆਜ ਦੀ ਮੰਗ ਕਰ ਰਹੇ ਸਨ |

- ਪੂਰੀ ਜ਼ਮੀਨ ਦੀ ਪ੍ਰਾਪਤੀ: ਕੋਈ ਭਾਗ ਛੱਡੇ ਬਿਨਾਂ, ਸੜਕ ਦੇ ਨਾਲ-ਨਾਲ ਬਾਕੀ ਰਹਿੰਦੀ ਜ਼ਮੀਨ ਵੀ ਪੂਰੀ ਤਰ੍ਹਾਂ ਹਾਸਲ ਕੀਤੀ ਜਾਣੀ ਚਾਹੀਦੀ ਹੈ| ਨਾਲ ਲੱਗਦੀ ਥੋੜੀ ਜ਼ਮੀਨ ਜਿਹੜੀ ਕਿ ਪ੍ਰਸਤਾਵਿਤ ਪ੍ਰੋਜੈਕਟ ਲਈ ਸਰਕਾਰ ਦੁਆਰਾ ਹਾਸਲ ਨਹੀਂ ਕੀਤੀ ਜਾ ਰਹੀ ਉਹ ਜ਼ਮੀਨ ਮਾਲਕਾਂ ਲਈ ਕੋਈ ਵਰਤੋਂ ਦੀ ਨਹੀਂ ਹੈ| ਹਿੱਸੇਦਾਰਾਂ ਨੇ ਇਹ ਗੱਲ ਉਜਾਗਰ ਕੀਤੀ ਕਿ ਜੇਕਰ ਪ੍ਰਸਤਾਵਿਤ ਪ੍ਰੋਜੈਕਟ ਅਧੀਨ ਕਿਸੇ ਵਿਅਕਤੀ ਦੀ ਜ਼ਮੀਨ ਦੇ ਮੁੱਖ ਹਿੱਸੇ ਵਿੱਚੋਂ ਜ਼ਮੀਨ ਪ੍ਰਾਪਤ ਕੀਤੀ ਜਾ ਰਹੀ ਹੈ ਤਾਂ ਸੜਕ ਦੇ ਦੋਵੇਂ ਪਾਸੇ ਜ਼ਮੀਨ ਦੇ ਛੋਟੇ ਹਿੱਸੇ ਬੇਕਾਰ ਹੋ ਜਾਣਗੇ| ਜ਼ਮੀਨਧਾਰਕ ਇਸ ਛੋਟੇ ਹਿੱਸੇ ਨੂੰ ਨਾ ਖੇਤੀਬਾੜੀ ਅਤੇ ਨਾ ਕਿਸੇ ਹੋਰ ਉਦੇਸ਼ ਲਈ ਵਰਤ ਸਕਣਗੇ| ਇਸ ਲਈ,ਉਹਨਾਂ ਵੱਲੋਂ ਜ਼ਿਕਰ ਕੀਤਾ ਗਿਆ ਕਿ ਸੜਕ ਦੇ ਨਾਲ-ਨਾਲ ਬਾਕੀ ਰਹਿੰਦੀ ਜ਼ਮੀਨ ਵੀ ਹਾਸਲ ਕੀਤੀ ਜਾਣੀ ਚਾਹੀਦੀ ਹੈ| ਇਹ ਜ਼ਮੀਨਧਾਰਕ ਲਈ ਇਕ ਵੱਡੀ ਚਿੰਤਾ ਸੀ, ਕਿਉਂਕਿ ਜ਼ਮੀਨ ਪ੍ਰਾਪਤ ਕਰਨ ਤੋਂ ਬਾਅਦ ਬਾਕੀ ਬਚੀ ਜ਼ਮੀਨ ਲਾਭਹੀਨ ਹੋ ਜਾਵੇਗੀ| ਇਹ ਉਨ੍ਹਾਂ ਦੀ ਖੇਤੀਬਾੜੀ ਜ਼ਮੀਨ ਦੀ ਬਰਬਾਦੀ ਹੈ, ਇਸ ਲਈ ਹਿੱਸੇਦਾਰਾਂ ਨੇ ਉਹਨਾਂ ਪ੍ਰੋਜੈਕਟ ਦੁਆਰਾ ਪ੍ਰਭਾਵਿਤ ਪੂਰੀ ਜ਼ਮੀਨ ਦੀ ਪ੍ਰਾਪਤੀ ਲਈ ਸੁਝਾਅ ਦਿੱਤਾ| ਨਹੀਂ ਤਾਂ ਸਰਕਾਰ ਨੂੰ ਉਹਨਾਂ ਦੀ ਜ਼ਮੀਨ ਦਾ ਕੋਈ ਹਿੱਸਾ ਨਹੀਂ ਲੈਣਾ ਚਾਹੀਦਾ|
- ਮੁੜ-ਵਸੇਬੇ (ਪੁਨਰਵਾਸ) ਦੀਆਂ ਯੋਜਨਾਵਾਂ: ਪਿੰਡ ਦੀ ਆਬਾਦੀ ਵਧ ਰਹੀ ਹੈ ਅਤੇ ਪੈਰੀਫੇਰੀ ਐਕਟ ਦੇ ਕਾਰਨ, ਪਿੰਡ ਲੈਂਡਲੌਕ ਹੈ| ਹਿੱਸੇਦਾਰਾਂ ਨੇ ਦੱਸਿਆ ਕਿ ਸਰਕਾਰ ਨੂੰ ਇਸ ਖੇਤਰ ਦੇ ਵਿਕਾਸ ਦੀ ਕੋਈ

ਚਿੰਤਾ ਨਹੀਂ ਹੈ | ਸਰਕਾਰ ਨੂੰ ਉਨ੍ਹਾਂ ਲਈ ਢੁਕਵੀਂ ਮੁੜ ਵਸੇਬਾ ਯੋਜਨਾ ਬਣਾਓਣੀ ਚਾਹੀਦੀ ਹੈ| ਉਨ੍ਹਾਂ ਦੇ ਪਰਿਵਾਰ ਵਧ-ਫੁੱਲ ਰਹੇ ਹਨ ਅਤੇ ਜ਼ਮੀਨ ਨੂੰ ਲਿਆ ਜਾ ਰਿਹਾ ਹੈ | ਉਹ ਨਿਰਾਸ਼ ਹੋ ਗਏ ਹਨ ਕਿ ਇਸ ਜਗ੍ਹਾ ਦੇ ਜੱਦੀ ਵਿਸਥਾਪਿਤ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਕਿਤੇ ਹੋਰ ਜ਼ਮੀਨ ਨਹੀਂ ਦਿੱਤੀ ਜਾ ਰਹੀ ਹੈ|

- ਨੇੜਲੇ ਖੇਤਰਾਂ ਵਿੱਚ ਜ਼ਮੀਨ ਬਦਲੇ ਜ਼ਮੀਨ: ਹਿੱਸੇਦਾਰਾਂ ਨੇ ਦੱਸਿਆ ਕਿ ਜ਼ਮੀਨ ਪ੍ਰਾਪਤੀ ਤੋਂ ਬਾਅਦ ਉਹ ਦੂਰ ਇਲਾਕਿਆਂ (ਮੋਰਿੰਡਾ / ਖਮਾਣੋ ਆਦਿ) ਵਿੱਚ ਜ਼ਮੀਨ ਖਰੀਦਣ ਲਈ ਮਜ਼ਬੂਰ ਹੋ ਜਾਣਗੇ| ਉਨ੍ਹਾਂ ਨੂੰ ਜ਼ੋਰ- ਜ਼ਬਰਦਸਤੀ ਨਾਲ ਚੰਡੀਗੜ ਤੋਂ ਬਾਹਰ ਕੀਤਾ ਜਾ ਰਿਹਾ ਹੈ | ਉਨ੍ਹਾਂ ਨੇ ਨੇੜਲੇ ਇਲਾਕਿਆਂ ਵਿਚ ਜ਼ਮੀਨ ਬਦਲੇ ਜ਼ਮੀਨ ਦੀ ਮੰਗ ਕੀਤੀ|
- ਰੋਜ਼ਗਾਰ ਦੇ ਮੌਕੇ: ਹਿੱਸੇਦਾਰਾਂ ਨੇ ਪਰਿਵਾਰ ਦੇ ਘੱਟੋ ਘੱਟ ਇੱਕ ਮੈਂਬਰ ਲਈ ਨੌਕਰੀ ਦੀ ਮੰਗ ਕੀਤੀ ਕਿਉਂਕਿ ਉਹ ਆਪਣੀ ਆਮਦਨੀ ਦੇ ਸਰੋਤ (ਪ੍ਰੋਜੈਕਟ ਅਧੀਨ ਜ਼ਮੀਨ) ਨੂੰ ਗੁਆ ਰਹੇ ਸਨ|
- ਸਿੱਖਿਆ ਅਤੇ ਰੋਜ਼ਗਾਰ ਦੇ ਮੌਕਿਆਂ ਵਿੱਚ ਰਾਖਵਾਂਕਰਨ: ਹਿੱਸੇਦਾਰਾਂ ਨੇ ਆਪਣੇ ਬੱਚਿਆਂ ਨੂੰ ਸਿੱਖਿਆ ਸੰਸਥਾਵਾਂ ਅਤੇ ਰੋਜ਼ਗਾਰ ਵਿੱਚ 10% ਰਾਖਵਾਂਕਰਨ (ਰਿਜ਼ਰਵੇਸ਼ਨ) ਦੀ ਮੰਗ ਕੀਤੀ|
- ਵਿੱਤੀ ਸਹਾਇਤਾ: ਹਿੱਸੇਦਾਰਾਂ ਨੇ ਨਵੇਂ ਕਾਰੋਬਾਰ ਦੀ ਸਥਾਪਨਾ ਲਈ ਆਰਥਿਕ ਸਹਾਇਤਾ ਦੀ ਮੰਗ ਕੀਤੀ|
- ਕਿਸਾਨਾਂ ਵਿਚ ਹੋਰ ਹੁਨਰ ਦਾ ਵਿਕਾਸ: ਕਿਸਾਨ ਸਿਰਫ ਖੇਤੀ ਬਾੜੀ ਦਾ ਹੁਨਰ ਜਾਣਦੇ ਹਨ,ਇਸ ਲਈ ਉਨ੍ਹਾਂ ਨੇ ਰੋਜ਼ਗਾਰ ਦੇ ਨਵੇਂ ਸਾਧਨ ਸਿੱਖਾਓਣ ਵਾਲੇ ਵਿਕਾਸ ਪ੍ਰੋਗਰਾਮਾਂ ਦੀ ਮੰਗ ਕੀਤੀ| ਉਨ੍ਹਾਂ ਲਈ ਡੇਅਰੀ ਫਾਰਮਿੰਗ ਅਤੇ ਹੋਰ ਬਦਲਵੇਂ ਹੁਨਰ ਵਿਕਾਸ ਦੇ ਮੌਕਿਆਂ ਦਾ ਪਤਾ ਲਗਾਇਆ ਜਾਣਾ ਚਾਹੀਦਾ ਹੈ|

- ਹਿੱਸੇਦਾਰ ਮੰਗ ਕਰ ਰਹੇ ਸਨ ਕਿ ਕੱਟੇ ਜਾਣ ਵਾਲੇ ਦਰੱਖਤਾਂ ਬਦਲੇ ਦਰੱਖਤ ਲਗਾਏ ਜਾਣੇ ਚਾਹੀਦੇ ਹਨ| ਇਸ ਤੋਂ ਇਲਾਵਾ ਪ੍ਰਭਾਵਿਤ ਜ਼ਮੀਨ 'ਤੇ ਰੁੱਖਾਂ ਦੀ ਗਿਣਤੀ ਦੇ ਅਨੁਸਾਰ ਯੋਗ ਮੁਆਵਜ਼ਾ ਵੀ ਦਿੱਤਾ ਜਾਣਾ ਚਾਹੀਦਾ ਹੈ|

- ਸਟੈਂਪ ਡਿਊਟੀ ਅਤੇ ਰਜਿਸਟਰੀ ਫੀਸ ਮੁਆਫੀ: ਹਿੱਸੇਦਾਰਾਂ ਨੇ ਮੰਗ ਕੀਤੀ ਕਿ ਜੇਕਰ ਉਹ ਇਸ ਪ੍ਰੋਜੈਕਟ ਰਾਹੀਂ ਪ੍ਰਾਪਤ ਹੋਏ ਮੁਆਵਜ਼ੇ ਤੋਂ ਦੂਜੇ ਖੇਤਰ ਵਿਚ ਜ਼ਮੀਨ ਖਰੀਦਦੇ ਹਨ ਤਾਂ ਉਨ੍ਹਾਂ ਨੂੰ ਸਟੈਂਪ ਡਿਊਟੀ ਅਤੇ ਰਜਿਸਟਰੀ ਫੀਸ ਮੁਆਫ ਜਾਂ ਉਸਦੀ ਅਦਾਇਗੀ ਕੀਤੀ ਜਾਣੀ ਚਾਹੀਦੀ ਹੈ|

- ਪਿੰਡਾਂ ਦਾ ਬਹੁਪੱਖੀ ਵਿਕਾਸ: ਪਿੰਡਾਂ ਨੂੰ ਸਾਰੀਆਂ ਸ਼ਹਿਰੀ ਸਹੂਲਤਾਂ ਅਤੇ ਉੱਚ ਜੀਵਨ ਪੱਧਰ ਦੇ ਮਾਡਲ ਪਿੰਡਾਂ ਵਿਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ| ਇਲਾਕੇ ਵਿਚ ਕਮਿਊਨਿਟੀ ਕੇਂਦਰ, ਈ-ਸੰਪਰਕ ਕੇਂਦਰ ਅਤੇ ਆਧੁਨਿਕ ਸਟੇਡੀਅਮ ਬਣਾਏ ਜਾਣੇ ਚਾਹੀਦੇ ਹਨ| ਹਿਸੇਦਾਰਾਂ ਨੇ ਮੰਗ ਕੀਤੀ ਕਿ ਉਨ੍ਹਾਂ ਦੇ ਪਿੰਡ ਨੂੰ ਵੀ ਚੰਡੀਗੜ ਦੇ ਹੋਰ ਖੇਤਰਾਂ ਦੀ ਸਹੂਲਤ ਜਿਵੇਂ ਕਿ ਪਾਰਕ ਵਿਚ ਖੁੱਲ੍ਹੇ ਜਿਮ, ਮਨੋਰੰਜਨ ਪਾਰਕ, ਸਮੁਦਾਇਕ ਕੇਂਦਰ ਅਤੇ ਲਾਇਬਰੇਰੀ ਨਾਲ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ| ਇਸ ਤਰ੍ਹਾਂ ਪਿੰਡ ਵਿਚ ਬਹੁ-ਵਿੱਦਿਅਕ ਵਿਕਾਸ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ|
- ਪਿੰਡ ਵਿਚ ਜਨਤਕ ਆਵਾਜਾਈ ਵਿਚ ਸੁਧਾਰ: ਹਿਸੇਦਾਰਾਂ ਨੇ ਦੱਸਿਆ ਕਿ ਕੁਝ ਸਾਲ ਪਹਿਲਾਂ ਪਿੰਡਾਂ ਤੋਂ ਸਰਕਾਰੀ ਬੱਸ ਸੇਵਾ ਮੁਅੱਤਲ ਕਰ ਦਿੱਤੀ ਗਈ ਸੀ| ਉਨ੍ਹਾਂ ਨੇ ਮੰਗ ਕੀਤੀ ਕਿ ਨੇੜਲੇ ਇਲਾਕਿਆਂ (ਸੈਕਟਰ -43, 17 ਆਦਿ) ਲਈ ਬੱਸ ਸੇਵਾ ਨੂੰ ਤੁਰੰਤ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ|
- ਮੁਆਵਜ਼ਾ ਯੋਜਨਾ: ਕੁਝ ਹਿੱਸੇਦਾਰਾਂ ਨੇ ਮੰਗ ਕੀਤੀ ਕਿ ਸਰਕਾਰ ਨੂੰ ਉਹਨਾਂ ਦੀ ਜ਼ਮੀਨ ਪ੍ਰਾਪਤੀ ਦੇ ਬਾਅਦ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ (ਪੀ.ਏ.ਐਫ) ਨੂੰ ਮਾਲੀ ਸਹਾਇਤਾ ਦੇਣ ਲਈ ਮਹੀਨਾਵਾਰ ਜਾਂ

ਤਿਮਾਹੀ ਮੁਆਵਜ਼ੇ ਦੀ ਯੋਜਨਾ ਤਿਆਰ ਕਰਨੀ ਚਾਹੀਦੀ ਹੈ ਕਿਉਂਕਿ ਜ਼ਮੀਨ ਦੇਣ ਤੋਂ ਬਾਅਦ ਉਹਨਾਂ ਕੋਲ ਆਮਦਨ ਦਾ ਕੋਈ ਹੋਰ ਸਰੋਤ ਨਹੀਂ ਰਹੇਗਾ |

- ਖੇਤਰ ਤੋਂ ਪੈਰੀਫੇਰੀ ਐਕਟ ਹਟਾਈ ਜਾਵੇ: ਹਿਸੇਦਾਰਾਂ ਨੇ ਸਰਕਾਰ ਤੋਂ ਸਵਾਲ ਕੀਤਾ ਕਿ ਕਿਉਂ ਇਸ ਪੇਰੀਫੇਰੀ ਕੰਟਰੋਲ ਐਕਟ ਨੂੰ ਦੂਜੇ ਨਾਲ ਲੱਗਦੇ ਪਿੰਡਾਂ' ਤੇ ਲਾਗੂ ਨਹੀਂ ਕੀਤਾ ਗਿਆ, ਜਿੱਥੇ ਪ੍ਰਾਈਵੇਟ ਸੈਕਟਰ ਦੀ ਖਰੀਦ ਅਤੇ ਇਮਾਰਤਾਂ ਦੀ ਉਸਾਰੀ ਲਈ ਜ਼ਮੀਨ ਦੀ ਕੀਮਤ ਅਸਮਾਨ ਤਕ ਵੱਧ ਰਹੀ ਸੀ| ਇਸ ਲਈ ਉਹ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਅਪਨਾਈ ਜਾ ਰਹੀ ਪਾਲਿਸੀ ਦੇ ਖਿਲਾਫ ਸਨ, ਜਿਸ ਅਨੁਸਾਰ ਉਨ੍ਹਾਂ ਦੀ ਜ਼ਮੀਨ ਦਾ ਰੇਟ ਪਿੰਡ ਦੀ ਪਿਛਲੇ ਤਿੰਨ ਸਾਲਾਂ ਦੀ ਸਭ ਤੋਂ ਉੱਚੀ ਜ਼ਮੀਨੀ ਰਜਿਸਟਰੀ ਦੀ ਔਸਤ ਦੇ ਆਧਾਰ 'ਤੇ ਦਿੱਤਾ ਜਾਵੇਗਾ, ਜੋ ਮੌਜੂਦਾ ਰੇਟ ਦਾ 2.5% ਤੱਕ ਹੋਵੇਗਾ| ਹਿਸੇਦਾਰ ਦੱਸਦੇ ਹਨ ਕਿ ਇਹਨਾ ਪਿੰਡਾਂ ਵਿਚ ਪੈਰੀਫੇਰੀ ਕੰਟਰੋਲ ਐਕਟ 1952 ਦੇ ਕਾਰਨ ਪੰਜਾਬ ਦੇ ਆਲੇ ਦੁਆਲੇ ਦੇ ਇਲਾਕਿਆਂ (ਜਿਥੇ ਜ਼ਮੀਨ ਦੀ ਕੀਮਤ ਇਕ ਕਰੋੜ ਪ੍ਰਤੀ ਏਕੜ ਤੋਂ ਵੀ ਵੱਧ ਹੈ) ਦੇ ਮੁਕਾਬਲੇ ਉਹਨਾਂ ਦੇ ਪਿੰਡਾਂ ਦੀ ਜ਼ਮੀਨ ਦੀ ਕੀਮਤ ਅਤੇ ਮਾਲੀਆ ਦਰ ਬਹੁਤ ਘੱਟ ਹੈ| ਉਹਨਾਂ ਇਹ ਵੀ ਜ਼ਾਹਿਰ ਕੀਤਾ ਕਿ ਪੈਰੀਫੇਰੀ ਕੰਟਰੋਲ ਐਕਟ 1952 ਦੇ ਕਾਰਨ ਜ਼ਮੀਨ ਮਾਲਕ ਖੇਤੀਬਾੜੀ ਤੋਂ ਇਲਾਵਾ ਇਸ ਜ਼ਮੀਨ ਨੂੰ ਕਿਸੀ ਹੋਰ ਕਾਮ ਲਈ ਨਹੀਂ ਵਰਤ ਸਕਦੇ ਸਨ| ਇਸ ਲਈ ਉਨ੍ਹਾਂ ਦੀ ਜ਼ਮੀਨ ਦਾ ਮੁੱਲ ਬਹੁਤ ਜ਼ਿਆਦਾ ਨਹੀਂ ਵੱਧਦਾ, ਕਿਉਂਕਿ ਪ੍ਰਾਈਵੇਟ ਸੈਕਟਰ ਇਸ ਜ਼ਮੀਨ ਨੂੰ ਕਿਸੇ ਹੋਰ ਉਦੇਸ਼ ਲਈ ਨਹੀਂ ਖਰੀਦ ਸਕਦਾ| ਜੇ ਇਹ ਪੈਰੀਫੇਰੀ ਕੰਟਰੋਲ ਐਕਟ ਨਹੀਂ ਲਗਾਇਆ ਗਿਆ ਸੀ ਤਾਂ ਜ਼ਮੀਨ ਦੀ ਕੀਮਤ ਅਸਮਾਨ ਤੱਕ ਹੈ| ਉਨ੍ਹਾਂ ਨੇ ਇਲਾਕੇ ਵਿਚੋਂ ਇਸ ਐਕਟ ਨੂੰ ਹਟਾਉਣ ਦੀ ਮੰਗ ਕੀਤੀ|

- ਹਿਸੇਦਾਰਾਂ ਨੇ ਜ਼ੋਰ ਦਿੱਤਾ ਕਿ RFCTLARR ਐਕਟ 2013 ਦੀ ਦੂਜੀ ਸੂਚੀ ਅਨੁਸਾਰ ਕਿਉਂਕਿ ਜ਼ਮੀਨ ਸ਼ਹਿਰੀਕਰਨ ਦੀ ਪ੍ਰਕਿਰਿਆ ਲਈ ਪ੍ਰਾਪਤ ਕੀਤੀ ਜਾ ਰਹੀ ਹੈ ਇਸ ਲਈ ਵਿਕਸਤ ਜ਼ਮੀਨ ਦਾ 20% ਰਾਖਵਾਂ ਹੋਣਾ ਚਾਹੀਦਾ ਹੈ ਅਤੇ ਜ਼ਮੀਨ ਮਾਲਕਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ
- ਜਿੱਥੇ ਵੀ ਸਰਕਾਰ ਨੇ ਪ੍ਰੋਜੈਕਟ ਲਈ ਜ਼ਮੀਨ ਪ੍ਰਾਪਤ ਕੀਤੀ ਹੈ ਜਾਂ ਕਰਦੀ ਹੈ ਉੱਥੇ ਪ੍ਰੋਜੈਕਟ ਸਾਈਟ 'ਤੇ ਪਿੰਡ ਦੇ ਨਾਂ ਨੂੰ ਪ੍ਰਦਰਸ਼ਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਸ਼ਹਿਰ ਅਤੇ ਕੌਮ ਦੇ ਸਮੁੱਚੇ ਤੌਰ ਤੇ ਵਿਕਾਸ ਲਈ ਉਹਨਾਂ ਦੇ ਯੋਗਦਾਨ ਨੂੰ ਆਉਣ ਵਾਲੀਆਂ ਪੀੜੀਆਂ ਦੁਆਰਾ ਯਾਦ ਕੀਤਾ ਜਾਵੇ|
- ਹੋਰ ਸਹੂਲਤਾਂ: ਹਿਸੇਦਾਰਾਂ ਨੇ ਮੰਗ ਕੀਤੀ ਹੈ ਕਿ ਖੇਤੀਬਾੜੀ ਲਈ ਹੋਰ ਖੇਤਰਾਂ ਵਿਚ ਜ਼ਮੀਨ ਖਰੀਦਣ ਜਾਂ ਵਿਸਥਾਰ ਕਰਨ ਸਮੇਂ ਪ੍ਰੋਜੈਕਟ ਪ੍ਰਭਾਵਿਤ ਕਿਸਾਨਾਂ ਨੂੰ ਹੋਰ ਸਹੂਲਤਾਂ ਜਿਵੇਂ ਕਿ ਬੀਜ, ਖਾਦ, ਕੀੜੇਮਾਰ ਦਵਾਈਆਂ ਆਦਿ ਸਸਤੀਆਂ ਦਰਾਂ ਤੇ ਮੁਹੱਈਆ ਕਰਵਾਇਆਂ ਜਾਣੀਆਂ ਚਾਹੀਦੀਆਂ ਹਨ|
- ਸਾਰੀਆਂ ਸਰਕਾਰੀ ਘੋਸ਼ਣਾਵਾਂ, ਨੋਟੀਫਿਕੇਸ਼ਨਾਂ ਅਤੇ ਰਿਪੋਰਟਾਂ ਨਾ ਕੇਵਲ ਅੰਗਰੇਜ਼ੀ ਪਰ ਸਥਾਨਕ ਭਾਸ਼ਾ ਪੰਜਾਬੀ ਵਿੱਚ ਵੀ ਜਾਰੀ ਕੀਤੀਆਂ ਜਾਣੀਆਂ ਚਾਹੀਦੀਆਂ ਹਨ |
- ਹੋਰ ਸਹੂਲਤਾਂ ਜੋ ਭੂਮੀ ਪ੍ਰਾਪਤੀ, ਮੁੜ ਵਸੇਬਾ ਅਤੇ ਪੁਨਰਵਾਸ ਐਕਟ,2013 ਵਿੱਚ ਦਰਸਾਈਆਂ ਗਈਆਂ ਹਨ, ਵੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ|

ਐਸ.ਆਈ.ਏ ਟੀਮ ਨੂੰ ਹਿੱਸੇਦਾਰਾਂ/ਉਹਨਾਂ ਦੇ ਨੁਮਾਇੰਦੇਆਂ ਦੁਆਰਾ ਸ਼ੰਕਾਵਾਂ / ਮੰਗਾਂ ਦੀ ਸੂਚੀ ਵੀ ਸੌਂਪੀ ਗਈ ਸੀ, ਜੋ ਰਿਪੋਰਟ ਦੇ ਅੰਤ ਵਿਚ ਜੁੜੀ ਹੋਈ ਹੈ| (ਅਨੁਲੱਗ - X)

ਅਗਲਾ ਅਧਿਆਇ ਐਸ.ਆਈ.ਏ ਅਧਿਅਨ ਦੇ ਸਮੁੱਚੇ ਨਤੀਜਿਆਂ 'ਤੇ ਵਿਸਥਾਰ ਵਿੱਚ ਚਰਚਾ ਕਰੇਗਾ|

# ਅਧਿਆਏ 13

## ਸਮਾਜਿਕ ਪ੍ਰਭਾਵ ਮੁਲਾਂਕਣ ਦੇ ਨਤੀਜੇ

ਮੌਜੂਦਾ ਅਧਿਆਇ ਵਿਚ ਯੂ.ਟੀ. ਚੰਡੀਗੜ੍ਹ ਦੇ ਪਿੰਡ ਧਨਾਸ ਅਤੇ ਪਿੰਡ ਡੱਡੂ ਮਾਜਰਾ ਵਿੱਚ ਕੀਤੇ ਗਏ ਐਸ.ਆਈ.ਏ. ਅਧਿਐਨ ਦਾ ਸਮੁਚਾ ਸਾਰ ਦੱਸਿਆ ਗਿਆ ਹੈ|

ਅਧਿਅਨ ਲਈ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਵਿਸਤ੍ਰਿਤ ਇੰਟਰਵਿਊ ਲਏ ਗਏ ਸਨ| ਭੂਮੀ ਅਧਿਕਰਣ, ਮੁੜ ਵਸੇਬਾ ਅਤੇ ਪੁਨਰਵਾਸ ਕਾਨੂੰਨ (RFCTLARR), 2013 ਦੀ ਧਾਰਾ 4 (6) ਅਨੁਸਾਰ, ਕਿਸੇ ਵੀ ਵਿਅਕਤੀ ਦੀ ਜ਼ਮੀਨ ਦੇ ਪ੍ਰਾਪਤੀ ਤੋਂ ਪਹਿਲਾਂ "ਸਮਾਜਿਕ ਪ੍ਰਭਾਵ ਮੁਲਾਂਕਣ (ਸੋਸ਼ਲ ਇਮਪੈਕਟ ਐਸੇਸਮੈਂਟ)" ਕੀਤਾ ਜਾਣਾ ਚਾਹੀਦਾ ਹੈ| ਮੌਜੂਦਾ ਐਸ.ਆਈ.ਏ. ਅਧਿਐਨ ਵਿਚ ਪ੍ਰਸ੍ਤਾਵਿਤ ਪ੍ਰੋਜੈਕਟ ਦੇ ਸਾਰੇ ਪ੍ਰਭਾਵਾਂ ਦਾ ਵਿਸਤ੍ਰਿਤ ਸਰਵੇਖਣ ਕੀਤਾ ਗਿਆ ਹੈ| ਨੁਕਸਾਨ ਦੀ ਸੂਚੀ ਵਿਚ ਭੌਤਿਕ ਸੰਪਤੀ ਦੇ ਨੁਕਸਾਨ ਦੇ ਨਾਲ-ਨਾਲ ਆਮਦਨੀ ਦੇ ਆਰਜ਼ੀ ਜਾਂ ਸਥਾਈ ਨੁਕਸਾਨ ਦਾ ਅੰਦਾਜ਼ਾ ਵੀ ਲਗਾਇਆ ਜਾਂਦਾ ਹੈ| ਇਸ ਅਧਿਆਇ ਵਿੱਚ ਐਸ.ਆਈ.ਏ ਦੇ ਕੁੱਲ ਨਤੀਜਿਆਂ ਦੀ ਚਰਚਾ ਕੀਤੀ ਜਾਵੇਗੀ|

### 13.1 ਪ੍ਰਸਤਾਵਿਤ ਪ੍ਰੋਜੈਕਟ ਦੇ ਸੰਬੰਧ ਵਿਚ ਹਿੱਸੇਦਾਰਾਂ ਦੁਆਰਾ ਦੱਸੇ ਗਏ ਸਕਾਰਾਤਮਕ ਪ੍ਰਭਾਵ

- ਆਵਾਜਾਈ ਵਿੱਚ ਸਹੂਲਤ ਅਤੇ ਸਮੇਂ ਦੀ ਬਚਤ: ਉੱਤਰਦਾਤਾਵਾਂ ਅਨੁਸਾਰ, ਇਸ ਬਾਈਪਾਸ ਦੀ ਉਸਾਰੀ ਨਾਲ ਜਿਲ੍ਹਾ ਰੂਪਨਗਰ ਅਤੇ ਹੋਰ ਨੇੜਲੇ ਇਲਾਕਿਆਂ ਵਿੱਚ ਆਵਾਜਾਈ ਵਿਚ ਸੁਧਾਰ ਹੋਵੇਗਾ| ਅਧਿਐਨ ਵਿੱਚ ਕੁਝ ਉੱਤਰਦਾਤਾਵਾਂ ਨੇ ਦੱਸਿਆ ਕਿ ਇਸ ਖੇਤਰ ਵਿੱਚ ਘੱਟ ਜਨਤਕ ਆਵਾਜਾਈ ਪ੍ਰਣਾਲੀਆਂ ਕਾਰਨ ਨਿੱਜੀ ਵਾਹਨ ਰੱਖਣਾ ਉਹਨਾਂ ਲਈ ਜ਼ਰੂਰੀ ਹੋ ਗਿਆ ਹੈ| ਸੜਕ ਦੇ ਵਿਕਾਸ ਨਾਲ ਖੇਤਰ ਦੀ ਪਬਲਿਕ ਟ੍ਰਾਂਸਪੋਰਟ ਸਹੂਲਤਾਂ ਵਿਚ ਸੁਧਾਰ ਹੋਵੇਗਾ, ਇਸ ਨਾਲ ਨਾ ਸਿਰਫ ਯਾਤਰਾ ਕਰਨ ਅਤੇ ਯਾਤਰਾ ਦਾ ਸਮਾਂ ਘਟਾਉਣ ਵਿਚ ਲਾਭ ਮਿਲੇਗਾ, ਸਗੋਂ ਨਿੱਜੀ ਵਾਹਨਾਂ ਦੀ ਗਿਣਤੀ ਅਤੇ ਵਰਤੋਂ ਵਿਚ ਵੀ ਕਮੀ ਹੋਵੇਗੀ |

- ਆਰਥਿਕ ਵਿਕਾਸ ਵਿੱਚ ਵਾਧਾ: ਇਸ ਪ੍ਰੋਜੈਕਟ ਦੇ ਵਿਕਾਸ ਨਾਲ, ਇਹ ਸੰਭਵ ਹੈ ਕਿ ਇਸ ਸੜਕ ਰਾਹੀਂ ਵਪਾਰਕ ਖੇਤਰਾਂ ਨਾਲ ਬਿਹਤਰ ਸੰਪਰਕ ਹੋਣ ਕਾਰਨ ਵਧੇਰੇ ਲੋਕ ਵਪਾਰ ਅਤੇ ਸਬੰਧਿਤ ਸੇਵਾਵਾਂ ਦਾ ਲਾਭ ਲੈਣਗੇ | ਸ਼ਾਨਦਾਰ ਸੜਕਾਂ ਖੇਤਰ ਵਿਚ ਵਪਾਰ ਨੂੰ ਬਿਹਤਰ ਬਣਾਉਣ ਵਿਚ ਯੋਗਦਾਨ ਪਾਉਂਦੀਆਂ ਹਨ|
- ਬੁਨਿਆਦੀ ਢਾਂਚੇ ਦਾ ਵਿਕਾਸ: ਬਿਹਤਰ ਸੜਕਾਂ ਦਾ ਮਤਲਬ ਹੈ ਖੇਤਰ ਨਾਲ ਬਿਹਤਰ ਸੰਪਰਕ ਅਤੇ ਉੱਚ ਤਕਨੀਕੀ-ਬੁਨਿਆਦੀ ਢਾਂਚੇ ਦਾ ਵਿਕਾਸ|

## 13.2 ਐਸ.ਆਈ.ਏ. ਟੀਮ ਅਨੁਸਾਰ ਪ੍ਰਸਤਾਵਿਤ ਪ੍ਰੋਜੈਕਟ ਦੇ ਸਕਾਰਾਤਮਕ ਪ੍ਰਭਾਵ

- ਆਵਾਜਾਈ ਵਿਚ ਸੌਖ ਅਤੇ ਸਮੇਂ ਦੀ ਬੱਚਤ: ਬਾਈਪਾਸ ਪਿੰਡ ਵਿਚ ਅਤੇ ਆਲੇ ਦੁਆਲੇ ਦੇ ਇਲਾਕਿਆਂ ਤੋਂ ਪਿੰਡ ਵੱਲ ਆਵਾਜਾਈ ਨੂੰ ਸੁਖਾਲਾ ਕਰੇਗਾ|
- ਬੁਨਿਆਦੀ ਢਾਂਚੇ ਦਾ ਵਿਕਾਸ: ਪ੍ਰਸਤਾਵਿਤ ਬਾਈਪਾਸ ਪ੍ਰੋਜੈਕਟ ਦਾ ਨਿਰਮਾਣ, ਖੇਤਰ ਵਿਚ ਵਿਦਿਅਕ ਸੰਸਥਾਵਾਂ, ਸਿਹਤ ਕੇਂਦਰਾਂ ਅਤੇ ਹੋਰ ਸਹੂਲਤਾਂ ਦੀ ਸਥਾਪਤੀ ਵਿਚ ਯਕੀਨੀ ਤੌਰ ਤੇ ਨਿਵੇਸ਼ ਨੂੰ ਆਕਰਸ਼ਿਤ ਕਰੇਗਾ|
- ਰੋਜ਼ਗਾਰ ਦੇ ਮੌਕਿਆਂ ਵਿਚ ਵਾਧਾ: ਇਹ ਪ੍ਰੋਜੈਕਟ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਨਾਲ ਸਥਾਨਕ ਆਰਥਿਕਤਾ ਨੂੰ ਵੀ ਵਧਾਉਣ ਦੀ ਸੰਭਾਵਨਾ ਰੱਖਦਾ ਹੈ|
- ਬਿਹਤਰ ਜੀਵਨ ਪੱਧਰ: ਵਿਅਕਤੀ ਅਤੇ ਸਮਾਨ ਦੀ ਆਵਾਜਾਈ ਦੀ ਸਹੂਲਤ, ਸਮੁਦਾਏ ਵਿਚ ਰੋਜ਼ੀ-ਰੋਟੀ ਦੇ ਸਾਧਨ ਵਧਾਉਦੀ ਹੈ ਅਤੇ ਇਸ ਦੇ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੁੰਦਾ ਹੈ|
- ਵਧੀ ਹੋਈ ਗਤੀਸ਼ੀਲਤਾ ਦੇ ਆਰਥਿਕ ਪ੍ਰਭਾਵ: ਵੱਧ ਗਤੀਸ਼ੀਲਤਾ ਵਿਕਾਸ ਲਈ ਜ਼ਰੂਰੀ ਹੈ| ਵਧੇਰੀ ਗਤੀਸ਼ੀਲਤਾ ਵਾਲੀ ਅਰਥ ਵਿਵਸਥਾ ਨੂੰ ਘੱਟ ਗਤੀਸ਼ੀਲਤਾ ਵਾਲੀ ਅਰਥ ਵਿਵਸਥਾ ਨਾਲੋਂ ਵਿਕਾਸ ਦੇ ਬਿਹਤਰ ਮੌਕੇ ਮਿਲਦੇ ਹਨ|

- ਸੰਪਰਕ ਵਿਚ ਵਾਧਾ: ਇਹ ਪ੍ਰਸਤਾਵਿਤ ਬਾਈਪਾਸ ਪੇਂਡੂ-ਸ਼ਹਿਰੀ ਸੰਪਰਕ ਨੂੰ ਬਿਹਤਰ ਬਣਾਵੇਗਾ| ਇਹ ਸਾਮਾਨ, ਪੂੰਜੀ ਅਤੇ ਮਸ਼ੀਨਾਂ ਦੇ ਆਦਾਨ-ਪ੍ਰਦਾਨ ਨੂੰ ਸੁਖਾਲਾ ਕਰੇਗਾ|
- ਸਮਾਨ ਦੀ ਘੱਟ ਲਾਗਤ: ਵਧੇਰੇ ਪ੍ਰਭਾਵੀ ਵੰਡ ਅਤੇ ਖਰੀਦ ਨਮੂਨੇ ਸਿੱਧੇ ਤੌਰ ਤੇ ਖਪਤਕਾਰਾਂ ਲਈ ਸਮਾਨ ਦੀ ਕੀਮਤ ਘਟਾਉਂਦੇ ਹਨ, ਕਿਉਂਕਿ ਆਵਾਜਾਈ ਦੇ ਖਰਚੇ ਉਤਪਾਦ ਨਿਰਮਾਣ ਵਿੱਚ ਕੁੱਲ ਲਾਗਤ ਦਾ ਵੱਡਾ ਹਿੱਸਾ ਹੁੰਦੇ ਹਨ|
- ਵਪਾਰ ਲਈ ਵਧੇਰੇ ਪਹੁੰਚ: ਪ੍ਰਸਤਾਵਿਤ ਪ੍ਰੋਜੈਕਟ, ਚੰਗੇ ਬੁਨਿਆਦੀ ਢਾਂਚੇ ਦੇ ਵਿਕਾਸ ਦੁਆਰਾ, ਵਿਸ਼ਾਲ ਅਤੇ ਵੱਖੋ-ਵੱਖਰੇ ਨਿਵੇਸ਼ਾਂ ਅਤੇ ਗੁਣਵੱਤਾ ਦੇ ਆਧਾਰ ਤੇ ਵਿਸ਼ਾਲ ਬਾਜ਼ਾਰ ਤੱਕ ਵਪਾਰ ਦੀ ਪਹੁੰਚ ਨਿਸਚਿੰਤ ਕਰੇਗਾ|
- ਪ੍ਰਤਿਸ੍ਪਰਧਾ ਵਿਚ ਵਾਧਾ: ਜਦੋਂ ਟ੍ਰਾਂਸਪੋਰਟ ਕੁਸ਼ਲ ਹੁੰਦੀ ਹੈ, ਤਾਂ ਸਾਮਾਨ ਅਤੇ ਸੇਵਾਵਾਂ ਲਈ ਮਾਰਕੀਟ ਵਿਸ਼ਾਲ ਹੁੰਦੀ ਜਾਂਦੀ ਹੈ, ਜਿਸਦੇ ਨਤੀਜੇ ਵਜੋਂ ਬਜ਼ਾਰ ਵਿਚ ਪ੍ਰਤਿਸ੍ਪਰਧਾ ਵੱਧਦੀ ਹੈ|
- ਜ਼ਮੀਨ ਦੇ ਮੁੱਲ ਵਿੱਚ ਵਾਧਾ:ਖੇਤਰਾਂ ਨੂੰ ਜੋੜਨ ਵਾਲੀਆਂ ਸੜਕਾਂ ਅਤੇ ਹਾਈਵੇਜ਼ ਦੇ ਨਾਲ, ਬੁਨਿਆਦੀ ਢਾਂਚੇ ਵਿਚ ਸੁਧਾਰ ਹੁੰਦਾ ਹੈ| ਇਸ ਨਾਲ ਨੇੜਲੇ ਇਲਾਕਿਆਂ ਵਿਚ ਜ਼ਮੀਨ ਦੀ ਕੀਮਤਾਂ ਵਿਚ ਤੁਲਨਾਤਮਕ ਵਾਧਾ ਹੋ ਸਕਦਾ ਹੈ|

ਇਸ ਤਰਾਂ ਇਹ ਪ੍ਰੋਜੈਕਟ ਵੱਡੇ ਪੱਧਰ ਤੇ ਜਨਤਾ ਦੇ ਹਿੱਤ ਵਿੱਚ ਹੈ|ਇਹ ਇਸ ਖੇਤਰ ਦੇ ਲੋਕਾਂ ਅਤੇ ਨੇੜੇ ਦੇ ਇਲਾਕਿਆਂ ਦੇ ਵਾਸੀਆਂ ਨੂੰ ਆਵਾਜਾਈ ਵਿਚ ਰਾਹਤ ਪਹੁੰਚਾਏਗਾ| ਭਵਿਖ ਵਿਚ ਉਨ੍ਹਾਂ ਲਈ ਯਾਤਰਾ ਕਰਨਾ ਸੌਖਾ ਹੋ ਜਾਵੇਗਾ|

### 13.3 ਪ੍ਰਸਤਾਵਿਤ ਪ੍ਰੋਜੈਕਟ ਦੇ ਹਿੱਸੇਦਾਰਾਂ ਦੁਆਰਾ ਦੱਸੇ ਨਕਾਰਾਤਮਕ ਅਸਰ:

- ਰੋਜ਼ੀ-ਰੋਟੀ ਦਾ ਨੁਕਸਾਨ: ਇਹ ਧਾਰਕਾਂ ਦੁਆਰਾ ਉਜਾਗਰ ਕੀਤਾ ਗਿਆ ਮੁੱਖ ਨਕਾਰਾਤਮਕ ਪ੍ਰਭਾਵ ਸੀ ਕਿਉਂਕਿ ਖੇਤੀਬਾੜੀ ਉਹਨਾਂ ਦੀ ਰੋਜ਼ੀ-ਰੋਟੀ ਦਾ ਇਕਲੌਤਾ ਸਰੋਤ ਸੀ| ਕਿਸਾਨ ਪ੍ਰਭਾਵਿਤ ਜ਼ਮੀਨ ਤੇ ਵੱਖ ਵੱਖ ਕਿਸਮਾਂ ਦੀਆਂ ਫਸਲਾਂ ਅਤੇ ਸਬਜ਼ੀਆਂ ਆਪਣੀ ਖੁਦ ਦੀ ਵਰਤੋਂ ਲਈ ਅਤੇ ਵੇਚਣ ਲਈ ਬੀਜਦੇ ਸਨ|

ਇਸ ਲਈ ਪ੍ਰੋਜੈਕਟ ਪ੍ਰਭਾਵਿਤ ਪਰਿਵਾਰ ਜ਼ਮੀਨ ਪ੍ਰਾਪਤੀ  ਦੇ ਪ੍ਰਭਾਵਾਂ ਤੋਂ ਚਿੰਤਤ ਸਨ ਕਿਉਂਕਿ ਉਹ ਇਸ ਉਪਜਾਊ ਜ਼ਮੀਨ 'ਤੇ ਪੂਰੀ ਤਰ੍ਹਾਂ ਨਿਰਭਰ ਸਨ|

- ਉਪਜਾਊ ਜ਼ਮੀਨ ਦਾ ਨੁਕਸਾਨ:  ਚੰਡੀਗੜ ਲਗਭਗ 114 ਕਿਲੋਮੀਟਰ² ਦੇ ਖੇਤਰ ਵਿਚ ਹੈ ਅਤੇ ਇਥੇ ਖੇਤੀਬਾੜੀ ਵਾਲੀ ਜ਼ਮੀਨ ਬਹੁਤ ਘੱਟ ਹੈ| ਬੁਨਿਆਦੀ ਢਾਂਚੇ ਲਈ ਜ਼ਮੀਨ  ਪ੍ਰਾਪਤੀ ਜ਼ਰੂਰੀ ਹੈ ਪਰ ਸਮੱਸਿਆ ਇਹ ਹੈ ਕਿ ਉਪਜਾਊ ਜ਼ਮੀਨ ਪ੍ਰਾਪਤ ਕੀਤੀ ਜਾ ਰਹੀ ਸੀ  ਅਤੇ ਇਹ ਖੇਤੀਬਾੜੀ ਦੇ ਉਤਪਾਦਨ ਨੂੰ  ਬੁਰੀ ਤਰਾਂ ਪ੍ਰਭਾਵਿਤ ਕਰੇਗਾ|
- ਪਸ਼ੂਆਂ ਲਈ ਚਾਰੇ/ ਰੁੱਖਾਂ ਦਾ ਨੁਕਸਾਨ: ਜ਼ਿਆਦਾਤਰ ਹਿੱਸੇਦਾਰਾਂ ਨੇ ਪ੍ਰਭਾਵਿਤ ਜ਼ਮੀਨ ਤੇ ਚਾਰੇ ਦੀ ਬਿਜਾਈ ਕੀਤੀ ਸੀ| ਉਹ ਚਿੰਤਤ ਸਨ ਕਿ ਪ੍ਰੋਜੈਕਟ ਵਿੱਚ ਜ਼ਮੀਨ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਪਸ਼ੂਆਂ ਲਈ ਚਾਰਾ ਬਾਹਰੋਂ ਖਰੀਦਣਾ ਪਵੇਗਾ ਜਾਂ ਪਸ਼ੂਆਂ ਨੂੰ ਵੇਚਣਾ ਪਵੇਗਾ| ਪ੍ਰਭਾਵਿਤ ਜ਼ਮੀਨ ਤੇ ਅੰਬ, ਅਮਰੂਦ, ਨਿਮ, ਸਫੈਦਾ ਵਰਗੇ ਕੁਝ ਰੁੱਖ ਲੱਗੇ ਹੋਣ ਦੀ ਜਾਣਕਾਰੀ ਮਿਲੀ ਹੈ| ਜ਼ਮੀਨ ਪ੍ਰਾਪਤੀ ਨਾਲ ਇਹ ਸਾਰੇ ਦਰੱਖਤਾਂ ਦਾ ਨੁਕਸਾਨ ਹੋਵੇਗਾ|
- ਜੱਦੀ ਜਾਇਦਾਦ ਅਤੇ ਰੋਜ਼ਗਾਰ ਦੇ ਪ੍ਰੰਪਰਾਗਤ ਢੰਗਾਂ ਦਾ ਨੁਕਸਾਨ: ਹਿੱਸੇਦਾਰਾਂ ਨੇ ਇਹ ਗੱਲ ਉਜਾਗਰ ਕੀਤੀ ਕਿ ਕਿਸਾਨ ਪੂਰੀ ਤਰ੍ਹਾਂ "ਪੌਦਾ ਵਿਗਿਆਨੀ" ਹਨ | ਉਨ੍ਹਾਂ ਨੇ ਦੱਸਿਆ ਕਿ ਖੇਤੀਬਾੜੀ ਤੋਂ ਇਲਾਵਾ ਉਹ ਕਿਸੇ ਵੀ ਹੋਰ ਕਿੱਤੇ ਵੱਲ ਝੁਕਾਅ ਨਹੀਂ ਰੱਖਦੇ ਸਨ| ਜ਼ਮੀਨ ਦੇ ਨੁਕਸਾਨ ਨਾਲ ਕਿਸਾਨ ਦਾ ਖੇਤੀਬਾੜੀ ਦਾ ਹੁਨਰ ਬਰਬਾਦ ਹੋ ਜਾਵੇਗਾ| ਪਿੰਡ ਦੇ ਲੋਕ ਜੱਦੀ ਜਾਇਦਾਦ ਗੁਆ ਰਹੇ ਸਨ| ਉਨ੍ਹਾਂ ਦੀਆਂ ਭਾਵਨਾਵਾਂ ਜ਼ਮੀਨ ਨਾਲ ਜੁੜੀਆਂ ਸਨ, ਕਿਉਂਕਿ ਇਹ ਸੰਪੱਤੀ ਪੀੜ੍ਹੀ ਦਰ ਪੀੜ੍ਹੀ ਉਹਨਾਂ ਨੂੰ ਵਿਰਾਸਤ ਵਿੱਚੋ ਮਿਲੀ ਸੀ| ਉਨ੍ਹਾਂ ਲਈ ਜ਼ਮੀਨ ਨੂੰ ਛੱਡਣਾ ਇਕ ਮੁਸ਼ਕਿਲ ਫੈਸਲਾ ਸੀ|
- ਵਿਸਥਾਪਨ/ ਉਜਾੜਾ: ਹਿਸੇਦਾਰ ਦੱਸਦੇ ਹਨ ਕਿ ਜ਼ਮੀਨ ਪ੍ਰਾਪਤੀ ਤੋਂ ਬਾਅਦ ਉਹ ਚੰਡੀਗੜ੍ਹ ਤੋਂ ਬਾਹਰ ਜ਼ਮੀਨ ਖਰੀਦਣ ਲਈ ਮਜਬੂਰ  ਸੀ  ਅਤੇ ਜਦੋਂ ਖੇਤੀ-ਬਾੜੀ  ਦੀ ਜ਼ਮੀਨ ਘਰਾਂ ਤੋਂ ਦੂਰ ਹੁੰਦੀ ਹੈ ਤਾਂ ਖੇਤੀਬਾੜੀ ਕਰਨਾ ਬਹੁਤ ਮੁਸ਼ਕਿਲ ਹੁੰਦਾ ਹੈ|  ਇਸ ਲਈ  ਕੁਝ ਸਮੇਂ ਬਾਅਦ ਉਨ੍ਹਾਂ ਨੂੰ ਵੀ ਉਸ ਥਾਂ ਵੱਲ ਵਿਸਥਾਪਿਤ

ਹੋਣਾ ਪਏਗਾ ਜਿੱਥੇ ਉਹ ਖੇਤੀਬਾੜੀ ਦੀ ਜ਼ਮੀਨ ਖਰੀਦਣਗੇ| ਕੁਝ ਹਿੱਸੇਦਾਰਾਂ ਨੇ ਕਿਹਾ ਕਿ ਪਹਿਲਾਂ ਜ਼ਮੀਨ ਪ੍ਰਾਪਤੀ ਦੇ ਕਾਰਨ, ਸਥਾਨਕ ਵਾਸੀਆਂ ਨੂੰ ਆਪਣੇ ਖੇਤਰ ਤੋਂ ਬਾਹਰ ਕੱਢ ਕੇ ਦੂਜੇ ਰਾਜਾਂ ਵਿੱਚ ਜ਼ਮੀਨ ਖਰੀਦਣ ਲਈ ਮਜਬੂਰ ਕੀਤਾ ਗਿਆ ਅਤੇ ਹੁਣ ਹਿਸੇਦਾਰ ਆਪਣੇ ਉਹਨਾਂ ਦੋਸਤਾਂ ਅਤੇ ਪਰਿਵਾਰ ਨਾਲ ਸੰਪਰਕ ਵਿੱਚ ਨਹੀਂ ਸਨ| ਜ਼ਮੀਨ ਪ੍ਰਾਪਤੀ ਦੇ ਨਤੀਜੇ ਵਜੋਂ ਉਨ੍ਹਾਂ ਦੇ ਨਿੱਜੀ ਅਤੇ ਸਮਾਜਿਕ ਸਬੰਧ ਖ਼ਤਮ ਹੋ ਰਹੇ ਸਨ |

## 13.4 ਪ੍ਰਸ੍ਤਾਵਿਤ ਬਾਈਪਾਸ ਪ੍ਰੋਜੈਕਟ ਦੇ ਸੰਬੰਧ ਵਿਚ ਹਿੱਸੇਦਾਰਾਂ ਦੀਆਂ ਚਿੰਤਾਵਾਂ

- ਪਿਛਲੀ ਜ਼ਮੀਨ ਪ੍ਰਾਪਤੀ ਤੋਂ ਅਸੰਤੁਸ਼ਟੀ: ਇਹਨਾਂ ਪਿੰਡਾਂ ਦੇ ਲੋਕਾਂ ਨੇ ਪਿੰਡ ਧਨਾਸ ਵਿਖੇ ਪੁਲਿਸ ਕੰਪਲੈਕਸ ਲਈ ਜ਼ਮੀਨ ਦੀ ਪ੍ਰਾਪਤੀ ਅਤੇ ਪਿੰਡ ਡੱਡੂ ਮਾਜਰਾ ਵਿਚ ਡੰਪਿੰਗ ਗਰਾਉਂਡ ਵਰਗੀਆਂ ਜ਼ਮੀਨ ਨੂੰ ਦੇਖਿਆ ਸੀ| ਉਨ੍ਹਾਂ ਨੇ ਦੱਸਿਆ ਕਿ ਆਲੇ ਦੁਆਲੇ ਦੇ ਖੇਤਰਾਂ 'ਤੇ ਇਨ੍ਹਾਂ ਪ੍ਰੋਜੈਕਟਾਂ ਦਾ ਕੋਈ ਸਕਾਰਾਤਮਕ ਅਸਰ ਨਹੀਂ ਹੋਇਆ ਸੀ| ਪਿੰਡ ਡੱਡੂ ਮਾਜਰਾ ਦੇ ਹਿਸੇਦਾਰਾਂ ਨੇ ਦੱਸਿਆ ਕਿ ਡੰਪਿੰਗ ਗਰਾਊਂਡ ਕਾਰਨ ਹਵਾ ਵਿਚ ਲਗਾਤਾਰ ਬਦਬੂ ਰਹਿੰਦੀ ਹੈ | ਉਨ੍ਹਾਂ ਨੇ ਜ਼ੋਰ ਦਿੱਤਾ ਕਿ ਭਾਵੇਂ ਉਨ੍ਹਾਂ ਨੇ ਇਸ ਬਾਰੇ ਕੌਂਸਲਰ ਨੂੰ ਕਈ ਵਾਰ ਸ਼ਿਕਾਇਤ ਕੀਤੀ ਹੈ ਪਰ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ|
- ਅਪੂਰਨ ਮੁਆਵਜ਼ਾ: ਉੱਤਰਦਾਤਾ ਮਹਿਸੂਸ ਕਰਦੇ ਸਨ ਕਿ ਪਿਛਲੀ ਭੂਮੀ ਪ੍ਰਾਪਤੀ ਵਿਚ ਉਹਨਾਂ ਨੂੰ ਦਿੱਤਾ ਗਿਆ ਮੁਆਵਜ਼ਾ ਨਿਰਪੱਖ ਅਤੇ ਢੁਕਵਾਂ ਨਹੀਂ ਸੀ| ਇਸ ਲਈ ਉਹ ਇਸ ਵਾਰ ਮਿਲਣ ਵਾਲੇ ਮੁਆਵਜ਼ੇ ਬਾਰੇ ਚਿੰਤਤ ਸਨ| ਇਸਤੋਂ ਪਹਿਲਾਂ, ਪਿਛਲੀਆਂ ਜ਼ਮੀਨ ਪ੍ਰਾਪਤੀਆਂ ਵਿੱਚ, ਸਰਕਾਰ ਨੇ ਪੂਰਾ ਮੁਆਵਜ਼ਾ ਇੱਕ ਕਿਸ਼ਤ ਵਿੱਚ ਅਦਾ ਨਹੀਂ ਕੀਤਾ ਸੀ, ਇਸ ਕਰਕੇ ਹਿਸੇਦਾਰ ਬਹੁਤ ਪਰੇਸ਼ਾਨ ਹੋਏ ਸਨ ਕਿਉਂਕਿ ਉਹਨਾਂ ਨੇ ਜ਼ਮੀਨ ਵੀ ਗੁਆ ਦਿਤੀ ਅਤੇ ਇੱਕ ਕਿਸ਼ਤ ਵਿੱਚ ਪੈਸਾ ਵੀ ਪ੍ਰਾਪਤ ਨਹੀਂ ਹੋਇਆ| ਫਿਰ ਉਨ੍ਹਾਂ ਨੂੰ ਮੁਆਵਜ਼ਾ ਜਾਰੀ ਕਰਨ ਲਈ ਸੰਬੰਧਿਤ ਵਿਭਾਗ ਦੇ ਖਿਲਾਫ ਅਦਾਲਤ ਵਿਚ ਕੇਸ ਦਰਜ ਕਰਨਾ ਪਿਆ ਸੀ | ਹਿਸੇਦਾਰ ਇਸ ਪ੍ਰੋਜੈਕਟ ਦੇ ਮੁਆਵਜ਼ੇ ਵਿੱਚ ਇਸ ਕਿਸਮ ਦੀ ਪਰੇਸ਼ਾਨੀ ਤੋਂ ਡਰ ਰਹੇ ਸਨ|

- ਪ੍ਰਵਾਸ ਅਤੇ ਅਪਰਾਧ ਦੀ ਦਰ ਵਿਚ ਵਾਧਾ: ਕਿਸਾਨਾਂ ਨੇ ਦੋਸ਼ ਲਗਾਇਆ ਕਿ ਉਹ ਆਪਣੀ ਜ਼ਮੀਨ 'ਤੇ ਮਕਾਨ ਵੀ ਨਹੀਂ ਬਣਾ ਸਕਦੇ ਅਤੇ ਦੂਜੇ ਰਾਜਾਂ ਦੇ ਪ੍ਰਵਾਸੀ ਗ਼ੈਰ-ਕਾਨੂੰਨੀ ਤੌਰ ਤੇ ਸਰਕਾਰੀ ਜ਼ਮੀਨ 'ਤੇ ਰਹਿ ਰਹੇ ਹਨ| ਚੰਡੀਗੜ੍ਹ ਪ੍ਰਸ਼ਾਸਨ ਉਨ੍ਹਾਂ ਪ੍ਰਵਾਸੀਆਂ ਲਈ ਫਲੈਟਸ ਅਤੇ ਹੋਰ ਸਹੂਲਤਾਂ ਨੂੰ ਪ੍ਰਦਾਨ ਕਰ ਰਿਹਾ ਹੈ| ਇਸੇ ਤਰਾਂ ਇਸ ਪ੍ਰੋਜੈਕਟ ਦੇ ਕਾਰਨ ਵੀ , ਹੋਰ ਰਾਜਾਂ ਰਾਹੀਂ ਪ੍ਰਵਾਸ ਵਿੱਚ ਵਾਧਾ ਹੋ ਸਕਦਾ ਹੈ ਅਤੇ ਖੇਤਰ ਵਿੱਚ ਅਪਰਾਧ ਦੀ ਦਰ ਵਧ ਸਕਦੀ ਹੈ|
- ਸਿਹਤ ਦੇ ਮਸਲੇ: ਕੁਝ ਉੱਤਰਦਾਤਾਵਾਂ ਨੇ ਆਪਣੀ ਜ਼ਮੀਨ ਦੀ ਪ੍ਰਾਪਤੀ ਦੇ ਕਾਰਨ ਚਿੰਤਾ ਅਤੇ ਤਣਾਅ ਹੋਣ ਦੀ ਜਾਣਕਾਰੀ ਕੀਤੀ| ਉਨ੍ਹਾਂ ਨੇ ਦੱਸਿਆ ਕਿ ਉਹਨਾਂ ਆਪਣੀ ਸਾਰੀ ਪੂੰਜੀ ਜਮੀਨ ਨੂੰ ਉਪਜਾਊ ਬਣਾਉਣ ਲਈ ਲੱਗਾ ਦਿੱਤੀ ਸੀ| ਹੁਣ ਉਹ ਇਸ ਜ਼ਮੀਨ ਨੂੰ ਗੁਆਉਣ ਤੋਂ ਬਾਅਦ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਚਿੰਤਤ ਸਨ| ਇਸ ਚਿੰਤਾ ਕਾਰਨ ਉਨ੍ਹਾਂ ਦੀ ਮਨੋਵਿਗਿਆਨਕ ਸਿਹਤ ਤੇ ਅਸਰ ਪੈ ਰਿਹਾ ਸੀ|

ਮੌਜੂਦਾ ਅਧਿਐਨ ਵਿੱਚ ਹਿਸੇਦਾਰਾਂ ਨੇ ਜ਼ਮੀਨ ਪ੍ਰਾਪਤੀ ਤੋਂ ਪਹਿਲਾਂ ਐਸ.ਆਈ.ਏ ਕਰਾਉਣ ਲਈ ਸਰਕਾਰ ਦੇ ਯਤਨਾਂ ਦਾ ਸਵਾਗਤ ਕੀਤਾ| ਪਹਿਲੀ ਵਾਰ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨੂੰ ਯੂ.ਟੀ. ਪ੍ਰਸ਼ਾਸਨ ਨੇ ਨਜ਼ਰ ਅੰਦਾਜ਼ ਨਹੀਂ ਕੀਤਾ|ਜੇ ਸਰਕਾਰ ਨੇ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਦੀ ਪੇਸ਼ਕਸ਼ ਕੀਤੀ ਤਾਂ ਉਹ ਆਪਣੀ ਜ਼ਮੀਨ ਦੇਣ ਲਈ ਤਿਆਰ ਸਨ| ਅੰਤ ਵਿੱਚ, ਐਸ.ਆਈ.ਏ ਦੇ ਨਤੀਜੇ ਇਹ ਇਸ਼ਾਰਾ ਕਰਦੇ ਹਨ ਕਿ ਇਸ ਪ੍ਰੋਜੈਕਟ ਲਈ ਜ਼ਮੀਨ ਪ੍ਰਾਪਤੀ ਕਰਨ ਨਾਲ ਜ਼ਮੀਨ ਦੀ ਵਰਤੋਂ, ਮਲਕੀਅਤ ਅਤੇ ਨੇੜੇ ਦੇ ਇਲਾਕੇ ਵਿਚ ਜ਼ਮੀਨੀ ਮੁੱਲ ਵਿੱਚ ਯਕੀਨੀ ਸੁਧਾਰ ਹੋਵੇਗਾ| ਬਿਹਤਰ ਆਵਾਜਾਈ, ਖੇਤਰ ਵਿਚ ਨਵੇਂ ਆਵਾਸੀ ਰੁਜ਼ਗਾਰ, ਵਪਾਰ, ਨਵੀਆਂ ਨੌਂਕਰੀਆਂ ਅਤੇ ਹੋਰ ਕਾਰੋਬਾਰੀ ਸੇਵਾਵਾਂ ਲਈ ਮੰਗ ਨੂੰ ਉਤਸ਼ਾਹਿਤ ਕਰੇਗੀ| ਜ਼ਿਆਦਾਤਰ ਹਿਸੇਦਾਰ ਖੇਤਰ ਅਤੇ ਸਮੁੱਚੇ ਰਾਜ ਵਿਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਢੁਕਵੇਂ ਮੁਆਵਜ਼ੇ ਦੇ ਬਦਲੇ ਆਪਣੀ ਜ਼ਮੀਨ ਦੇਣ ਲਈ ਤਿਆਰ ਸਨ|

ਇਸ ਬਾਈਪਾਸ ਦੇ ਜ਼ਰੀਏ, ਲੋਕ ਆਪਣੇ ਉਤਪਾਦਾਂ ਨੂੰ ਆਸਾਨੀ ਨਾਲ ਦੂਜੇ ਸਥਾਨਾਂ 'ਤੇ ਪਹੁੰਚਾ ਸਕਣਗੇ ਜੋ ਉਹਨਾਂ ਦੇ ਉਤਪਾਦਨ ਰੇਟ ਨੂੰ ਮਹੱਤਵਪੂਰਣ ਤੌਰ' ਤੇ ਵਧਾਵੇਗਾ| ਇਸ ਪ੍ਰੋਜੈਕਟ ਦੇ ਨਤੀਜੇ ਵੱਜੋਂ ਖੇਤਰ ਵਿਚ

ਬੁਨਿਆਦੀ ਸਹੂਲਤਾਂ ਦੀ ਗਿਣਤੀ ਵਿਚ ਵਾਧਾ ਹੋਣ ਕਰਕੇ ਪਿੰਡ ਦੇ ਲੋਕਾਂ ਦੀ ਸਮੁੱਚੀ ਭਲਾਈ ਹੋਵੇਗੀ| ਇਸ ਤਰਾਂ ਪ੍ਰਸ੍ਤਾਵਿਤ ਬਾਈਪਾਸ ਪ੍ਰੋਜੈਕਟ ਰਾਹੀਂ ਸੜਕ ਦੇ ਵਧੀਆ ਨੈਟਵਰਕ ਨਾਲ ਖੇਤਰ ਦੇ ਸਮਾਜਿਕ-ਆਰਥਿਕ ਸਥਿਤੀ ਨੂੰ ਸੁਧਰਨ ਵਿੱਚ ਮਦਦ ਮਿਲੇਗੀ|

ਕਿਸੇ ਵੀ ਸਮਾਜਿਕ ਪ੍ਰਭਾਵ ਮੁਲਾਂਕਣ ਦੇ ਮੁੱਖ ਉਦੇਸ਼ਾਂ ਵਿਚੋਂ ਇਕ ਇਹ ਹੈ ਕਿ ਪ੍ਰੋਜੈਕਟ ਦੇ ਸਮੁੱਚੇ ਪ੍ਰਭਾਵ ਦਾ ਪਤਾ ਲਗਾਉਣਾ | ਇਸ ਵਿੱਚ ਪ੍ਰੋਜੈਕਟ ਦੇ ਅਨੁਮਾਨਿਤ ਪ੍ਰਭਾਵ (ਸਕਾਰਾਤਮਕ ਜਾਂ ਨਕਾਰਾਤਮਕ) ਦਾ ਪਤਾ ਲਗਾਉਣਾ ਸ਼ਾਮਲ ਹੈ|ਜ਼ਿਕਰਯੋਗ ਹੈ ਕਿ ਉਤਰਦਾਤਾਵਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਪਾਇਆ ਗਿਆ ਸੀ ਕਿ ਉਹ ਸੰਪਤੀ ਦੇ ਨੁਕਸਾਨ ਅਤੇ ਉਨ੍ਹਾਂ ਨੂੰ ਪ੍ਰਾਪਤ ਹੋਣ ਵਾਲੇ ਮੁਨਾਸਿਬ ਮੁਆਵਜ਼ੇ ਬਾਰੇ ਵਧੇਰੇ ਚਿੰਤਤ ਸਨ| ਨਾ ਕਿ ਅਣਗਿਣਤ ਵਾਤਾਵਰਣ ਅਤੇ ਸੱਭਿਆਚਾਰਕ ਨੁਕਸਾਨ ਬਾਰੇ| ਇਸ ਲਈ, ਇਹ ਪ੍ਰੋਜੈਕਟ ਵੱਡੇ ਪੱਧਰ ਤੇ ਜਨਤਾ ਦੇ ਹਿੱਤ ਵਿੱਚ ਹੈ| ਪ੍ਰੋਜੈਕਟ- “ਬਾਈਪਾਸ ਹਾਈਵੇ ਨੰ. 21 ਤੋਂ ਸੈਕਟਰ 39 ਤੱਕ” ਦੇ ਸਕਾਰਾਤਮਕ ਪ੍ਰਭਾਵ ਦਾ ਤੱਤ ਨਕਾਰਾਤਮਕ ਨਾਲੋਂ ਜ਼ਿਆਦਾ ਹੈ| ਵਿਆਪਕ ਰੁਜ਼ਗਾਰ ਅਸਮਾਨਤਾ ਨੂੰ ਧਿਆਨ ਵਿਚ ਰੱਖਦੇ ਹੋਏ, ਪ੍ਰੋਜੈਕਟ ਦੀ ਸਥਾਪਨਾ ਨੂੰ ਖੇਤਰ ਲਈ ਮਹੱਤਵਪੂਰਨ ਆਰਥਿਕ ਲੋੜ ਵਜੋਂ ਮੰਨਿਆ ਜਾ ਸਕਦਾ ਹੈ| ਨਾਲ ਹੀ, ਯਾਤਰੀਆਂ ਨੂੰ ਆਉਣ-ਜਾਣ ਵਿਚ ਸੋਖ ਹੋ ਜਾਵੇਗੀ ਅਤੇ ਇਸ ਤਰਾਂ ਇਹ ਪ੍ਰੋਜੈਕਟ ਖੇਤਰ ਦੇ ਸਮੁੱਚੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਵੇਗਾ|

ਅਗਲੇ ਅਧਿਆਇ ਵਿੱਚ ਪ੍ਰਸਤਾਵਿਤ ਪ੍ਰੋਜੇਕਟ ਦੇ ਪ੍ਰਭਾਵਾਂ ਦੇ ਉਪਚਾਰ, ਉਪਾਅ ਅਤੇ ਸਿਫ਼ਾਰਿਸ਼ਾਂ ਬਾਰੇ ਚਰਚਾ ਕੀਤੀ ਜਾਏਗੀ|

## ਅਧਿਆਇ-14

## ਉਪਚਾਰ, ਉਪਾਅ ਅਤੇ ਸਿਫ਼ਾਰਿਸ਼ਾਂ

### 14.1 ਪ੍ਰਸਤਾਵਿਤ ਪ੍ਰੋਜੈਕਟ ਲਈ ਭੂਮੀ ਪ੍ਰਾਪਤੀ ਐਕਟ ਦੇ ਸੰਵਿਧਾਨਕ ਨਿਯਮ

ਜਿਵੇਂਕਿ ਪਿਛਲੇ ਅਧਿਆਇ ਵਿਚ ਦਸਿਆ ਗਿਆ ਹੈ, ਬਾਈਪਾਸ ਪ੍ਰੋਜੈਕਟ ਚੰਡੀਗੜ੍ਹ ਦੇ ਪ੍ਰਸ਼ਾਸਨ ਦੁਆਰਾ ਲਗਭਗ 2 ਸਾਲ ਪਹਿਲਾਂ ਪ੍ਰਸਤਾਵਿਤ ਕੀਤਾ ਗਿਆ ਸੀ (ਸਾਲ 2016 ਵਿਚ ) ਅਤੇ ਇਸ ਦੀ ਪੁਸ਼ਟੀ ਉਪਲੱਬਧ ਆਧਿਕਾਰਕ ਰਿਕਾਰਡਾਂ , ਮੀਡੀਆ ਰਿਪੋਰਟਾਂ ਅਤੇ ਐਲ.ਏ.ਓ ਵਿਭਾਗ ਦੇ ਅਧਿਕਾਰੀਆਂ ਦੁਆਰਾ ਮੁਹੱਈਆ ਕੀਤੀ ਜਾਣਕਾਰੀ ਤੋਂ ਕੀਤੀ ਗਈ ਹੈ ।ਹਾਲਾਂਕਿ, ਜੂਨ 2018 ਵਿੱਚ ਇਸ ਪ੍ਰੋਜੈਕਟ ਲਈ ਬਜਟ ਦੀ ਵੰਡ ਅਤੇ ਮਨਜ਼ੂਰੀ ਦਿੱਤੀ ਗਈ ਸੀ ।ਸੰਵਿਧਾਨਕ ਨਿਯਮਾਂ ਦੇ ਤਹਿਤ ਸ਼ੋਧ ਕੀਤੀ ਗਈ ਨਵੀਂ ਭੂਮੀ ਗ੍ਰਹਿਣ ਐਕਟ ਜਿਸ ਨੂੰ ਯੋਗ ਮੁਆਵਜ਼ੇ ਦਾ ਹੱਕ, ਭੂਮੀ ਪ੍ਰਾਪਤੀ ,ਪਾਰਦਰਸ਼ਿਤਾ ,ਪੁਨਰਵਾਸ ਅਤੇ ਮੁੜ ਵਸੇਬਾ ਐਕਟ 2013 (The Right to Fair Compensation and Transparency in Land Acquisition, Rehabilitation and Resettlement Act, (RFCTLARR Act) 2013) ਵੀ ਕਿਹਾ ਜਾਂਦਾ ਹੈ ਦੇ ਅਨੁਸਾਰ ਜ਼ਮੀਨ ਪ੍ਰਾਪਤੀ ਕੀਤੀ ਜਾਵੇਗੀ ।ਇਸ ਐਕਟ ਵਿਚ ਕਿਸੇ ਵੀ ਵਿਕਾਸ ਪ੍ਰੋਜੈਕਟ ਦੇ ਸ਼ੁਰੂ ਹੋਣ ਤੋਂ ਪਹਿਲਾ ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ) ਦਾ ਆਯੋਜਨ ਕਰਨ ਲਈ ਵਿਸ਼ੇਸ਼ ਵਿਵਸਥਾ ਦਿੱਤੀ ਗਈ ਹੈ ਤਾਂ ਜੋ ਪ੍ਰੋਜੈਕਟ ਦੇ ਕਾਰਨ ਹੋਣ ਵਾਲੀ ਤਰੱਕੀ ਅਤੇ ਵਿਸਥਾਪਨ ਦਾ ਅੰਦਾਜਾ ਲਗਾਇਆ ਜਾ ਸਕੇ ।ਜੇ ਕੋਈ ਪ੍ਰੋਜੈਕਟ ਸੜਕਾਂ, ਰੇਲਵੇ ਲਾਈਨਾਂ ਅਤੇ ਸਰਕਾਰੀ ਸੰਸਥਾਵਾਂ ਦੇ ਨਿਰਮਾਣ ਨੂੰ ਜਨਤਾ ਦੇ ਹਿੱਤਾਂ ਦੇ ਮੱਦੇਨਜ਼ਰ ਪੇਸ਼ ਕਰਦਾ ਹੈ ਤਾਂ ਐਸ.ਆਈ.ਏ ਦਾ ਮੁੱਖ ਉਦੇਸ਼ ਜ਼ਮੀਨ ਪ੍ਰਾਪਤੀ ਦੇ ਲਈ ਜਨਤਕ ਸਹਿਮਤੀ ਲੈਣਾ ਹੈ ।

ਕਿਸੇ ਵੀ ਭਾਈਚਾਰੇ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ RFCTLARR ਐਕਟ, 2013 ਇਹ ਯਕੀਨੀ ਬਣਾਉਂਦਾ ਹੈ ਕਿ ਸੰਵਿਧਾਨਿਕ ਨਿਯਮਾਂ ਦੇ ਅਨੁਸਾਰ ਇਸ ਵਿਚ ਸ਼ੋਧ ਕੀਤਾ ਜਾ ਸਕੇ ਅਤੇ ਇਸ ਵਿੱਚ ਪ੍ਰਾਪਤ ਕੀਤੀ ਜਾਣ ਵਾਲੀ ਜ਼ਮੀਨ ਦੀ ਮਾਰਕੀਟ ਕੀਮਤ ਵੀ ਸ਼ਾਮਲ ਹੈ। ਮੌਜੂਦਾ ਜ਼ਮੀਨ ਪ੍ਰਾਪਤੀ ਸੰਵਿਧਾਨਕ ਨਿਯਮਾਂ ਦੇ ਤਹਿਤ ਭੂਮੀ ਗ੍ਰਹਿਣ ਐਕਟ 2013 ਦੇ ਅਨੁਸਾਰ ਚੰਡੀਗੜ੍ਹ ਦੇ ਦੋ ਪਿੰਡਾਂ ( ਡੱਡੂ ਮਾਜਰਾ ,ਧਨਾਸ ) ਵਿਚ ਕੀਤੀ ਜਾਣੀ ਹੈ ।

ਭੂਮੀ ਪ੍ਰਾਪਤੀ ਕਾਨੂੰਨ,2013 ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

- ਭੂਮੀ ਪ੍ਰਾਪਤੀ ਕਾਨੂੰਨ 2013 ਵਿਚ ਜਨਤਕ ਉਦੇਸ਼ਾਂ ਦੇ ਅਧਾਰ ਤੇ ਕੋਈ ਤਬਦੀਲੀ ਨਹੀਂ ਕੀਤੀ ਗਈ ।
- ਜੇ ਜ਼ਮੀਨ ਪ੍ਰਾਪਤੀ ਪ੍ਰਾਈਵੇਟ ਕੰਪਨੀਆਂ ਜਾਂ ਜਨਤਕ-ਪ੍ਰਾਈਵੇਟ ਕੰਪਨੀਆਂ ਦੁਆਰਾ ਕੀਤੀ ਜਾਂਦੀ ਹੈ ਤਾਂ 80 ਪ੍ਰਤੀਸ਼ਤ ਵਿਸਥਾਪਿਤ ਹੋਣ ਵਾਲੇ ਲੋਕਾਂ ਦੀ ਸਹਿਮਤੀ ਲੈਣਾ ਜ਼ਰੂਰੀ ਹੈ ।
- ਮੌਜੂਦਾ ਕਾਨੂੰਨ ਦੇ ਭਾਗ 4 (1) ਦੇ ਤਹਿਤ ਜ਼ਮੀਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਤੋਂ ਪਹਿਲਾਂ ਐਸ.ਆਈ.ਏ ਕਰਾਉਣਾ ਜਰੂਰੀ ਹੈ। ਭਾਗ 4 (1) ਦੇ ਅਨੁਸਾਰ ("ਜਦੋ ਵੀ ਸਰਕਾਰ ਕਿਸੇ ਵੀ ਜਨਤਕ ਮੰਤਵ ਲਈ ਜ਼ਮੀਨ ਹਾਸਲ ਕਰਨਾ ਚਾਹੁੰਦੀ ਹੈ, ਤਾਂ ਉਸਨੂੰ ਪ੍ਰਭਾਵਿਤ ਖੇਤਰ ਵਿਚ ਪਿੰਡ ਪੱਧਰ ਤੇ ਜਾਂ ਵਾਰਡ ਪੱਧਰ ਤੇ ਉਥੇ ਦੀ ਪੰਚਾਇਤ, ਨਗਰ ਪਾਲਿਕਾ ਜਾਂ ਨਗਰ ਨਿਗਮ ਨਾਲ ਸਲਾਹ ਕਰਕੇ ਸਮਾਜਿਕ ਪ੍ਰਭਾਵ ਮੁਲਾਂਕਣ ਦਾ ਅਧਿਐਨ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਮਿਤੀ ਤੋਂ ਕਰਵਉਣਾ ਚਾਹੀਦਾ ਹੈ ਜੋ ਕਿ ਸਰਕਾਰ ਦੁਆਰਾ ਨੋਟੀਫਿਕੇਸ਼ਨ ਰਾਹੀ ਦਰਸਾਈ ਜਾ ਸਕੇ" |).
- ਮੁਆਵਜ਼ੇ ਦੀਆਂ ਦਰਾਂ ਨੂੰ ਵਧਾ ਕੇ 100 ਫੀਸਦੀ ਕਰ ਦਿੱਤਾ ਗਿਆ ਹੈ ।
- RFCTLARR ਐਕਟ, 2013 ਦੇ ਅਧੀਨ ਮੁੜਵਸੇਬਾ ਅਤੇ ਪੁਨਰਵਾਸ ਸਕੀਮ ਸਾਰੇ ਪ੍ਰਭਾਵਿਤ ਪਰਿਵਾਰਾਂ ਅਤੇ ਕਮਜ਼ੋਰ ਸਮੂਹਾਂ ਤੇ ਲਾਗੂ ਹੁੰਦੀ ਹੈ, ਭਾਵੇਂ ਉਹ ਸ਼ਹਿਰੀ ਜਾਂ ਪੇਂਡੂ ਖੇਤਰ ਨਾਲ ਸਬੰਧਤ ਹੋਣ

ਆਮ ਤੌਰ 'ਤੇ ਇਹ ਨਿਮਨਲਿਖਿਤ ਪਹਿਲੂਆਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ:

- ਸਮਾਜਿਕ ਪ੍ਰਭਾਵ ਮੁਲਾਂਕਣ ਰਿਪੋਰਟ
- ਪੰਚਾਇਤ, ਨਗਰ ਪਾਲਿਕਾ ਜਾਂ ਮਿਊਂਸਪਲ ਕਾਰਪੋਰੇਸ਼ਨ ਦੇ ਰਿਕਾਰਡ ਤੋਂ , ਅਤੇ ਹੋਰ ਸਰਕਾਰੀ ਰਿਕਾਰਡ ਤੋਂ

ਸਮਾਜਿਕ ਪ੍ਰਭਾਵ ਮੁਲਾਂਕਣ ਇਸ ਤੱਥ ਤੇ ਅਧਾਰਤ ਹੈ ਕਿ ਨਿਰਣਾਇਕ ਨੂੰ ਆਪਣੇ ਫ਼ੈਸਲਿਆਂ ਨੂੰ ਲਾਗੂ ਕਰਨ ਤੋਂ ਪਹਿਲਾ ਉਹਨਾਂ ਦੇ ਇੱਛਤ ਅਤੇ ਅਣਇੱਛਤ ਨਤੀਜਿਆਂ ਨੂੰ ਸਮਝਣਾ ਚਾਹੀਦਾ ਹੈ ।ਸੰਭਾਵੀ ਪ੍ਰਭਾਵਾਂ ਦੀ ਗਣਨਾ ਕਰਕੇ, ਮਾੜੇ ਪ੍ਰਭਾਵਾਂ ਨੂੰ ਘੱਟ ਕਰਨ ਦੇ ਯਤਨ ਕੀਤੇ ਜਾ ਸਕਦੇ ਹਨ ਅਤੇ ਲਾਭ ਵਧਾਏ ਜਾ ਸਕਦੇ ਹਨ ।ਨਕਾਰਾਤਮਕ ਪ੍ਰਭਾਵਾਂ ਦੇ ਉਪਚਾਰ ਲਈ ਨੀਤੀਆਂ ਵਿਚ ਬਦਲਾਵ ਲਿਆ ਜਾ ਸਕਦਾ ਹੈ ਜਾਂ ਇਹਨਾਂ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਪ੍ਰੋਜੈਕਟ ਵਿਚ ਸੰਭਵ ਸ਼ੋਧ ਕੀਤੇ ਜਾਂ ਸਕਦੇ ਹੈ ।ਉਪਚਾਰ ਅਤੇ ਉਪਾਅ ਲਈ ਪਹਿਲਾ ਕਦਮ ਇਹ ਪਤਾ ਲਾਉਣਾ ਹੈ ਕਿ ਕੀ ਫੈਸਲੇ ਲੈਣ ਵਾਲੇ ਸਮਾਜਿਕ ਪ੍ਰਭਾਵਾਂ ਨੂੰ ਘੱਟ ਕਰਨ ਲਈ ਪ੍ਰਸਤਾਵਿਤ ਪ੍ਰੋਜੈਕਟ ਨੀਤੀਆਂ ਵਿੱਚ ਸੋਧ ਕਰ ਸਕਦੇ ਹਨ ।ਦੂਸਰਾ ਕਦਮ ਮਾੜੇ ਪ੍ਰਭਾਵਾਂ ਨੂੰ ਘਟਾਉਣਾ ਹੈ ਅਤੇ ਤੀਸਰਾ ਇਹ ਹੈ ਕਿ ਨਾ ਟਾਲੇ ਜਾ ਸਕਣ ਵਾਲੇ ਪ੍ਰਭਾਵਾਂ ਲਈ ਉਚਿੱਤ ਮੁਆਵਜ਼ਾ ਦੇਣਾ ।

## 14.2 ਸਰਕਾਰ ਦੁਆਰਾ ਪਹਿਲਾਂ ਹੀ ਚੁੱਕੇ ਗਏ ਉਪਾਅ, ਉਪਚਾਰ

ਆਗਾਮੀ ਬਾਈਪਾਸ ਪ੍ਰੋਜੈਕਟ ਇਕ ਪ੍ਰਗਤੀਸ਼ੀਲ ਪ੍ਰੋਜੈਕਟ ਹੈ ਜਿਸ ਕਾਰਨ ਦੋਵਾਂ ਪਿੰਡਾਂ ਵਿਚ ਨਿਸ਼ਚਤ ਤੌਰ ਤੇ ਕਾਰੋਬਾਰ ਦੇ ਮੌਕੇ ਵਧਣਗੇ। ਪਰ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਉੱਪਰ ਵੱਖ-ਵੱਖ ਪ੍ਰਭਾਵ ਪੈਣ ਦੀ ਸੰਭਾਵਨਾ ਵੀ ਹੈ।

ਖੇਤਰ ਦੇ ਸਰਵੇਖਣ ਦੌਰਾਨ ਇਹ ਦੇਖਿਆ ਗਿਆ ਕਿ ਜੋ ਜ਼ਮੀਨ ਸਰਕਾਰ ਦੁਆਰਾ ਹਾਸਲ ਕੀਤੀ ਜਾਣੀ ਹੈ ਉਹ ਜ਼ਿਆਦਾਤਰ ਉਤਰਦਾਤਾਵਾਂ ਲਈ ਮੁੱਖ ਅਤੇ ਕੁਝ ਉਤਰਦਾਤਾਵਾਂ ਲਈ ਸਹਾਇਕ ਆਮਦਨ ਦਾ ਸਰੋਤ ਹੈ।ਇਸ ਤਰ੍ਹਾਂ, ਇਹ ਪ੍ਰੋਜੈਕਟ ਯਕੀਨੀ ਤੌਰ ਤੇ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੀ ਰੋਜ਼ੀ-ਰੋਟੀ ਅਤੇ ਆਮਦਨ ਨੂੰ ਪ੍ਰਭਾਵਤ ਕਰੇਗਾ।ਅਜਿਹੇ ਹਾਲਾਤ ਵਿੱਚ, ਕਈ ਵਾਰੀ, ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਨੂੰ ਇਸ ਬਦਲਾਅ ਅਤੇ ਵਿਸਥਾਪਨ ਨਾਲ ਨਿਪਟਣ ਵਿਚ ਕਾਫੀ ਮੁਸ਼ਕਲਾਂ ਹੋ ਸਕਦੀਆਂ ਹਨ ਅਤੇ ਜੋ ਉਹਨਾਂ ਦੀ ਜ਼ਿੰਦਗੀ ਵਿੱਚ ਕਾਫ਼ੀ ਪਰੇਸ਼ਾਨੀ ਪੈਦਾ ਕਰ ਸਕਦੀਆਂ ਹਨ।ਇਸਤੋਂ ਇਲਾਵਾ, ਨੇੜੇ ਦੇ ਖੇਤਰਾਂ ਵਿੱਚ ਮਜਬੂਰਨ ਪ੍ਰਵਾਸ ਦੇ ਨਤੀਜੇ ਵਜੋਂ, ਮੌਜੂਦਾ ਪਰਿਵਾਰਕ ਢਾਂਚੇ ਅਤੇ ਸੱਭਿਆਚਾਰਕ ਵਿਸ਼ੇਸ਼ਤਾਵਾਂ ਪ੍ਰਭਾਵਿਤ ਹੋ ਸਕਦੀਆਂ ਹਨ।

ਦੇਸ਼ ਦੀ ਆਬਾਦੀ ਦੇ ਹਿੱਤ ਵਿਚ ਕਿਸੇ ਵੀ ਵਿਕਾਸ ਪ੍ਰਜੈਕਟਲਈ ਨੀਤੀਆਂ ਬਣਾਉਣ ਵੇਲੇ, ਪ੍ਰੋਜੈਕਟ ਖੇਤਰ ਵਿਚ ਰਹਿ ਰਹੇ ਲੋਕਾਂ ਦੀਆਂ ਲੋੜਾਂ ਅਤੇ ਇੱਛਾਵਾਂ ਨੂੰ ਅਕਸਰ ਨੀਤੀ ਨਿਰਮਾਤਾਵਾਂ ਅਤੇ ਵਿਕਾਸ ਯੋਜਨਾਕਾਰਾਂ ਦੁਆਰਾ ਧਿਆਨ ਵਿਚ ਰੱਖਿਆ ਜਾਂਦਾ ਹੈ।ਲੋੜੀਂਦੇ ਕਦਮ ਚੁੱਕੇ ਜਾਂਦੇ ਹਨ ਤਾਂ ਜੋ ਪ੍ਰਭਾਵਿਤ ਲੋਕਾਂ ਦੇ ਜੀਵਨ ਵਿਚ ਪ੍ਰਸਤਾਵਿਤ ਪ੍ਰੋਜੈਕਟ ਦੇ ਨਕਾਰਾਤਮਕ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ। ਚੰਡੀਗੜ੍ਹ ਪ੍ਰਸ਼ਾਸਨ ਨੇ ਪ੍ਰੋਜੈਕਟ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਵਿੱਚ ਵਧ ਰਹੀਆਂ ਸ਼ੰਕਾਵਾਂ ਨੂੰ ਵੀ ਧਿਆਨ ਵਿੱਚ ਰੱਖਿਆਅਤੇ ਇਹਨਾਂ ਨੂੰ ਦੂਰ ਕਰਨ ਲਈ ਅਤੇ ਪ੍ਰਭਾਵਿਤ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਕੁੱਝ ਰਚਨਾਤਮਕ ਕਦਮ ਉਠਾਏ।

ਕੁਝ ਉਪਚਾਰ ਉਪਾਅ ਐਲ.ਏ .ਓ ਆਫਿਸ ਦੁਆਰਾ ਲਏ ਗਏ ਸਨ (ਉਪਲੱਬਧ ਜਾਣਕਾਰੀ ਅਨੁਸਾਰ) –

- ਸਰਕਾਰ ਨੇ ਜ਼ਮੀਨ ਪ੍ਰਾਪਤੀ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਪਿੰਡ ਦੇ ਪ੍ਰਤਿਨਿਧੀਆਂ ਜਿਵੇਂ ਕਿ ਸਰਪੰਚ, ਪਟਵਾਰੀ, ਲੰਬੜਦਾਰ, ਕੌਂਸਲਰ ਆਦਿ ਨਾਲ ਨਿਯਮਤ ਮੀਟਿੰਗਾਂ ਕੀਤੀਆਂ ਸਨ। ਇਕੱਤਰ ਕੀਤੇ ਅੰਕੜਿਆਂ ਤੋਂ ਇਹ ਪਤਾ ਚਲਦਾ ਹੈ ਕਿ ਪ੍ਰੋਜੈਕਟ ਬਾਰੇ ਲੋਕਾਂ ਨੂੰ ਬਹੁਤ ਜਾਣਕਾਰੀ ਸੀ।
- ਐੱਲ.ਏ.ਓ. ਦੇ ਅਧਿਕਾਰੀ ਲਗਾਤਾਰ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਸੰਪਰਕ ਵਿਚ ਸਨ।

- ਐਸ.ਆਈ.ਏ ਦਾ ਅਧਿਐਨ ਸ਼ੁਰੂ ਹੋਣ ਤੋਂ ਪਹਿਲਾ ਹੀ ਸਥਾਨਕ ਅਤੇ ਕੌਮੀ ਅਖ਼ਬਾਰਾਂ ਵਿੱਚ ਜ਼ਮੀਨ ਪ੍ਰਾਪਤੀ ਸੰਬੰਧੀ ਨੋਟੀਫਿਕੇਸ਼ਨ ਅਤੇ ਐਸ.ਆਈ.ਏ ਹੋਣ ਬਾਰੇ ਜਾਣਕਾਰੀ ਦਿੱਤੀ ਗਈ ਸੀ ।
- ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਖੇਤਰ ਵਿਚ ਐਸ.ਆਈ.ਏ ਕਰਵਾਇਆ ਹੈ ਤਾਂ ਜੋ ਉਹਨਾਂ ਨੂੰ ਪ੍ਰਸਤਾਵਿਤ ਪ੍ਰੋਜੈਕਟ ਬਾਰੇ ਲੋਕਾਂ ਦੀਆਂ ਚਿੰਤਾਵਾਂ ਅਤੇ ਇੱਛਾਵਾਂ ਬਾਰੇ ਸੰਖੇਪ ਜਾਣਕਾਰੀ ਮਿਲ ਸਕੇ ਜਿਸਦੇ ਫਲਸਰੂਪ ਮੁਆਵਜ਼ੇ ਨੂੰ ਪਾਰਦਰਸ਼ੀ ਅਤੇ ਨਿਰਪੱਖ ਤਰੀਕੇ ਨਾਲ ਦਿੱਤਾ ਜਾ ਸਕੇ ।
- ਚੰਡੀਗੜ ਪ੍ਰਸ਼ਾਸਨ ਨੇ ਹਾਸਲ ਕੀਤੀ ਜਾਣ ਵਾਲੀ ਜਮੀਨ ਦਾ ਨਕਸ਼ਾ ਤਿਆਰ ਕੀਤਾ ਤਾਂ ਜੋ ਪ੍ਰੋਜੈਕਟ ਅਧੀਨ ਖੇਤਰ ਹੈ ਉਸ ਨੂੰ ਸਮਝਣ ਵਿਚ ਅਸਾਨੀ ਹੋ ਸਕੇ ।
- ਐਕਟ ਦੇ ਭਾਗ 5 ਦੇ ਅਨੁਸਾਰ ਜਿਥੇ ਵੀ ਸਮਾਜਿਕ ਪ੍ਰਭਾਵ ਮੁਲਾਂਕਣ ਕਰਵਾਇਆ ਜਾਵੇਗਾ (ਭਾਗ 4), ਮੌਜੂਦਾ ਸਰਕਾਰ ਦੁਆਰਾ ਮੀਟਿੰਗ ਦਾ ਸਮਾਂ ,ਸਥਾਨ ਅਤੇ ਤਾਰੀਖ ਬਾਰੇ ਢੁਕਵੀਂ ਜਾਣਕਾਰੀ ਦੇਣ ਤੋਂ ਬਾਅਦ, ਜਨਤਕ ਸੁਣਵਾਈਦੀ ਮੀਟਿੰਗ ਕਰਵਾਉਣਾ ਯਕੀਨੀ ਹੈ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਦੇ ਵਿਚਾਰਾਂ ਬਾਰੇ ਜਾਣਕਾਰੀ ਮਿਲ ਸਕੇ ਅਤੇ ਇਹਨਾਂ ਵਿਚਾਰਾਂ ਨੂੰ ਸਮਾਜਿਕ ਪ੍ਰਭਾਵ ਮੁਲਾਂਕਣ ਦੇ ਰਿਪੋਰਟ ਵਿਚ ਸ਼ਮਲ ਕੀਤਾ ਜਾ ਸਕੇ ।ਇਸ ਲਈ, ਜ਼ਮੀਨ ਪ੍ਰਾਪਤੀ ਦਫਤਰ ਦੇ ਅਧਿਕਾਰੀਆਂ (ਚੰਡੀਗੜ੍ਹ ਪ੍ਰਸ਼ਾਸਨ) ਨਾਲ 10 ਸਤੰਬਰ, 2018 ਨੂੰ ਐਸ.ਆਈ.ਏ ਟੀਮ ਨੇ ਦੋਵਾਂ ਪਿੰਡਾਂ ਵਿੱਚ ਇੱਕ ਜਨਤਕ ਸੁਣਵਾਈ ਦੀ ਬੈਠਕ ਕੀਤੀ ।
- ਮੀਟਿੰਗ ਵਿਚ ਪਿੰਡ ਵਾਸੀਆਂ ਨੇ ਜ਼ਮੀਨ ਦੀ ਪ੍ਰਾਪਤੀ ਅਤੇ ਮੁਆਵਜੇ ਬਾਰੇ ਚਿੰਤਾ ਦਾ ਪ੍ਰਗਟਾਵਾ ਕੀਤਾ।ਜਨਤਕ ਸੁਣਵਾਈ ਦੀ ਮੀਟਿੰਗ ਨੇ ਪ੍ਰਭਾਵਿਤ ਲੋਕਾਂ ਨੂੰ ਇੱਕ ਅਜਿਹਾ ਮੰਚ ਦਿੱਤਾ ਜਿਥੇ ਉਹ ਆਪਣੀਆਂਮੁਸ਼ਕਿਲਾਂ ਅਤੇ ਮੁੱਦਿਆਂ ਬਾਰੇ ਖੁੱਲ ਕੇ ਗੱਲ ਕਰ ਸਕਦੇ ਸਨ ਅਤੇ ਚੰਡੀਗੜ ਪ੍ਰਸ਼ਾਸਨ ਅਧਿਕਾਰੀਆਂ ਨਾਲ ਆਪਣੀਨਾਰਾਜ਼ਗੀ ਜ਼ਾਹਿਰ ਕਰ ਸਕਦੇ ਸਨ।

ਪ੍ਰਸਤਾਵਿਤ ਬਾਈਪਾਸ ਪ੍ਰਜੈਕਟ ਦੇ ਪ੍ਰਭਾਵ ਅਤੇ ਮੁਮਕਿਨ ਉਪਾਅ ਹੇਠਾਂ ਦਿੱਤੀ ਸਾਰਣੀ ਵਿੱਚ ਦਰਜ ਹਨ :

## ਸਾਰਣੀ14.1: ਪ੍ਰਸਤਾਵਿਤ ਬਾਈਪਾਸ ਪ੍ਰਜੈਕਟ ਦੇ ਪ੍ਰਭਾਵ ਅਤੇ ਉਪਾਅ

| ਲੜੀ ਨੰਬਰ | ਪ੍ਰਭਾਵ | ਸਥਿਤੀ | ਸੰਭਵ ਉਪਚਾਰ ਉਪਾਅ ਜਿਨ੍ਹਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਲਿਆ ਜਾ ਸਕਦਾ ਹੈ (RFCTLARR ਐਕਟ 2013 ਦੇ ਅਨੁਸਾਰ ) * |
|---|---|---|---|
| 1. | ਖੇਤੀਬਾੜੀ ਜ਼ਮੀਨ ਦਾ ਨੁਕਸਾਨ | ਹਾਂ, ਸਿਧੇ ਤੌਰ ਤੇ ਪ੍ਰਭਾਵਿਤ ,ਹਿੱਸੇਦਾਰਾਂ ਦੀ ਖੇਤੀਬਾੜੀ ਵਾਲੀ ਜਮੀਨ ਪ੍ਰੋਜੈਕਟ ਪ੍ਰਭਾਵਿਤ ਖੇਤਰ ਦੇ ਅਧੀਨ ਆ ਰਹੀ ਹੈ | ਯੋਗ ਅਤੇ ਉਚਿੱਤ ਮੁਆਵਜ਼ਾ |
| 2. | ਉਸਾਰੂ ਇਮਾਰਤਾਂ ਦਾ ਨੁਕਸਾਨ | ਕੋਈ ਨਹੀਂ | -- |
| 3. | ਰੁਜ਼ਗਾਰ ਦਾ ਨੁਕਸਾਨ | ਹਾਂ, ਇਹ ਖੇਤੀਬਾੜੀ ਵਾਲੀ ਜ਼ਮੀਨ ਉਹਨਾਂ ਦੀ ਆਮਦਨ ਦਾ ਮੁਖ ਸਰੋਤ ਹੈ। | ਹੁਨਰ ਵਿਕਾਸ ਪ੍ਰੋਗਰਾਮ<br>ਹੋਰ ਰੋਜ਼ਗਾਰ ਦੇ ਮੌਕੇ<br>ਨੌਕਰੀ ਵਿਚ ਰਾਖਵਾਂ ਕੋਟਾ |
| 7. | ਸਭਿਆਚਾਰਕ ਸੰਪੱਤੀ ਦਾ ਨੁਕਸਾਨ | ਐਸ.ਆਈ.ਏ ਅਧਿਐਨ ਦੇ ਤਹਿਤ ਇਕੱਤਰ ਕੀਤੇ ਗਏ ਅੰਕੜਿਆਂ ਅਨੁਸਾਰ ਸਭਿਆਚਾਰਕ ਸੰਪਤੀ ਦਾ ਕੋਈ ਨੁਕਸਾਨ ਨਹੀਂ | -- |
| 8 | ਰੁੱਖਾਂ ਦਾ ਨੁਕਸਾਨ | ਹਾਂ, ਪਰ ਕੋਈ ਠੋਸ ਅੰਕੜੇ ਉਪਲਬਧ ਨਹੀਂ | ਰੁੱਖ ਦੇ ਨੁਕਸਾਨ ਲਈ ਵਣਰੋਪਣ / ਮੁਆਵਜ਼ਾ |

*ਸਾਰੇ ਸੰਭਵ ਉਪਾਅ ਐਕਟ ਦੇ ਨਿਯਮਾਂ ਦੇ ਮੁਤਾਬਕ

## 14.3 ਐਸ.ਆਈ.ਏ ਟੀਮ ਵੱਲੋਂ ਕੀਤੀਆਂ ਸਿਫਾਰਸ਼ਾਂ

ਮੌਜੂਦਾ ਐਸ.ਆਈ.ਏ. ਦਾ ਅਧਿਐਨ ਇਕ ਸੰਪੂਰਨ ਨਜ਼ਰੀਏ ਨਾਲ ਸੰਚਾਲਿਤ ਕੀਤਾ ਗਿਆ ਹੈ ਅਤੇ ਇਹ ਪ੍ਰਸਤਾਵਿਤ ਬਾਈਪਾਸ ਪ੍ਰੋਜੈਕਟ ਦੇ ਸਕਾਰਾਤਮਕ ਪ੍ਰਭਾਵਾਂ ਦੇ ਨਾਲ-ਨਾਲ ਨਕਾਰਾਤਮਕ ਪ੍ਰਭਾਵਾਂ ਨੂੰ ਵੀ ਉਜਾਗਰ ਕਰਦਾ ਹੈ।ਇਸਤੋਂ ਇਲਾਵਾ, ਹਿੱਸੇਦਾਰਾਂ ਦੁਆਰਾ ਉਠਾਏ ਕੁਝ ਪ੍ਰਮੁੱਖ ਮੁੱਦੇ ਅਤੇ ਚਿੰਤਾਵਾਂ ਨੂੰ ਵੀ ਇਸ ਵਿਚ ਪ੍ਰਗਟ ਕੀਤਾ ਗਿਆ ਹੈ (ਅਧਿਆਇ 13 ਵਿਚ ਵੀ ਵੇਰਵਾ ਦਿੱਤਾ ਗਿਆ ਹੈ )।ਇਨ੍ਹਾਂ ਨੂੰ ਪਿਛਲੇ ਅਧਿਆਇ ਵਿਚ ਵੀ ਵਿਸਥਾਰਪੂਰਵਕ ਵਿਚਾਰਿਆ ਗਿਆ ਹੈ ਅਤੇ ਮੌਜੂਦਾ ਪ੍ਰੋਜੈਕਟ ਨੂੰ ਲਾਗੂ ਕਰਦੇ ਸਮੇਂ ਅਤੇ ਸਬੰਧਤ ਉਪਚਾਰ ਯੋਜਨਾਵਾਂ ਬਣਾਉਂਦੇ ਸਮੇਂ ਅਧਿਕਾਰੀਆਂ ਨੂੰ ਇਹਨਾਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ।ਐਸ.ਆਈ.ਏ. ਦੀ ਟੀਮ ਨੇ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਗੱਲ-ਬਾਤ ਕਰਕੇ ,ਖੇਤਰ ਦਾ ਨਿਰੀਖਣ ਕਰਕੇ ਅਤੇ ਹੋਰ ਮਾਨਵ-

ਵਿਗਿਆਨਕ ਵਿਧੀਆਂ ਦੇ ਨਾਲ ਅੰਕੜੇ ਇਕੱਤਰ ਕੀਤੇ ਅਤੇ ਉਤਰਦਾਤਾਵਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਕੁਝ ਸਿਫਾਰਸ਼ਾਂ ਦੀ ਤਜਵੀਜ਼ ਕੀਤੀ ।

ਜ਼ਮੀਨ ਦੇ ਨਾਲ ਲਗਾਵ ਦੀ ਪੈਸੇ ਦੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ । ਹਾਲਾਂਕਿ, ਸੰਬੰਧਤ ਅਧਿਕਾਰੀਆਂ ਦੁਆਰਾ ਇਸ ਦਰਦ ਅਤੇ ਝਗੜੇ ਨੂੰ ਘੱਟ ਕੀਤਾ ਜਾ ਸਕਦਾ ਹੈ, ਜੇ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਨੂੰ ਉਹਨਾਂ ਦੀ ਜ਼ਮੀਨ ਦੇ ਬਦਲੇ ਉਚਿੱਤ ਮੁਆਵਜ਼ਾ ਰਕਮ ਦਿੱਤੀ ਜਾਵੇ (ਐਕਟ ਦੇ ਉਪਬੰਧਾਂ ਅਨੁਸਾਰ) ।ਆਮਦਨ ਅਤੇ ਰੋਜ਼ਗਾਰ ਦੇ ਨੁਕਸਾਨ ਦੀ ਪੂਰਤੀ ਕਰਨ ਲਈ ਯੋਗ ਮੁਆਵਜ਼ਾ ਰਕਮ ਦਿੱਤੀ ਜਾਣੀ ਚਾਹੀਦੀ ਹੈ ।ਇਸ ਤੋਂ ਇਲਾਵਾ, ਮੁਆਵਜ਼ੇ ਦੇ ਬਾਰੇ ਫੈਸਲਾ ਲੈਣ ਤੋਂ ਪਹਿਲਾਂ, ਜ਼ਮੀਨ ਮਾਲਕਾਂ  ਦੁਆਰਾ ਰੱਖੀਆਂ ਗਈਆਂ ਸੰਭਵ ਅਤੇ ਯਥਾਰਥਵਾਦੀ ਮੰਗਾਂ ਨੂੰ ਢੁਕਵੀਂ ਮਹੱਤਤਾ ਵੀ ਦਿੱਤੀ ਜਾਣੀ ਚਾਹੀਦੀ ਹੈ ।

- ਜੇ ਪਰਿਵਾਰ ਵਿਚ ਕੋਈ ਵੀ ਨੌਕਰੀ ਕਰਨ ਵਾਲਾ ਮੈਂਬਰ ਨਹੀਂ ਹੈ ਅਤੇ ਸਾਰਾ  ਪਰਿਵਾਰ ਰੋਜ਼ੀ-ਰੋਟੀ ਲਈ ਕੇਵਲ ਜ਼ਮੀਨ 'ਤੇ ਨਿਰਭਰ ਹੈ ਤਾਂ ਉਨ੍ਹਾਂ ਲਈ ਕੁਝ ਖਾਸ ਵਿਵਸਥਾ ਵਿਕਸਤ ਕੀਤੀ ਜਾ ਸਕਦੀ ਹੈ
- ਕਿਉਂਕਿ ਇਹ ਪ੍ਰੋਜੈਕਟ ਯੂ.ਟੀ ਸਰਕਾਰ ਦੇ ਅਧਿਕਾਰ ਖੇਤਰ ਦੇ ਅਧੀਨ ਹੈ, ਇਸ ਲਈ, ਜੇ ਸੰਭਵ ਹੋਵੇ ਤਾਂ ਉਚਿਤ ਅਤੇ ਤਸੱਲੀਬਖ਼ਸ਼ ਮੁਆਵਜ਼ਾ ਸਮੇਂ 'ਤੇ ਜਾਰੀ ਕੀਤਾ ਜਾਣਾ ਚਾਹੀਦਾ ਹੈ ਅਤੇ ਭੁਗਤਾਨ ਵੀ ਇਕ ਵਾਰ ਵਿਚ ਬਿਨਾ ਕਿਸੇ ਪਰੇਸ਼ਾਨੀ ਦੇ ਕਰ ਦਿੱਤਾ ਜਾਣਾ ਚਾਹੀਦਾ ਹੈ ।
- ਮੁਆਵਜ਼ਾ ਯੋਜਨਾ ਵਿਚ ਪ੍ਰਭਾਵਿਤ ਜ਼ਮੀਨ 'ਤੇ ਚਾਰਾ ਅਤੇ ਦਰੱਖਤਾਂ ਦੇ ਨੁਕਸਾਨ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ ।
- ਐਸ.ਆਈ.ਏ ,ਚੰਡੀਗੜ ਪ੍ਰਸ਼ਾਸਨ ਦੁਆਰਾ ਪ੍ਰਾਪਤ ਕੀਤੀ ਜਾ ਰਹੀ ਜ਼ਮੀਨ ਦੀ ਦਰ ਦਾ ਫੈਸਲਾ ਜਾਂ ਰਾਏ ਦੇਣ ਦੇ ਸਮਰੱਥ ਨਹੀਂ ਹੈ । ਇਸਲਈ  ਸਰਕਾਰ ਦੇ ਸਬੰਧਤ ਅਧਿਕਾਰੀਆਂ ਨੂੰ ਜ਼ਮੀਨ ਦੀ ਦਰ ਦਾ ਮੁਲਾਂਕਣ ਕਰਨਾ ਚਾਹੀਦਾ ਹੈ ।
- ਕਿਉਂਕਿ ਉੱਤਰਦਾਤਾ ਇਹ ਮਹਿਸੂਸ ਕਰ ਰਹੇ ਸਨ ਕਿ ਉਹਨਾਂ ਨੂੰ ਹੌਲੀ-ਹੌਲੀ ਚੰਡੀਗੜ੍ਹ ਤੋਂ ਦੂਰ ਕਰ ਦਿੱਤਾ ਜਾ ਰਿਹਾ ਹੈ ਇਸ ਲਈ ਸਰਕਾਰ ਨੂੰ ਉਹਨਾਂ ਦੇ ਪੁਨਰਵਾਸ ਅਤੇ ਮੁੜਵਸੇਵਾ ਯੋਜਨਾ ਲਈ ਖਾਸ ਪ੍ਰਬੰਧ ਕਰਨਾ ਚਾਹੀਦਾ ਹੈ ।
- ਜ਼ਮੀਨ ਮਾਲਕਾਂ ਨੇ ਇਹ ਵੀ ਮੰਗ ਰਾਖੀ ਕਿ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਮੈਂਬਰਾਂ  ਨੂੰ ਉਹਨਾਂ ਦੀ ਯੋਗਤਾ ਅਨੁਸਾਰ ਬਾਈਪਾਸ ਦੀ ਉਸਾਰੀ ਦੌਰਾਨ ਨੌਕਰੀ ਦਿੱਤੀ ਜਾਣੀ ਚਾਹੀਦੀ ਹੈ । ਖੇਤਰੀ ਕੁਸ਼ਲ ਅਤੇ ਅਕੁਸ਼ਲ

ਮਜਦੂਰਾਂ ਨੂੰ ਉਸਾਰੀ ਵਾਲੀ ਥਾਵਾਂ ਤੇ ਕੰਮ ਦੀ ਪਹਿਲ ਦਿੱਤੀ ਜਾਵੇ। ਇਹਨਾਂ ਮੰਗਾਂ ਵੱਲ ਸਰਕਾਰ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ।

- ਡੇਅਰੀ ਫਾਰਮਿੰਗ, ਮੱਛੀ ਪਾਲਣ ਆਦਿ ਵਰਗੇ ਹੁਨਰ ਵਿਕਾਸ ਪ੍ਰੋਗਰਾਮ ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਲਈ ਸ਼ੁਰੂ ਕੀਤੇ ਜਾ ਸਕਦੇ ਹਨ।
- ਕਿਉਂਕਿ ਚੰਡੀਗੜ੍ਹ ਨੂੰ ਸਮਾਰਟ ਸ਼ਹਿਰ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ, ਸਰਕਾਰ ਦੁਆਰਾ ਪ੍ਰਭਾਵਿਤ ਪਿੰਡਾਂ ਵਿਚ ਸਕੂਲਾਂ, ਲਾਇਬ੍ਰੇਰੀਆਂ, ਪਾਰਕਾਂ, ਕਮਿਊਨਿਟੀ ਹਾਲਾਂ ਆਦਿ ਦੇ ਵਿਕਾਸ ਦੁਆਰਾ ਮਾਡਲ ਪਿੰਡਾਂ ਦੀ ਤਰ੍ਹਾਂ ਵਿਕਸਤ ਕਰਨ ਲਈ ਪਹਿਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਬੁਨਿਆਦੀ ਢਾਂਚੇ ਜਿਵੇਂ ਕਿ ਆਵਾਜਾਈ ਸੇਵਾਵਾਂ ਅਤੇ ਪਿੰਡਾਂ ਵਿਚ ਸਿਹਤ ਸਹੂਲਤਾਂ ਆਦਿ ਦੇ ਸੁਧਾਰ ਵੱਲ ਵੀ ਧਿਆਨ ਦਿੱਤਾ ਜਾ ਸਕਦਾ ਹੈ।
- ਕਿਉਂਕਿ ਉੱਤਰਦਾਤਾ ਵਾਰ ਵਾਰ ਜ਼ਮੀਨ ਪ੍ਰਾਪਤੀ ਅਤੇ ਵਿਸਥਾਪਨ ਕਰਕੇ ਪਰੇਸ਼ਾਨ ਸਨ,ਇਸ ਲਈ ਚੰਡੀਗੜ੍ਹ ਪ੍ਰਸ਼ਾਸਨ ਨੂੰ ਭਵਿੱਖ ਵਿਚ ਜ਼ਮੀਨ ਪ੍ਰਾਪਤੀ ਪ੍ਰਕਿਰਿਆਵਾਂ ਲਈ ਪੂਰਵ-ਯੋਜਨਾ (ਜੇ ਸੰਭਵ ਹੋਵੇ) ਬਣਾਉਣੀ ਚਾਹੀਦੀ ਹੈ।
- ਐਕਟ ਵਿਚ ਜ਼ਿਕਰ ਕੀਤੇ ਗਏ ਹੋਰ ਲਾਭ ਵੀ ਉਨ੍ਹਾਂ ਨੂੰ ਦਿੱਤੇ ਜਾਣੇ ਚਾਹੀਦੇ ਹਨ।

## 14.4 ਨਿਗਰਾਨੀ ਅਤੇ ਮੁਲਾਂਕਣ

ਪ੍ਰੋਜੈਕਟ ਦੇ ਮੁਲਾਂਕਣ ਅਤੇ ਇਸ ਸੰਬੰਧੀ ਹੋਰ ਮੁੱਦਿਆਂ ਵੱਲ ਪ੍ਰੋਜੈਕਟ ਦੀ ਸ਼ੁਰੂਆਤ ਤੋਂ ਲੈ ਕੇ ਪੂਰਾ ਹੋਣ ਤਕ ਧਿਆਨ ਦੇਣਾ ਚਾਹੀਦਾ ਹੈ।

## ਸਿੱਟਾ

ਹਰ ਪ੍ਰੋਜੈਕਟ ਦੇ ਆਪਣੇ ਲਾਭ ਅਤੇ ਹਾਨੀਆਂ ਹੁੰਦੇ ਹਨ ,ਉਸੇ ਤਰ੍ਹਾਂ ਬਾਈਪਾਸ ਪ੍ਰੋਜੈਕਟ ਦੇ ਵੀ ਆਪਣੇ ਫਾਇਦੇ ਅਤੇ ਨੁਕਸਾਨ ਹਨ। ਇਹ ਪ੍ਰੋਜੈਕਟ ਇਸ ਖੇਤਰ ਵਿਚ ਸਹੂਲਤਾਂ ਦੇ ਸੁਧਾਰ ਲਈ ਲਿਆ ਜਾ ਰਿਹਾ ਇਕ ਕਦਮ ਹੈ ਅਤੇ ਆਉਣ ਵਾਲੇ ਸਮੇਂ ਵਿਚ ਖੇਤਰ, ਸੂਬੇ ਅਤੇ ਦੇਸ਼ ਦੇ ਸਮੁੱਚੇ ਵਿਕਾਸ ਵਿਚ ਯੋਗਦਾਨ ਪਾਵੇਗਾ।ਹਾਲਾਂਕਿ, ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਨੂੰ ਹੋਣ ਵਾਲਿਆਂ ਚੁਣੌਤੀਆਂ , ਸਮੱਸਿਆਵਾਂ ਅਤੇ ਵਿਸਥਾਪਨ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ ਇਸ ਲਈ ਯੂ.ਟੀ ਅਤੇ ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਤੇ ਸਮੁੱਚੇ ਪ੍ਰਬੰਧਨ ਦੇ

ਤਾਲ-ਮੇਲ ਰਾਹੀਂ ਇਹਨਾਂ ਸਮੱਸਿਆਵਾਂ ਦਾ ਉਪਚਾਰ ਅਤੇ ਉਪਾਅ ਕਰਨ ਦੀ ਲੋੜ ਹੈ ।ਭੂਮੀ ਪ੍ਰਾਪਤੀ ਪ੍ਰਕ੍ਰਿਆ ਅਕਸਰ ਪ੍ਰਭਾਵਿਤ ਲੋਕਾਂ ਨੂੰ ਬਾਅਦ ਵਿਚ ਆਪਣੀ ਰਿਵਾਇਤੀ ਰੋਜਗਾਰ ਗਤੀਵਿਧੀਆਂ ਨੂੰ ਜਾਰੀ ਰੱਖਣ ਵਿਚ ਮੁਸ਼ਕਲ ਪੈਦਾ ਕਰਦੀ ਹੈ ।ਪ੍ਰੋਜੈਕਟ ਪ੍ਰਭਾਵਿਤ ਪਰਿਵਾਰਾਂ ਦੇ ਸਰਬਪੱਖੀ ਜੀਵਨ ਪੱਧਰ ਨੂੰ ਸੁਧਾਰਨ ਲਈ ਜਤਨ ਕਰਨਾ ਇਕ ਮੁੱਖ ਮੰਤਵ ਹੈ ।

ਇਸ ਲਈ, ਜੇ ਜ਼ਮੀਨ ਮਾਲਕਾਂ ਦੁਆਰਾ ਦਸੇ ਗਏ ਪ੍ਰੋਜੈਕਟ ਦੇ ਨਕਾਰਾਤਮਕ ਪ੍ਰਭਾਵਾਂ ਦਾ ਉਪਚਾਰ ਕਰ ਲਿਆ ਜਾਵੇ ਤਾਂ ਅੱਗੇ ਆਉਣ ਵਾਲੇ ਸਮੇਂ ਵਿਚ ਸਕਾਰਾਤਮਕ ਪ੍ਰਭਾਵ ਬਹੁਤ ਜ਼ਿਆਦਾ ਹੋਣਗੇ ।